ਕੌਮਾਂਤਰੀ www.amritsartimes.com

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 24 | Issue 250| 21 to 27 Oct. 2026 | Ph.: (+91) 175-291-2461 | Email: asrtimes@gmail.com



# ਨਸ਼ੇ, ਗੈਂਗਸਟਰ ਤੇ ਬੇਲਗਾਮ ਅਪਰਾਧ: ਕਟਹਿਰੇ 'ਚ 'ਆਪ' ਸਰਕਾਰ

## ਅਮਿਤ ਸ਼ਾਹ ਦੀ ਪੰਜਾਬ ਫੇਰੀ: ਇਨਸਾਫ ਦੀ ਗੱਲ ਜਾਂ ਸਿਆਸਤ ਦੀ ਚਾਲ?

## ਝੋਟਾ ਕਤਲ ਕੇਸ 'ਚ ਸੀ.ਬੀ.ਆਈ. ਨੂੰ ਸੱਦਾ, ਪੰਜਾਬ ਸਰਕਾਰ ਦੀ ਸਿਆਸੀ ਚਾਲ ਜਾਂ ਮਜਬੂਰੀ?

ਬਲਰਾਜ ਪੰਨੂੰ

ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਜਿਸ ਕਤਲ ਨੂੰ ਆਪਸੀ ਰੰਜਸ਼ ਦੱਸਦੇ ਸੀ, ਲੰਘੇ ਦਿਨੀਂ ਉਹ ਕੇਸ ਜਾਂਚ ਦੇ ਲਈ ਸੀ.ਬੀ.ਆਈ. ਨੂੰ ਸੌਂਪ ਦਿੱਤਾ ਹੈ। ਉਹੀ ਸੀ.ਬੀ.ਆਈ., ਜਿਸ ਨੂੰ ਪੰਜਾਬ ਸਰਕਾਰ ਬੀਜੇਪੀ ਦਾ ਤੋਤਾ ਆਖਦੀ ਸੀ ਤੇ ਖ਼ਾਹ-ਮਖ਼ਾਹ ਪੰਜਾਬ ਸਰਕਾਰ ਦੇ ਵਿਕਾਸ ਨੂੰ ਢਾਹ ਲਗਾਉਣ ਦੇ ਲਈ ਦਖ਼ਲ-ਅੰਦਾਜ਼ੀ ਦੱਸਦੀ ਸੀ। ਉਸ ਨੂੰ ਖੁਦ ਪੰਜਾਬ ਸਰਕਾਰ ਨੇ ਆਪਣੀਆਂ ਪਰਤਾਂ ਫ਼ਰੋਲਨ ਦੇ ਲਈ ਸੱਦਾ ਦੇ ਦਿੱਤਾ ਹੈ। ਪਤਾ ਨਹੀਂ ਇਹ ਫ਼ੈਸਲਾ ਅਮਿਤ ਸ਼ਾਹ ਦੀ ਫ਼ੇਰੀ ਦੇ ਪ੍ਰਭਾਵ ਹੇਠ ਹੋਇਆ ਜਾਂ ਕੋਈ ਹੋਰ ਸਿਆਸੀ ਚਾਲ ਹੈ। ਪਹਿਲੀ ਗੱਲ ਤਾਂ ਅਮਿਤ ਸ਼ਾਹ ਵੀ ਅਸਲ ਵਿੱਚ ਪੰਜਾਬ ਦੇ ਲੋਕਾਂ ਦੀ 'ਤੜ' ਚੈੱਕ ਕਰਨ ਆਇਆ ਸੀ ਨਾ ਕਿ ਇਨਸਾਫ਼ ਦੇਣ। ਜੇ ਸੱਚਮੁੱਚ ਦਿਲ ਵਿੱਚ ਇਨਸਾਫ਼ ਦੇਣ ਦੀ ਮਨਸ਼ਾ ਹੁੰਦੀ ਤਾਂ ਮਰਹੂਮ ਡਰੱਗ ਇੰਸਪੈਕਟਰ ਸ਼ੋਰੀ ਦੇ ਮਾਂ ਪਿਓ ਨੂੰ ਅਮਿਤ ਸ਼ਾਹ ਨਾਲ ਮੁਲਾਕਾਤ ਕਰਨ ਬਦਲੇ ਧੱਕੇ ਨਾ ਖਾਣੇ ਪੈਂਦੇ। ਇਹ ਉਹੀ ਅਮਿਤ ਸ਼ਾਹ ਹੈ ਜਿਸ ਨੇ ਸਿੱਧੂ ਮੂਸੇ ਵਾਲੇ ਦੇ ਕਤਲ ਤੋਂ ਬਾਅਦ ਉਸ ਦੇ ਪਿਤਾ ਦੇ ਨਾਲ ਬਲਕੌਰ ਸਿੰਘ ਨਾਲ ਮੁਲਾਕਾਤ ਕੀਤੀ ਸੀ। ਬਲਕੌਰ ਸਿੰਘ ਦੇ ਹੱਥ ਜੋੜੀ ਭੁੱਬਾਂ ਮਾਰਦੇ ਦੀ ਵੀਡੀਓ ਵੀ ਇਨ੍ਹਾਂ ਨੇ ਵਾਇਰਲ ਕੀਤੀ ਸੀ। ਉਹ ਵੀਡੀਓ ਇਨਸਾਫ਼ ਦੇਣ ਲਈ ਨਹੀਂ ਬਲਕਿ ਇਹ ਦੱਸਣ ਲਈ ਪਾਈ ਸੀ ਕਿ ਸਾਡੇ ਅੱਗੇ ਕਿੰਝ ਦੁਹਾਈਆਂ ਪਾਈਆਂ ਜਾ ਰਹੀਆਂ ਹਨ। ਰਹੀ ਗੱਲ ਪੰਜਾਬ ਸਰਕਾਰ ਦੀ ਕਿ ਉਨ੍ਹਾਂ ਨੂੰ ਸੀ.ਬੀ.ਆਈ. ਵਾਲਾ ਅੱਕ ਕਿਉਂ ਚੱਬਣਾ ਪਿਆ? ਗੱਲ ਵਿਚਾਰਨ ਵਾਲੀ ਹੈ। ਮਾਨ ਸਰਕਾਰ ਨੇ ਕੀ ਸੋਚ ਕੇ ਫ਼ੈਸਲਾ ਲਿਆ ਹੋਵੇਗਾ ਕਿਉਂਕਿ ਸੀ.ਬੀ.ਆਈ. ਸਿਹਤ ਵਿਭਾਗ, ਡਰੱਗ ਕੰਟਰੋਲਰ, ਡਿਪਟੀ ਕਮਿਸ਼ਨਰ, ਐਸ.ਐਸ.ਪੀ. ਅਤੇ ਹੋਰ ਪਤਾ ਨਹੀਂ ਕਿੰਨਿਆਂ ਕੁ ਨੂੰ ਆਪਣੇ ਦਾਇਰੇ ਵਿੱਚ ਲੈ ਕੇ ਆਵੇਗੀ। ਸੀ.ਬੀ.ਆਈ. ਇਕੱਲੇ ਪਰਵਿੰਦਰ ਸਿੰਘ ਦੇ ਕਤਲ ਦੀ ਜਾਂਚ ਨਹੀਂ ਕਰੇਗਾ ਸਗੋਂ ਸੀ.ਬੀ.ਆਈ. ਦਾ ਰਸਤਾ ਮੋਕਲਾ ਹੋ ਗਿਆ ਹੈ ਪੰਜਾਬ ਸਰਕਾਰ ਤੇ ਅਫ਼ਸਰਸ਼ਾਹੀ ਦੀ ਘੰਡੀ ਮਰੋੜਨ ਦਾ। ਜਿਸ ਇਨਸਾਨ ਦੇ ਉੱਤੇ ਅਨੇਕਾਂ ਪਰਚੇ ਹੋਏ ਹੋਣ ਤੇ ਉਸ ਨੂੰ ਹਥਿਆਰਾਂ ਦਾ ਲਾਈਸੈਂਸ ਦਿੱਤਾ ਜਾਵੇ ਕੀ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨਹੀਂ ਟੰਗੇ ਜਾਣਗੇ? ਸੀ.ਬੀ.ਆਈ. ਜਾਂਚ ਸੱਤਾਧਾਰੀਆਂ ਦੇ ਲਈ ਅਤੇ ਤਸਕਰਾਂ ਦੇ ਲਈ ਬੜੇ ਮੁਸ਼ਕਿਲ ਹਾਲਾਤ ਖੜ੍ਹੇ ਕਰ ਸਕਦੀ ਹੈ ਪਰ ਰੱਬ ਕਰੇ ਪੰਜਾਬ ਦੇ ਲਈ ਇਹ ਹਾਲਾਤ ਸੁਖਾਵੇਂ ਹੋ ਜਾਣ। ਪੁਲਿਸ, ਤਸਕਰਾਂ ਅਤੇ ਸਿਆਸਤਦਾਨਾਂ ਦੀ ਤਿਕੜਮ ਦੇ ਗਠਜੋੜ ਦਾ ਭਾਂਡਾ ਜੇ ਚਾਹੇ ਤਾਂ ਸੀ.ਬੀ.ਆਈ. ਚੁਰਸਤੇ ਵਿੱਚ ਭੰਨ ਸਕਦੀ ਹੈ। ਸੋ ਮਾਨ ਸਰਕਾਰ ਨੇ ਕੌੜਾ ਘੁੱਟ ਭਰ ਹੀ ਲਿਆ ਹੈ।

ਵੈਸੇ ਪੰਜਾਬ ਸਰਕਾਰ ਤੇ ਉਸ ਦਾ ਜੋਟੀਦਾਰ ਕੇਜਰੀਵਾਲ ਨਸ਼ਾ ਮੁਕਤ ਪੰਜਾਬ ਕਰਨ ਦੇ ਲਈ ਪੱਬਾਂ ਭਾਰ ਇਸ਼ਤਿਹਾਰਾਂ ਦੇ ਰਾਹੀਂ ਹੁੰਦੇ ਰਹੇ ਨੇ। ਕਈ ਵਾਅਦੇ ਕੀਤੇ ਅਤੇ ਗੱਲ ਆਈ ਗਈ ਹੋ ਗਈ। 1 ਮਾਰਚ 2025 ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲਾਂਚ ਕੀਤਾ ਤੇ ਬਾਅਦ ਦੇ ਵਿੱਚ ਅੰਕੜੇ ਦਿੱਤੇ ਕਿ ਅਸੀਂ 60 ਹਜ਼ਾਰ 582 ਐਫ਼.ਆਈ. ਆਰ ਦਰਜ਼ ਕਰ ਲਈਆਂ ਹਨ। 79 ਹਜ਼ਾਰ 779 ਸਮਗਲਰ ਗ੍ਰਿਫ਼ਤਾਰ ਕੀਤੇ ਹਨ। 3803 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। 78 ਲੱਖ ਦੇ ਕਰੀਬ ਕੈਪਸੂਲ, ਗੋਲੀਆਂ, ਜੋ ਨਸ਼ੇ ਦੀਆਂ ਸੀ, ਬਰਾਮਦ ਕੀਤੀਆਂ ਹਨ ਪਰ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਝਾੜ ਪਾ ਦਿੱਤੀ ਕਿ ਤੁਸੀਂ ਛੋਟੇ ਮੋਟੇ ਤਸਕਰਾਂ ਨੂੰ ਫ਼ੜਿਆ। ਵੱਡੀਆਂ ਮੱਛੀਆਂ ਤਾਂ ਸ਼ਰੇਆਮ ਗੁੰਡਾਗਰਦੀ 'ਤੇ ਉੱਤਰੀਆਂ ਹੋਈਆਂ ਨੇ। ਇਹ ਠੀਕ ਹੈ ਕਿ ਕੇਜਰੀਵਾਲ ਤੇ ਭਗਵੰਤ ਮਾਨ ਨੇ ਯੋਗੀ ਮਾਡਲ ਅਪਨਾਅ ਕੇ ਸਮਗਲਰਾਂ ਦੇ ਘਰ ਢਾਹੇ, ਜਿਵੇਂ ਕਿ ਤਾਜ਼ਾ ਉਦਾਹਰਨ ਹੈ ਅਸ਼ਵਨੀ ਕੁਮਾਰ ਦਾ ਵੀ 80 ਸਾਲ ਪੁਰਾਣਾ ਘਰ ਢਾਹੁੰਦੇ ਲੋਕਾਂ ਦੇ ਨਾਲ ਲੱਗ ਕੇ ਢਾਹ ਦਿੱਤਾ। ਕੀ ਇਹੋ ਜਿਹੀਆਂ ਹੋਛੀਆਂ ਚਾਲਾਂ ਦੇ ਨਾਲ ਲੋਕਾਂ ਦਾ ਗੁੱਸਾ ਸ਼ਾਂਤ ਹੋ ਜਾਵੇਗਾ? ਏਸ ਨਾਲ ਸਰਕਾਰ ਦੀ ਨਾਕਾਮੀ ਕਦੇ ਵੀ ਨਹੀਂ ਲੁਕੇਗੀ। ਸੋਚੋ ਕਿ ਉੱਥੇ ਕੀ ਹਾਲਾਤ ਹੋਣਗੇ? ਜਦੋਂ ਇੱਕ ਮੰਤਰੀ ਤੋਂ ਨਸ਼ੇ ਸਬੰਧੀ ਸਵਾਲ ਪੁੱਛਿਆ ਜਾਂਦਾ ਹੈ ਤਾਂ ਉਸ ਨੂੰ ਪ੍ਰਸ਼ਾਸਨ ਵੱਲੋਂ ਏਨਾ ਕੁ ਪ੍ਰੇਸ਼ਾਨ ਕੀਤਾ



ਜਾਂਦਾ ਹੈ ਕਿ ਉਸ ਨੂੰ ਸੁਸਾਈਡ ਕਰਨਾ ਪੈ ਸਕਦਾ ਹੈ। ਸਭ ਠੀਕ ਹੈ ਪੰਜਾਬ ਵਿੱਚ ਨਹੀਂ ਕਹਿ ਸਕਦੇ ਕਿਉਂਕਿ ਵਾੜ ਖੇਤ ਨੂੰ ਖਾਣ ਵਾਲਾ ਮਾਹੌਲ ਬਣਿਆ ਹੋਇਆ ਹੈ। ਐਂਟੀ ਡਰੱਗ ਯੂਨਿਟ ਦਾ ਮੁਲਾਜ਼ਮ 15 ਕਿਲੋਗ੍ਰਾਮ ਹੈਰੋਇਨ ਦੇ ਨਾਲ ਫ਼ੜਿਆ ਜਾਂਦਾ ਹੈ। ਇਹ ਉਹੀ ਯੂਨਿਟ ਹੈ ਜੋ ਬਾਰਡਰ 'ਤੇ ਡਰੋਨ ਰਾਹੀਂ ਹੁੰਦੀ ਤਸਕਰੀ ਨੂੰ ਰੋਕਣ ਦੇ ਲਈ ਤੈਨਾਤ ਹੁੰਦਾ ਹੈ। ਕਿਧਰੇ ਜੇਲ੍ਹ ਦਾ ਸੁਪਰਡੈਂਟ ਕੈਦੀਆਂ ਨੂੰ ਨਸ਼ਾ ਸਪਲਾਈ ਕਰ ਰਿਹਾ ਹੈ। ਲਾਅ ਐਂਡ ਆਰਡਰ ਦੀ ਸਥਿਤੀ ਕੋਈ ਬਹੁਤੀ ਠੀਕ ਨਹੀਂ ਹੈ। ਕਈ ਮਾੜੇ ਦਿਲ ਵਾਲੇ ਬੁੱਧੀਜੀਵੀ ਤਾਂ ਇੱਥੋਂ ਤੱਕ ਆਖ ਦਿੰਦੇ ਨੇ ਕਿ ਨੱਬੇ ਦੇ ਦਹਾਕੇ ਜਿਵੇਂ ਬਿਹਾਰ ਸੀ, ਉਸ ਵਰਗਾ ਮਾਹੌਲ ਹੈ। ਉਦਾਹਰਨਾਂ ਕਈ ਹਨ ਨਾਕਾਮੀ ਦੀਆਂ, ਜਿਵੇਂ ਲਵਲੀ ਯੂਨੀਵਰਸਿਟੀ ਵਿੱਚ ਪੁਲਿਸ, ਨੇਤਾ ਤੇ ਪ੍ਰਸ਼ਾਸਨ ਦੇ ਲੱਖ ਯਤਨਾਂ ਨਾਲ ਵੀ ਅੱਗ ਦੀਆਂ ਲਾਟਾਂ ਮੱਧਮ ਨਹੀਂ ਪਈਆਂ ਸੀ। ਇਹ ਤਿਕੜਮ ਗੋਲ਼ਾਬਾਰੀ ਤੇ ਗੁੰਡਾਗਰਦੀ ਨੂੰ ਰੋਕ ਨਹੀਂ ਸਕੇ। ਇਹ ਸਾਰੀਆਂ ਘਟਨਾਵਾਂ ਓਸ ਪਾਰਟੀ ਦੇ ਰਾਜ ਵਿੱਚ ਹੋ ਰਹੀਆਂ ਨੇ ਜੋ ਸਾਢੇ ਚਾਰ ਸਾਲ ਤੋਂ ਗੀਤ ਗਾਉਂਦੀ ਆ ਰਹੀ ਹੈ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਅਸੀਂ ਠੀਕ ਕਰ ਦਿਆਂਗੇ, ਨਸ਼ਾ ਮੁਕਤ ਪੰਜਾਬ ਕਰਾਂਗੇ ਤੇ ਅਸੀਂ ਬੀਜੇਪੀ, ਕਾਂਗਰਸ ਤੇ ਅਕਾਲੀਆਂ ਤੋਂ ਬਿਲਕੁਲ ਵੱਖਰੇ ਹਾਂ ਪਰ ਹੁਣ ਪਰਵਿੰਦਰ ਸਿੰਘ ਦੇ ਕਤਲ ਨੇ ਪੂਰੀ ਸਟੇਟ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਗਵੰਤ ਮਾਨ ਨੂੰ ਕਹਿਣਾ ਪਿਆ ਕਿ ਪੁਲਿਸ ਪ੍ਰਸ਼ਾਸਨ ਇਸ ਮਾਮਲੇ ਵਿੱਚ ਕੋਈ ਕਸਰ ਨਹੀਂ ਛੱਡੇਗਾ। ਇਹ ਸੱਚ ਹੈ ਕਿ ਕਸਰ ਛੱਡੀ ਵੀ ਕੋਈ ਨਹੀਂ ਕਿਉਂਕਿ ਵਿੱਤ ਮੰਤਰੀ ਤੱਕ ਇਸ ਨੂੰ ਆਪਸੀ ਰੰਜਸ਼ ਕਹਿੰਦੇ ਸੁਣਿਆ ਗਿਆ। ਨਸ਼ੇ ਦਾ ਮਸਲਾ ਕੋਈ ਨਵਾਂ ਨਹੀਂ ਹੈ। ਇਹ ਹੋਰਾਂ ਸਰਕਾਰਾਂ ਵੇਲੇ ਵੀ ਮੁੱਦਾ ਉਭਰਦਾ ਰਿਹਾ ਪਰ ਲੋਕਾਂ ਨੇ ਆਪ ਸਰਕਾਰ ਨੂੰ ਨਸ਼ਾ ਖਤਮ ਕਰਨ ਲਈ ਚੁਣਿਆ ਸੀ। ਸਾਢੇ ਚਾਰ ਸਾਲ ਬੀਤ ਗਏ ਨਸ਼ਾ ਬੰਦ ਤਾਂ ਕੀ ਹੋਣਾ ਸੀ ਹਾਲਾਤ ਬਦ ਤੋਂ ਬਦਤਰ ਹੋ ਗਏ ਤੇ ਸਵਾਲ ਪੁੱਛਣ ਵਾਲਿਆਂ ਨੂੰ ਹੀ ਮਾਰਨਾ ਸ਼ੁਰੂ ਕਰ ਦਿੱਤਾ। ਭਗਵੰਤ ਮਾਨ ਨੇ 15 ਅਗਸਤ 2023 ਨੂੰ ਪਟਿਆਲੇ ਵਿੱਚ ਕਿਹਾ ਕਿ ਅਗਲੇ 15 ਅਗਸਤ ਤੱਕ ਚਿੱਟੇ ਦਾ ਕਲੰਕ ਧੋ ਦੇਵਾਂਗੇ ਪਰ ਇਹ ਡੈੱਡ ਲਾਈਨ 'ਤੇ ਉਹ ਖਰੇ ਨਹੀਂ ਉੱਤਰੇ। ਫ਼ੇਰ ਇਹਨਾਂ ਦੇ ਲੀਡਰ ਕੁਲਦੀਪ ਧਾਲੀਵਾਲ ਨੇ ਕਿਹਾ ਅਪ੍ਰੈਲ 2024 ਵਿੱਚ ਕਿ 31 ਦਸੰਬਰ 2024 ਤੱਕ ਨਸ਼ਾ ਬਿਲਕੁਲ ਖ਼ਤਮ। ਫ਼ੇਰ ਉਸ ਤੋਂ ਬਾਅਦ ਦੇ ਵਿੱਚ ਮਾਰਚ 2025 ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕਰ ਦਿੱਤਾ ਪਰ ਹੁਣ ਹੈਰਾਨੀ ਦੀ ਗੱਲ ਹੈ ਕਿ ਸਾਢੇ ਚਾਰ ਸਾਲ ਬਾਅਦ ਸਰਕਾਰ ਨੂੰ ਪੰਜਾਬ ਦੇ ਵਿੱਚ ਨਸ਼ੇ ਦੀ ਸਮੱਸਿਆ ਦੇ ਪੈਮਾਨੇ ਨੂੰ ਨਾਪਣਾ ਸ਼ੁਰੂ ਕੀਤਾ ਹੈ ਤੇ 28 ਹਜ਼ਾਰ ਕਰਮਚਾਰੀਆਂ ਨੂੰ 65 ਲੱਖ ਪਰਿਵਾਰਾਂ ਨੂੰ ਜਾਂਚਣ ਦੇ ਲਈ ਲਗਾ ਦਿੱਤਾ ਹੈ।

ਦੂਜੇ ਪਾਸੇ ਸਮਗਲਰਾਂ ਨਾਲੋਂ ਵੱਧ ਪੰਜਾਬ ਪੁਲਿਸ ਦੇ ਨਕਾਬ ਉੱਤਰ ਰਹੇ ਨੇ। ਪੰਜਾਬ ਪੁਲਿਸ ਦੀ ਅਮਨਦੀਪ ਕੌਰ ਕੋਲੋਂ 17.71 ਗ੍ਰਾਮ ਹੈਰੋਇਨ ਫ਼ੜੀ ਗਈ। ਹੁਸ਼ਿਆਰਪੁਰ ਜੇਲ੍ਹ ਨਸ਼ਾ ਸਮਗਲਿੰਗ ਦੇ ਕਰਕੇ ਚਰਚਾ ਵਿੱਚ ਰਹੀ ਹੈ। ਹਾਲਾਂ ਕਿ ਮਾਨ ਸਰਕਾਰ ਦਾ ਇਹ ਚੰਗਾ ਕਦਮ ਸੀ ਕਿਉਂਕਿ ਉਹਨਾਂ ਨੇ ਦਸ ਹਜ਼ਾਰ ਦੇ ਕਰੀਬ ਪੁਲਿਸ ਵਾਲਿਆਂ ਦਾ ਤਬਾਦਲਾ ਕੀਤਾ ਤੇ ਮੰਨਿਆ ਕਿ ਨਸ਼ਾ ਤਸਕਰਾਂ ਤੇ ਪੁਲਿਸ ਦੇ ਵਿੱਚ ਜੁਗਲਬੰਦੀ ਖਤਮ ਕਰਨੀ ਹੈ। ਦਿੱਲੀ ਦੇ ਵਿੱਚ ਆਮ ਆਦਮੀ ਪਾਰਟੀ ਨੂੰ ਲਾਅ ਐਂਡ ਆਰਡਰ ਦੀ ਜ਼ਿੰਮੇਵਾਰੀ ਮਿਲੀ ਨਹੀਂ ਤੇ ਪੰਜਾਬ ਦੇ ਵਿਚੋਂ ਇਹ ਹੱਥਾਂ ਵਿਚੋਂ ਖਿਸਕਦੀ ਜਾਪਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਚਾਰ ਦਿਨ ਬਾਅਦ ਹੀ ਏਨਾ ਦੇ ਮੱਥੇ ਦੇ ਉੱਤੇ ਕਲੰਕ ਦਾ ਟਿੱਕਾ ਲੱਗ ਗਿਆ ਸੀ ਜਦੋਂ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। 9 ਮਈ ਨੂੰ ਮੋਹਾਲੀ ਵਿੱਚ ਪੰਜਾਬ ਪੁਲਿਸ ਦੇ ਹੈੱਡ ਕੁਆਟਰ 'ਤੇ ਗ੍ਰਨੇਡ ਸੁੱਟਿਆ ਜਾਂਦਾ ਹੈ। 29 ਮਈ ਨੂੰ ਦਿਨ ਦਿਹਾੜੇ ਸਿੱਧੂ ਮੂਸੇਵਾਲਾ ਦਾ ਕਤਲ ਹੋ ਜਾਂਦਾ ਹੈ ਤੇ ਉਹ ਵੀ ਉਦੋਂ ਜਦੋਂ ਇੱਕ ਦਿਨ ਪਹਿਲਾਂ ਉਸ ਤੋਂ ਸਿਕਿਓਰਟੀ ਵਾਪਸ ਲਈ ਗਈ ਸੀ ਤੇ ਲੋਕਾਂ ਨੇ ਅੱਜ ਤੱਕ 'ਆਪ' ਸਰਕਾਰ ਨੂੰ ਏਸ ਗੱਲ ਲਈ ਮਾਫ਼ ਨਹੀਂ ਕੀਤਾ। ਇਸ ਤੋਂ ਬਾਅਦ ਸ਼ਿਵ ਸੈਨਾ ਲੀਡਰ ਸੁਧੀਰ ਸੂਰੀ ਨੂੰ ਅੰਮ੍ਰਿਤਸਰ ਦੇ ਭਰੇ ਬਾਜ਼ਾਰ ਦੇ ਵਿੱਚ 10 -12 ਸਿਕਿਓਰਟੀ ਗਾਰਡਾਂ ਦੇ ਵਿਚੋਂ ਹੀ ਮਾਰ ਦਿੱਤਾ ਜਾਂਦਾ ਹੈ। ਪਰ ਲੋਕਾਂ ਨੇ ਸੋਚਿਆ ਕਿ ਹੋਲੀ ਹੋਲੀ ਸਭ ਸਹੀ ਹੋ ਜਾਵੇਗਾ ਪਰ ਉਡੀਕ ਕਰਦੇ ਕਰਦੇ ਸਾਢੇ ਚਾਰ ਸਾਲ ਨਿਕਲ ਗਏ। ਪਿਛਲੇ 6 ਮਹੀਨਿਆਂ ਦੇ ਰਿਕਾਰਡ 'ਤੇ ਨਜ਼ਰ ਮਾਰੀਏ ਤਾਂ 24 ਮਈ ਨੂੰ ਅੰਮ੍ਰਿਤਸਰ ਵਿੱਚ ਪੰਜਾਬ ਪੁਲਿਸ ਦੇ ਏ. ਐਸ.ਆਈ ਜੋਗਾ ਸਿੰਘ ਨੂੰ ਮਾਰ ਦਿੱਤਾ ਜਾਂਦਾ ਹੈ। 8 ਜੁਲਾਈ ਨੂੰ ਮੋਗਾ ਦੇ ਸਦਰ ਪੁਲਿਸ ਸਟੇਸ਼ਨ 'ਤੇ ਮੋਟਰ ਸਾਇਕਲ ਸਵਾਰਾਂ ਦੇ ਵੱਲੋਂ ਗ੍ਰਨੇਡ ਸੁੱਟਿਆ ਜਾਂਦਾ ਹੈ। 11 ਸਤੰਬਰ ਨੂੰ ਤਰਨ ਤਾਰਨ ਵਿੱਚ ਅਜਮੀਤ ਸਿੰਘ ਨੂੰ ਗੋਲੀਆਂ ਦੇ ਨਾਲ ਭੁੰਨ ਦਿੱਤਾ ਜਾਂਦਾ ਹੈ ਤੇ ਫ਼ੇਰ ਏ.ਐਸ.ਆਈ ਇਕਬਾਲ ਸਿੰਘ ਦਾ ਕਤਲ ਹੋ ਜਾਂਦਾ ਹੈ। ਤੇ ਹਾਲੇ ਦਸ ਕੁ ਦਿਨ ਪਹਿਲਾਂ ਦੀ ਗੱਲ ਹੈ ਕਿ 19 ਸਤੰਬਰ ਨੂੰ

ਪੁਲਿਸ ਕਸਟੱਡੀ ਵਿਚੋਂ ਇੱਕ ਮੁਜਰਮ ਭੱਜ ਜਾਂਦਾ ਹੈ। ਇਹ ਹਾਲ ਹੈ ਲਾਅ ਐਂਡ ਆਰਡਰ ਦਾ। ਆਖ਼ਰੀ ਗੱਲ ਪੀ.ਐਲ.ਐਫ਼.ਐਸ. ਦੀ ਰਿਪੋਰਟ ਦੀ ਕਰਦੇ ਹਾਂ ਉਸ ਦਾ ਡਾਟਾ ਦਿਖਾਉਂਦਾ ਹੈ ਕਿ 2023-24 ਦੇ ਵਿੱਚ ਪੰਜਾਬ ਵਿੱਚ 30 ਸਾਲ ਤੱਕ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 19 ਫ਼ੀਸਦੀ ਸੀ ਜਦੋਂ ਕਿ ਪੂਰੇ ਭਾਰਤ ਦੀ ਦਰ 10.2 ਫ਼ੀਸਦੀ ਹੈ। ਫ਼ਿਰ 'ਆਪ' ਪਾਰਟੀ ਆਈ ਤਾਂ ਇੱਕ ਉਮੀਦ ਜਾਗੀ ਪਰ ਜਦੋਂ ਜੁਲਾਈ 2025 ਦਾ ਡਾਟਾ ਵੇਖਦੇ ਹਾਂ ਤਾਂ ਬੇਰੁਜ਼ਗਾਰੀ ਦੀ ਦਰ 18.9 ਫ਼ੀਸਦੀ ਹੈ। 'ਨੀਟ' ਦੇ ਮੁੱਦੇ 'ਤੇ ਕੇਜਰੀਵਾਲ ਬੜੇ ਖੁੱਲ੍ਹ ਕੇ ਬੋਲੇ ਸੀ, ਸੋਚਿਆ ਹੋਣਾ ਕਿ ਪੰਜਾਬ ਵਿੱਚ ਪੇਪਰ ਲੀਕ ਦਾ ਕੋਈ ਮੁੱਦਾ ਨਹੀਂ ਹੈ ਪਰ ਜਦੋਂ ਦਿਨ ਪੁੱਠੇ ਹੋਣ ਤਾਂ ਪੰਜਾਬ ਵਿੱਚ ਨਾਇਬ ਤਹਿਸੀਲਦਾਰ ਭਰਤੀ ਦੇ ਵਿੱਚ ਨਕਲ ਕਰਵਾਉਣ ਵਾਲਾ ਗੈਂਗ ਫ਼ੜਿਆ ਜਾਂਦਾ ਹੈ। ਜਿਨ੍ਹਾਂ ਨੇ ਉਮੀਦਵਾਰਾਂ ਤੋਂ 20-20 ਲੱਖ ਰੁਪਏ ਬਟੋਰੇ ਹੋਏ ਸੀ ਫ਼ੇਰ ਏ.ਡੀ.ਓ. ਦਾ ਪੇਪਰ ਲੀਕ ਹੁੰਦਾ ਹੈ। ਟੈਟ ਦਾ ਪੇਪਰ ਮੁਲਤਵੀ ਹੋ ਜਾਂਦਾ ਹੈ। ਮਾਰਚ 2022 ਵਿੱਚ ਜਦੋਂ ਸਰਕਾਰ ਨੇ ਕਮਾਂਡ ਸੰਭਾਲੀ ਸੀ ਤਾਂ ਪੰਜਾਬ ਸਿਰ ਕਰਜ਼ਾ 2.83 ਲੱਖ ਕਰੋੜ ਸੀ, ਅੱਜ ਓਹੀ ਕਰਜ਼ਾ 4.17 ਲੱਖ ਕਰੋੜ ਹੈ। ਇਸ ਸਾਰੀ ਸਥਿਤੀ ਤੋਂ ਪਤਾ ਚੱਲਦਾ ਹੈ ਕਿ ਦਿੱਲੀ ਵਿੱਚ ਸਰਕਾਰ ਜਾਣ ਤੋਂ ਬਾਅਦ ਪੰਜਾਬ ਦੇ ਵਿੱਚ ਵੀ ਆਪ ਪਾਰਟੀ ਦਾ ਕੋਈ ਵਧੀਆ ਰਿਪੋਰਟ ਕਾਰਡ ਨਹੀਂ ਰਿਹਾ। ਨੌਕਰੀਆਂ, ਸਿੱਖਿਆ ਵਰਗੇ ਮੁੱਦਿਆਂ 'ਤੇ ਇਹ ਸਰਕਾਰ ਬੀਜੇਪੀ ਨੂੰ ਘੇਰਦੀ ਰਹੀ ਹੈ ਪਰ ਆਪ ਵੀ ਉਸੇ ਜਾਲ ਦੀਆਂ ਘੁੰਮਣ ਘੇਰੀਆਂ ਦੇ ਵਿੱਚ ਫ਼ਸ ਚੁੱਕੀ ਹੈ। ਹਾਲ ਦੀ ਘੜੀ ਸਰਕਾਰ ਬੀਜੇਪੀ ਦੇ ਰਾਹ 'ਤੇ ਹੈ। ਓਹੀ ਮੀਡੀਆ 'ਤੇ ਫ਼ੋਕਸ, ਸਵਾਲਾਂ ਤੋਂ ਭੱਜਣਾ, ਇਸ਼ਤਿਹਾਰਬਾਜ਼ੀ ਕਰਨਾ ਤੇ ਇੱਕ ਬੇਲੁਗਾਮੀ ਜੁਬਾਨ ਵਾਲਾ ਆਈ.ਟੀ. ਸੈਲ ਲੋਕਾਂ ਨੂੰ ਗਾਲ੍ਹਾਂ ਕੱਢਣ ਦੇ ਲਈ ਜਿਉਂਦਾ ਰੱਖਣਾ। ਚੋਣਾਂ ਨੇੜੇ ਨੇ। 'ਆਪ' ਸਰਕਾਰ ਪਤਾ ਨਹੀਂ ਜਿਉਂਦੀ ਰਹਿੰਦੀ ਹੈ ਕਿ ਨਹੀਂ ਪਰ ਪੰਜਾਬ ਹਮੇਸ਼ਾ ਜਿਉਂਦਾ, ਜਿੰਦਾ ਦਿਲ ਤੇ ਚੜ੍ਹਦੀਕਲਾ ਦੇ ਵਿੱਚ ਰਹੇਗਾ ਜਿਸ ਦੀ ਉਦਾਹਰਨ ਮਾਨਸਾ ਵਿੱਚ ਪਰਵਿੰਦਰ ਸਿੰਘ ਝੋਟਾ ਦੀ ਮੌਤ 'ਤੇ ਲੱਗਿਆ ਧਰਨਾ ਦਰਸ਼ਾਅ ਰਿਹਾ ਹੈ। ਪੰਜਾਬ ਨੂੰ ਹੁਣ ਭਾਸ਼ਣ ਨਹੀਂ, ਜਵਾਬ ਚਾਹੀਦੇ ਹਨ; ਇਸ਼ਤਿਹਾਰ ਨਹੀਂ, ਨਤੀਜੇ ਚਾਹੀਦੇ ਹਨ ਅਤੇ ਦਾਅਵੇ ਨਹੀਂ, ਜਵਾਬਦੇਹੀ ਚਾਹੀਦੀ ਹੈ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.




# ਬਹੁ-ਧਰੁਵੀ ਅਤੇ ਵਿਚਾਰਧਾਰਕ ਟਕਰਾਅ ਦਾ ਅਖਾੜਾ ਬਣੀ ਪੰਜਾਬ ਦੀ ਸਿਆਸਤ

## ਸਰਕਾਰਾਂ ਬਦਲੀਆਂ, ਆਗੂ ਬਦਲੇ ਪਰ ਲੋਕਾਂ ਦੇ ਮਸਲੇ ਜਿਉਂ ਦੇ ਤਿਉਂ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪੰਜਾਬ ਦੀ ਸਿਆਸਤ ਅੱਜਕੱਲ੍ਹ ਗਠਜੋੜਾਂ, ਨਵੇਂ ਸਮੀਕਰਨਾਂ ਅਤੇ ਬਦਲਦੇ ਰਾਜਨੀਤਿਕ ਰੁਝਾਨਾਂ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ।ਪੰਜਾਬ ਦੀ ਸਿਆਸਤ ਹਮੇਸ਼ਾ ਹੀ ਦੇਸ਼ ਦੀ ਰਾਜਨੀਤੀ ਵਿੱਚ ਇੱਕ ਵਿਲੱਖਣ ਅਤੇ ਪ੍ਰਭਾਵਸ਼ਾਲੀ ਸਥਾਨ ਰੱਖਦੀ ਰਹੀ ਹੈ। ਹਾਲਾਂਕਿ, ਪਿਛਲੇ ਕੁਝ ਸਾਲਾਂ ਅਤੇ ਖਾਸ ਕਰਕੇ ਮੌਜੂਦਾ ਦੌਰ ਵਿੱਚ, ਪੰਜਾਬ ਦੇ ਸਿਆਸੀ ਸਮੀਕਰਨ ਬਹੁਤ ਤੇਜ਼ੀ ਨਾਲ ਬਦਲ ਰਹੇ ਹਨ।ਰਵਾਇਤੀ ਦੋ-ਧਰੁਵੀ ਸਿਆਸਤ (ਕਾਂਗਰਸ ਅਤੇ ਅਕਾਲੀ ਦਲ) ਤੋਂ ਨਿਕਲ ਕੇ ਹੁਣ ਪੰਜਾਬ ਬਹੁ-ਕੋਣੇ ਮੁਕਾਬਲਿਆਂ ਅਤੇ ਨਵੇਂ ਸਿਆਸੀ ਤਜ਼ਰਬਿਆਂ ਦੇ ਰਾਹ ਤੁਰ ਪਿਆ ਹੈ।ਸੂਬੇ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਅੱਕ ਕੇ ਨਵੇਂ ਬਦਲਾਂ ਦੀ ਤਲਾਸ਼ ਵਿੱਚ ਹਨ, ਜਿਸ ਨੇ ਸਿਆਸੀ ਮਾਹੌਲ ਨੂੰ ਕਾਫ਼ੀ ਗੁੰਝਲਦਾਰ ਅਤੇ ਦਿਲਚਸਪ ਬਣਾ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਵੇਲੇ ਵੱਡੀਆਂ ਪ੍ਰਸ਼ਾਸਨਿਕ ਅਤੇ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ।ਹਾਲਾਂਕਿ ਇਸ ਪਾਰਟੀ ਨੇ ਪਿਛਲੇ ਸਮੇਂ ਦੌਰਾਨ ਹੋਈਆਂ ਜ਼ਿਮਨੀ ਚੋਣਾਂ ਅਤੇ ਨਗਰ ਨਿਗਮ ਤੇ ਮਿਉਂਸਪਲ ਕੌਂਸਲ ਚੋਣਾਂ ਵਿੱਚ ਵੱਡੀ ਜਿੱਤ ਦਰਜ ਕਰਕੇ ਆਪਣਾ ਜਨਤਕ ਆਧਾਰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਵਿਰੋਧੀ ਧਿਰਾਂ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੇ ਮੁੱਦੇ ’ਤੇ ਸਰਕਾਰ ਨੂੰ ਲਗਾਤਾਰ ਘੇਰ ਰਹੀਆਂ ਹਨ।ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਵਰਗੀਆਂ ਘਟਨਾਵਾਂ ਨੇ ਰਾਜਨੀਤਿਕ ਮਾਹੌਲ ਨੂੰ ਹੋਰ ਗਰਮਾ ਦਿੱਤਾ ਹੈ, ਜਿਸ ਕਾਰਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਵੀ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕੀਤੀ ਹੈ।ਇਸ ਤੋਂ ਇਲਾਵਾ, ਕੇਂਦਰ ਸਰਕਾਰ ਨਾਲ ਚੱਲ ਰਹੇ ਟਕਰਾਅ, ਜਿਵੇਂ ਕਿ ਮੁੱਖ ਮੰਤਰੀ ਦੇ ਵਿਦੇਸ਼ੀ ਦੌਰਿਆਂ ਨੂੰ ਮਨਜ਼ੂਰੀ ਨਾ ਮਿਲਣਾ (ਜਿਸ ਨੂੰ ਬਾਅਦ ਵਿੱਚ ਹਾਈ ਕੋਰਟ ਨੇ ਹਰੀ ਝੰਡੀ ਦਿੱਤੀ), ਵੀ ਸਿਆਸੀ ਬਹਿਸ ਦਾ ਮੁੱਖ ਹਿੱਸਾ ਬਣੇ ਹੋਏ ਹਨ।

ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ, ਸ਼੍ਰੋਮਣੀ ਅਕਾਲੀ ਦਲ , ਇਸ ਵੇਲੇ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਲੀਡਰਸ਼ਿਪ ਸੰਕਟ ਵਿੱਚੋਂ ਗੁਜ਼ਰ ਰਹੀ ਹੈ।ਪੰਥਕ ਸਿਆਸਤ ਵਿੱਚ ਨਵੇਂ ਧੜੇ ਅਤੇ ‘ਅਕਾਲੀ ਦਲ ਪੁਨਰ ਸੁਰਜੀਤ’ ਅਤੇ ਅਕਾਲੀ ਦਲ ‘ਵਾਰਿਸ ਪੰਜਾਬ ਦੇ’ ਵਰਗੀਆਂ ਮੁਹਿੰਮਾਂ ਰਵਾਇਤੀ ਅਕਾਲੀ ਦਲ ਦੀ ਜ਼ਮੀਨ ਨੂੰ ਹਥਿਆਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।ਇਸ ਦੇ ਬਾਵਜੂਦ ਅਕਾਲੀ ਦਲ ਬਾਦਲ ਦੀ ਸਥਿਤੀ ਸਾਰੇ ਅਕਾਲੀ ਧੜਿਆਂ ਵਿਚੋਂ ਮਜਬੂਤ ਮੰਨੀ ਜਾਂਦੀ ਹੈ ਕਿਉਂਕਿ ਇਸ ਪਾਰਟੀ ਕੋਲ ਹੀ



‘ਤੱਕੜੀ’ ਚੋਣ ਨਿਸ਼ਾਨ ਅਤੇ ਪਾਰਟੀ ਦਫ਼ਤਰ ਹੈ।ਪੰਜਾਬ ਦੀ ਸਿਆਸਤ ਵਿੱਚ ਇੱਕ ਹੋਰ ਮਹੱਤਵਪੂਰਨ ਰੁਝਾਨ ਰੈਡੀਕਲ (ਗਰਮਖ਼ਿਆਲੀ) ਸਿਆਸਤ ਅਤੇ ਆਜ਼ਾਦ ਉਮੀਦਵਾਰਾਂ ਵੱਲ ਲੋਕਾਂ ਦਾ ਵਧਦਾ ਝੁਕਾਅ ਹੈ।ਸੰਸਦੀ ਚੋਣਾਂ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਵਰਗੇ ਸੁਤੰਤਰ ਉਮੀਦਵਾਰਾਂ ਦੀ ਜਿੱਤ ਨੇ ਇਹ ਸਾਬਤ ਕੀਤਾ ਹੈ ਕਿ ਪੰਜਾਬ ਦਾ ਇੱਕ ਵਿਸ਼ੇਸ਼ ਵਰਗ ਰਵਾਇਤੀ ਰਾਜਨੀਤਿਕ ਪਾਰਟੀਆਂ ਤੋਂ ਪੂਰੀ ਤਰ੍ਹਾਂ ਅਸੰਤੁਸ਼ਟ ਹੈ।ਇਹ ਰੁਝਾਨ ਸੂਬੇ ਦੀ ਸਿਆਸਤ ਵਿੱਚ ਸਿੱਖ ਪਛਾਣ, ਪੰਥਕ ਮੁੱਦਿਆਂ ਅਤੇ ਇਤਿਹਾਸਕ ਯਾਦਾਂ ਦੀ ਮਹੱਤਤਾ ਨੂੰ ਮੁੜ ਸੁਰਜੀਤ ਕਰਦਾ ਹੈ।

ਕਦੇ ਅਕਾਲੀ ਦਲ ਦੇ ਛੋਟੇ ਭਾਈਵਾਲ ਵਜੋਂ ਜਾਣੀ ਜਾਂਦੀ ਭਾਰਤੀ ਜਨਤਾ ਪਾਰਟੀ ਹੁਣ ਪੰਜਾਬ ਵਿੱਚ ਇਕੱਲਿਆਂ ਆਪਣੇ ਪੈਰ ਪਸਾਰਨ ਦੀ ਰਣਨੀਤੀ ’ਤੇ ਕੰਮ ਕਰ ਰਹੀ ਹੈ। ਸਥਾਨਕ ਚੋਣਾਂ ਦੇ ਨਤੀਜਿਆਂ ਨੇ ਦਿਖਾਇਆ ਹੈ ਕਿ ਭਾਜਪਾ ਨੇ ਪੰਜਾਬ ਦੇ ਸ਼ਹਿਰੀ ਖੇਤਰਾਂ (ਜਿਵੇਂ ਕਿ ਅਬੋਹਰ, ਪਠਾਨਕੋਟ) ਵਿੱਚ ਆਪਣਾ ਪ੍ਰਭਾਵ ਕਾਫ਼ੀ ਮਜ਼ਬੂਤ ਕੀਤਾ ਹੈ।

ਭਾਜਪਾ ਵੱਲੋਂ ਕੱਢੀਆਂ ਗਈਆਂ ‘ਨਸ਼ਾ ਮੁਕਤ ਪੰਜਾਬ ਯਾਤਰਾਵਾਂ’ ਅਤੇ ਕੇਂਦਰੀ ਆਗੂਆਂ ਦੇ ਲਗਾਤਾਰ ਦੌਰੇ ਇਹ ਸੰਕੇਤ ਦਿੰਦੇ ਹਨ ਕਿ ਪਾਰਟੀ ਆਉਣ ਵਾਲੀਆਂ ਚੋਣਾਂ ਵਿੱਚ ਇੱਕ ਪ੍ਰਮੁੱਖ ਤਾਕਤ ਵਜੋਂ ਉੱਭਰਨ ਲਈ ਪੂਰੀ ਵਾਹ ਲਾ ਰਹੀ ਹੈ।ਹਾਲਾਂਕਿ, ਅਕਾਲੀ ਦਲ ਅਤੇ ਭਾਜਪਾ ਵਿਚਾਲੇ ਮੁੜ ਗਠਜੋੜ ਹੋਣ ਦੀਆਂ ਕਿਆਸਅਰਾਈਆਂ ਵੀ ਸਿਆਸੀ ਗਲਿਆਰਿਆਂ ਵਿੱਚ ਲਗਾਤਾਰ ਬਣੀਆਂ ਹੋਈਆਂ ਹਨ।

ਪੰਜਾਬ ਦੀ ਰਾਜਨੀਤੀ ਨੂੰ ਸਮਝਣ ਲਈ ਇੱਥੋਂ ਦੀ ਕਿਸਾਨੀ ਅਤੇ ਆਰਥਿਕ ਸਥਿਤੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪੰਜਾਬ ਸਿਰ ਵਧ ਰਿਹਾ ਕਰਜ਼ਾ, ਉਦਯੋਗਾਂ ਦੀ ਘਾਟ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਦੇਸ਼ ਦੇ ਹੋਰਨਾਂ ਸੂਬਿਆਂ ਦੇ ਮੁਕਾਬਲੇ ਆਈ ਗਿਰਾਵਟ ਚਿੰਤਾ ਦਾ ਵਿਸ਼ਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਨਵੀਂ ਖੇਤੀਬਾੜੀ ਨੀਤੀ ਅਤੇ ਫਸਲਾਂ ਦੇ ਲਾਹੇਵੰਦ ਭਾਅ ਦੀ ਮੰਗ ਨੂੰ ਲੈ ਕੇ ਕੀਤੇ ਜਾ ਰਹੇ ਪ੍ਰਦਰਸ਼ਨ ਸਿਆਸੀ ਪਾਰਟੀਆਂ ਲਈ ਵੱਡਾ ਸਿਰਦਰਦ ਹਨ। ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਕਿਸਾਨੀ ਮੁੱਦਿਆਂ ਦੇ ਠੋਸ ਹੱਲ ਨਾ ਲੱਭੇ ਜਾਣ ਕਾਰਨ ਪੇਂਡੂ ਖੇਤਰਾਂ ਵਿੱਚ ਸਿਆਸੀ ਆਗੂਆਂ ਪ੍ਰਤੀ ਰੋਸ ਬਰਕਰਾਰ ਹੈ।

ਪੰਜਾਬ ਕਾਂਗਰਸ ਇਸ ਵੇਲੇ ਆਪਣੀ ਗੁਆਚੀ ਹੋਈ ਜ਼ਮੀਨ ਨੂੰ ਮੁੜ ਹਾਸਲ ਕਰਨ ਲਈ ਸੰਘਰਸ਼ ਕਰ ਰਹੀ ਹੈ। ਲੋਕ ਸਭਾ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਤੋਂ ਬਾਅਦ ਕਾਂਗਰਸ ਦੇ ਹੌਸਲੇ ਬੁਲੰਦ ਹਨ, ਪਰ ਪਾਰਟੀ ਅੰਦਰੂਨੀ ਗੁੱਟਬਾਜ਼ੀ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕੀ।ਪੰਜਾਬ ਕਾਂਗਰਸ ਦੇ ਪ੍ਰਧਾਨ ਸ੍ਰ. ਪਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਵਰਗੇ ਆਗੂ ਸੂਬਾ ਸਰਕਾਰ ਵਿਰੁੱਧ ਮੋਰਚਾ ਸੰਭਾਲੀ ਬੈਠੇ ਹਨ। ਵਿਰੋਧੀ ਧਿਰ ਵਜੋਂ ਕਾਂਗਰਸ ਜਨਤਾ ਦੇ ਮੁੱਦਿਆਂ ਨੂੰ ਚੁੱਕ ਰਹੀ ਹੈ, ਪਰ ਆਮ ਲੋਕਾਂ ਵਿੱਚ ਪਾਰਟੀ ਪ੍ਰਤੀ ਪੂਰਨ ਭਰੋਸਾ ਬਹਾਲ ਕਰਨਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਬਹੁਤ ਹੀ ਨਾਜ਼ੁਕ ਅਤੇ ਪਰਿਵਰਤਨਸ਼ੀਲ ਮੋੜ ’ਤੇ ਖੜ੍ਹੀ ਹੈ। ਇਹ ਹੁਣ ਕਿਸੇ ਇੱਕ ਜਾਂ ਦੋ ਪਾਰਟੀਆਂ ਦੀ ਸਿਆਸਤ ਨਹੀਂ ਰਹੀ,ਸਗੋਂ ਇਹ ਬਹੁ-ਧਰੁਵੀ ਅਤੇ ਵਿਚਾਰਧਾਰਕ ਟਕਰਾਅ ਦਾ ਅਖਾੜਾ ਬਣ ਚੁੱਕੀ ਹੈ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਇਹ ਤੈਅ ਕਰਨਗੀਆਂ ਕਿ ਪੰਜਾਬ ਦੇ ਲੋਕ ਮੌਜੂਦਾ ਬਦਲਾਅ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਜਾਂ ਮੁੜ ਰਵਾਇਤੀ ਸਿਆਸਤ ਵੱਲ ਪਰਤਣਗੇ। ਫਿਲਹਾਲ, ਪੰਜਾਬ ਦੀ ਰਾਜਨੀਤੀ ਵਿਕਾਸ, ਨਸ਼ਾ ਮੁਕਤੀ, ਕਾਨੂੰਨ ਵਿਵਸਥਾ ਅਤੇ ਖੇਤਰੀ ਪਛਾਣ ਦੇ ਰਾਹਾਂ ’ਤੇ ਚੱਲਦੀ ਹੋਈ ਇੱਕ ਨਵੇਂ ਭਵਿੱਖ ਦੀ ਤਲਾਸ਼ ਵਿੱਚ ਹੈ।

# ਕੈਨੇਡਾ ਤੋਂ ਵੱਖਰਾ ਨਹੀਂ ਹੋਵੇਗਾ ਸੂਬਾ ਅਲਬਰਟਾ

## ਵੋਟਰਾਂ ਨੇ ਕੈਨੇਡਾ ਤੋਂ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਤਜਵੀਜ਼ ਨੂੰ ਕੀਤਾ ਖ਼ਾਰਜ

### ਕਰੀਬ 76 ਫ਼ੀਸਦੀ ਵੋਟਰਾਂ ਨੇ ਕੈਨੇਡਾ ਦੇ ਨਾਲ ਜੁੜੇ ਰਹਿਣ ਲਈ ਪਾਈ ਵੋਟ

ਵੈਨਕੂਵਰ/ਏ.ਟੀ.ਨਿਊਜ਼: ਤੇਲ ਸਰੋਤਾਂ ਨਾਲ ਭਰਪੂਰ ਕੈਨੇਡਾ ਦੇ ਅਲਬਰਟਾ ਸੂਬੇ ਦੇ ਵੋਟਰਾਂ ਨੇ ਦੇਸ਼ ਤੋਂ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਤਜਵੀਜ਼ ਨੂੰ ਖ਼ਾਰਜ ਕਰ ਦਿੱਤਾ ਹੈ। ਨਤੀਜਿਆਂ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਕੈਨੇਡਾ ਦੀ ਏਕਤਾ ਦੇ ਹਮਾਇਤੀਆਂ ਨੂੰ ਜਿੱਤ ਮਿਲੀ ਹੈ। ਇਹ ਰਾਇਸ਼ੁਮਾਰੀ ਅਜਿਹੇ ਸਮੇਂ ਹੋਈ ਹੈ ਜਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਖ਼ਿਲਾਫ਼ ਵਪਾਰ ਯੁੱਧ ਛੇੜਿਆ ਹੋਇਆ ਹੈ।ਉਹ ਕੈਨੇਡਾ ਨੂੰ ਅਮਰੀਕਾ ਵਿੱਚ ਮਿਲਾਉਣ ਦੀਆਂ ਧਮਕੀਆਂ ਵੀ ਦਿੰਦੇ ਰਹੇ ਹਨ।ਇਹ ਰਾਇਸ਼ੁਮਾਰੀ ਸਿੱਧੇ ਤੌਰ ’ਤੇ ਆਜ਼ਾਦੀ ਦੇ ਮੁੱਦੇ ਉਤੇ ਨਹੀਂ ਸੀ ਬਲਕਿ ਇਸ ਦੇ ਜ਼ਰੀਏ ਅਲਬਰਟਾ ਦੇ ਕੈਨੇਡਾ ਤੋਂ ਵੱਖ ਹੋਣ ਬਾਰੇ ਭਵਿੱਖ ’ਚ ਹੋਰ ਵੋਟਿੰਗ ਵਾਲੇ ਪਾਸੇ ਅੱਗੇ ਵਧਿਆ ਜਾਣਾ ਸੀ।15 ਲੱਖ ਤੋਂ ਵੱਧ ਵੋਟਾਂ ਦੀ ਗਿਣਤੀ ਤੋਂ ਬਾਅਦ ਕਰੀਬ 76 ਫ਼ੀਸਦੀ ਵੋਟਰਾਂ ਨੇ ਕੈਨੇਡਾ ਦੇ ਨਾਲ ਜੁੜੇ ਰਹਿਣ ਲਈ ਵੋਟ ਪਾਈ, ਜਦਕਿ 23 ਫ਼ੀਸਦੀ ਨੇ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਹਮਾਇਤ ਕੀਤੀ।ਦੁਨੀਆ ਦੇ ਚੌਥੇ ਸਭ ਤੋਂ ਵੱਡੇ ਤੇਲ ਭੰਡਾਰ ਵਾਲੇ ਅਲਬਰਟਾ ਵਿੱਚ ਲੰਮੇ ਸਮੇਂ ਤੋਂ ਫੈਡਰਲ ਸਰਕਾਰ ਪ੍ਰਤੀ ਨਾਰਾਜ਼ਗੀ ਰਹੀ ਹੈ। ਕਾਰਨੀ ਨੇ ਕਿਹਾ, “ਅਲਬਰਟਾ ਵਾਸੀਆਂ ਨੇ ਸਪੱਸ਼ਟ ਚੋਣ ਕੀਤੀ ਹੈ, ਉਨ੍ਹਾਂ ਏਕਾ ਚੁਣਿਆ ਹੈ, ਤਾਂ ਕਿ ਮਿਲ-ਜੁਲ ਕੇ ਭਵਿੱਖ ਦੀ ਉਸਾਰੀ ਹੋ ਸਕੇ।” ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਨਤੀਜੇ ਕੈਨੇਡੀਅਨ ਲੋਕਾਂ ਨੂੰ ਅੱਗੇ ਵਧਣ ਦੀ ਖੁੱਲ੍ਹ ਦੇਣਗੇ। ਇਸ ਨਾਲ ਅਲਬਰਟਾ ਨੂੰ ਕੇਂਦਰ ਵਿੱਚ ਰੱਖ ਕੇ ਕੈਨੇਡਾ ਨੂੰ ਆਲਮੀ ਊਰਜਾ ਸਪਲਾਈ ਦਾ ਕੇਂਦਰ



ਬਣਾਇਆ ਜਾ ਸਕੇਗਾ। ਵੱਖ ਹੋਣ ਦੇ ਵਿਰੋਧ ਵਿੱਚ ਮੁਹਿੰਮ ਚਲਾਉਣ ਵਾਲੇ ਅਲਬਰਟਾ ਦੇ ਸਾਬਕਾ ਉਪ-ਪ੍ਰੀਮੀਅਰ (ਉਪ-ਮੁੱਖ ਮੰਤਰੀ) ਥਾਮਸ ਲੁਕਾਸ਼ੁਕ ਨੇ ਸਮਰਥਕਾਂ ਨੂੰ ਕਿਹਾ, ‘ਅਸੀਂ ਇੱਕ ਮਜ਼ਬੂਤ ਦੇਸ਼ ਹਾਂ, ਜੋ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਇੱਕਜੁੱਟ ਹੈ।’ ਵੋਟਿੰਗ ਕੇਂਦਰ ਦੇਰੀ ਨਾਲ ਖੁੱਲ੍ਹਣ ਕਾਰਨ ਪਿਛਲੇ ਦਿਨੀਂ 100 ਤੋਂ ਵੱਧ ਕੇਂਦਰਾਂ ’ਤੇ ਵੋਟਿੰਗ ਦਾ ਸਮਾਂ ਵਧਾਉਣਾ ਪਿਆ, ਜਿਸ ਕਾਰਨ ਨਤੀਜਿਆਂ ਵਿੱਚ ਦੇਰੀ ਹੋਈ। ਅਲਬਰਟਾ ਦੇ 13.5 ਲੱਖ ਤੋਂ ਵੱਧ ਵੋਟਰਾਂ, ਯਾਨੀ ਯੋਗ ਵੋਟਰਾਂ ਦੇ 43 ਫੀਸਦੀ ਨੇ ਅਗਾਊਂ ਜਾਂ ਵਿਸ਼ੇਸ਼ ਵੋਟਾਂ ਰਾਹੀਂ ਆਪਣੀ ਵੋਟ ਦਾ ਇਸਤੇਮਾਲ ਕੀਤਾ।

ਦੁਨੀਆ ਦੇ ਚੌਥੇ ਸਭ ਤੋਂ ਵੱਡੇ ਪ੍ਰਮਾਣਿਤ ਤੇਲ ਭੰਡਾਰਾਂ ਵਾਲੇ ਅਲਬਰਟਾ ਵਿੱਚ ਲੰਮੇ ਸਮੇਂ ਤੋਂ ਕੇਂਦਰ ਸਰਕਾਰ ਪ੍ਰਤੀ ਨਾਰਾਜ਼ਗੀ ਰਹੀ ਹੈ। ਹਾਲਾਂਕਿ, ਇਹ ਅਸੰਤੁਸ਼ਟੀ ਰਵਾਇਤੀ ਤੌਰ ’ਤੇ ਕਦੇ ਵੀ ਵੱਖ ਹੋਣ ਦੇ ਵੱਡੇ ਸਮਰਥਨ ਵਿੱਚ ਨਹੀਂ ਬਦਲੀ ਹੈ।ਪ੍ਰਧਾਨ ਮੰਤਰੀ ਕਾਰਨੀ ਨੇ ਇਸ ਤੋਂ ਪਹਿਲਾਂ ਅਲਬਰਟਾ ਦੇ ਲੋਕਾਂ ਨੂੰ ਦੇਸ਼ ਦੀ ਏਕਤਾ ਦੇ (ਬਾਕੀ ਸਫ਼ਾ 26 ’ਤੇ)

# ਟਰੰਪ ਵੱਲੋਂ ਰੂਸੀ ਤੇਲ ਅਤੇ ਗੈਸ ਦੀ ਖ਼ਰੀਦ ’ਤੇ ਪਾਬੰਦੀਆਂ ਅਤੇ ਟੈਰਿਫਾਂ ਤੋਂ ਛੋਟ ਦੇਣ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਦੇ ‘ਕੌਮੀ ਹਿੱਤਾਂ’ ਦਾ ਹਵਾਲਾ ਦਿੰਦੇ ਹੋਏ ‘ਸੈਂਕਸ਼ਨਿੰਗ ਰੂਸ ਅਤੇ ਇਰਾਨ ਐਕਟ’ (ਗ੍ਰਾਹਮ ਐਕਟ) ਤਹਿਤ ਰੂਸੀ ਤੇਲ ਅਤੇ ਗੈਸ ਦੀ ਖਰੀਦ ’ਤੇ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ, ਬੰਦਿਸ਼ਾਂ ਅਤੇ ਟੈਰਿਫਾਂ ਤੋਂ ਛੋਟ ਦੇਣ ਦਾ ਐਲਾਨ ਕੀਤਾ ਹੈ। ਇੱਕ ਕਾਰਜਕਾਰੀ ਹੁਕਮ ਵਿੱਚ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਜਿਹੀਆਂ ਪਾਬੰਦੀਆਂ ਨੂੰ ਰੋਕਣਾ ਅਮਰੀਕਾ ਦੇ ਹਿੱਤ ਵਿੱਚ ਹੈ।

ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਅਮਰੀਕੀ ਕਾਂਗਰਸ ਨੂੰ ਇਸ ਸਬੰਧੀ ਇੱਕ ਸਰਟੀਫਿਕੇਟ ਸੌਂਪਿਆ ਹੈ। ਜ਼ਿਕਰਯੋਗ ਹੈ ਕਿ ਲਿੰਡਸੇ ਓ. ਗ੍ਰਾਹਮ ਐਕਟ ਅਮਰੀਕੀ ਕਾਂਗਰਸ ਵੱਲੋਂ 16 ਸਤੰਬਰ ਨੂੰ ਪਾਸ ਕੀਤਾ ਗਿਆ ਸੀ ਅਤੇ ਟਰੰਪ ਨੇ 18 ਸਤੰਬਰ ਨੂੰ ਇਸ ’ਤੇ ਦਸਤਖ਼ਤ ਕੀਤੇ ਸਨ। ਇਸ ਕਾਨੂੰਨ ਦੇ ਲਾਗੂ ਹੋਣ ਦੇ 30 ਦਿਨਾਂ ਦੇ ਅੰਦਰ ਰੂਸ ਤੋਂ ਕੱਚਾ ਤੇਲ ਜਾਂ ਗੈਸ ਖਰੀਦਣ ਵਾਲੇ ਭਾਰਤ ਅਤੇ ਚੀਨ ਸਮੇਤ ਦੁਨੀਆ ਦੇ ਪੰਜ ਸਭ ਤੋਂ ਵੱਡੇ ਦਰਾਮਦਕਾਰ ਮੁਲਕਾਂ ਤੋਂ ਅਮਰੀਕਾ ਆਉਣ ਵਾਲੀਆਂ ਵਸਤੂਆਂ ’ਤੇ 100 ਫੀਸਦੀ ਤੱਕ ਭਾਰੀ ਟੈਰਿਫ ਲਗਾਉਣ ਦਾ ਅਧਿਕਾਰ ਦਿੱਤਾ



ਗਿਆ ਸੀ।ਕਾਨੂੰਨ ਦੀ ਧਾਰਾ 115( ਅਧੀਨ ਰਾਸ਼ਟਰਪਤੀ ਨੂੰ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਜੇਕਰ ਕੋਈ ਕਦਮ ਅਮਰੀਕਾ ਦੇ ਰਾਸ਼ਟਰੀ ਹਿੱਤ ਵਿੱਚ ਹੋਵੇ, ਤਾਂ ਉਹ ਇਨ੍ਹਾਂ ਪਾਬੰਦੀਆਂ ਤੋਂ ਛੋਟ ਦੇ ਸਕਦੇ ਹਨ।

ਇਸੇ ਧਾਰਾ ਦੀ ਵਰਤੋਂ ਕਰਦਿਆਂ ਟਰੰਪ ਨੇ ਧਾਰਾ 112 ਅਤੇ 113 ਤਹਿਤ ਲਗਾਏ ਜਾਣ ਵਾਲੇ 100% ਤੱਕ ਦੇ ਟੈਰਿਫਾਂ ਨੂੰ ਮੁਲਤਵੀ ਕਰ ਦਿੱਤਾ ਹੈ। ਇਹ ਫੈਸਲਾ ਅਮਰੀਕਾ ਵੱਲੋਂ ਰੂਸ ਨਾਲ ਡੀਜ਼ਲ ਦੀ ਸਪਲਾਈ ਲਈ ਕੀਤੇ ਗਏ ਸਮਝੌਤੇ ਅਤੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਭਾਰਤ ਦੌਰੇ ਤੋਂ ਠੀਕ ਪਹਿਲਾਂ ਆਇਆ ਹੈ।

ਇਸ ਤੋਂ ਪਹਿਲਾਂ, ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੇ ਸਮਾਗਮ ਦੌਰਾਨ ਭਾਰਤੀ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਅਮਰੀਕੀ ਵਿਦੇਸ਼ ਮੰਤਰੀ ਰੂਬੀਓ ਨਾਲ ਇਸ ਮੁੱਦੇ ’ਤੇ ਗੰਭੀਰ ਚਰਚਾ ਕੀਤੀ ਸੀ। ਜੈਸ਼ੰਕਰ ਨੇ ਸਪੱਸ਼ਟ ਕੀਤਾ ਸੀ ਕਿ ਭਾਰਤੀ ਤੇਲ ਰਿਫਾਇਨਰੀਆਂ ਖਾਸ ਤੌਰ ’ਤੇ ਮੱਧ ਪੂਰਬ ਅਤੇ ਰੂਸ ਤੋਂ ਆਉਣ ਵਾਲੇ ‘ਮੀਡੀਅਮ ਸੌਰ’ ਕੱਚੇ ਤੇਲ ਲਈ ਬਣੀਆਂ ਹਨ। ਮੱਧ ਪੂਰਬ ਵਿੱਚ ਇਰਾਨ ਜੰਗ ਕਾਰਨ ਤੇਲ ਦੀਆਂ ਸਪਲਾਈਆਂ ਪ੍ਰਭਾਵਿਤ ਹੋਣ ਕਰਕੇ ਭਾਰਤੀ ਅਰਥਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਰੂਸੀ ਕੱਚੇ ਤੇਲ ’ਤੇ ਨਿਰਭਰਤਾ ਜ਼ਰੂਰੀ ਹੈ, ਜਿਸ ਕਾਰਨ ਅਮਰੀਕਾ ਦਾ ਇਹ ਫੈਸਲਾ ਭਾਰਤ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

# ਪੰਜਾਬ ਵਿੱਚ ਨਸ਼ੇ ਦੇ ਸੰਕਟ ਅਤੇ ਪਰਮਿੰਦਰ ਸਿੰਘ ਝੋਟਾ ਦੇ ਕਤਲ ’ਤੇ ਅਮਰੀਕਾ ’ਚ ਚਿੰਤਾ

## ਸਾਂਸਦ ਸੂਓਜ਼ੀ ਨੇ ਭਾਰਤੀ ਸ.ਫੀਰ ਤੋਂ ਕਿਉਂ ਮੰਗੇ ਜਵਾਬ ?

ਪੰਜਾਬ ਅੰਦਰ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਵਾਲੇ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੇ ਦਿਨ-ਦਿਹਾੜੇ ਹੋਏ ਕਤਲ ਦਾ ਮਾਮਲਾ ਹੁਣ ਕੌਮਾਂਤਰੀ ਪੱਧਰ ’ਤੇ ਗੂੰਜਣ ਲੱਗ ਪਿਆ ਹੈ। ਅਮਰੀਕੀ ਕਾਂਗਰਸਮੈਨ (ਸੰਸਦ ਮੈਂਬਰ) ਥਾਮਸ ਆਰ. ਸੂਓਜ਼ੀ ਨੇ ਅਮਰੀਕਾ ਵਿੱਚ ਤਾਇਨਾਤ ਭਾਰਤੀ ਰਾਜਦੂਤ ਵਿਨੈ ਮੋਹਨ ਕਵਾਤਰਾ ਨੂੰ ਇੱਕ ਸਰਕਾਰੀ ਪੱਤਰ ਲਿਖ ਕੇ ਇਸ ਮਾਮਲੇ ਦੀ ਡੂੰਘਾਈ ਅਤੇ ਪੂਰੀ ਪਾਰਦਰਸ਼ਤਾ ਨਾਲ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

**ਪੱਤਰ ਵਿੱਚ ਕੀ ਕਿਹਾ ਗਿਆ ਹੈ ?**

ਕਾਂਗਰਸਮੈਨ ਥਾਮਸ ਸੂਓਜ਼ੀ ਨੇ ਆਪਣੇ ਪੱਤਰ ਵਿੱਚ ਪਰਵਿੰਦਰ ਝੋਟਾ ਦੇ ਸਮਾਜਿਕ ਕਾਰਜਾਂ ਦੀ ਸ਼ਲਾਘਾ ਕਰਦਿਆਂ ਲਿਖਿਆ:



ਸਮਾਜਿਕ ਸੁਰੱਖਿਆ ’ਤੇ ਸਵਾਲ: ਝੋਟਾ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਅਹਿਮ ਯੋਗਦਾਨ ਪਾ ਰਹੇ ਸਨ। ਉਨ੍ਹਾਂ ਦਾ ਇਸ ਤਰ੍ਹਾਂ ਕਤਲ ਹੋਣਾ ਨਸ਼ਾ ਵਿਰੋਧੀ ਕਾਰਕੁੰਨਾਂ ਦੇ ਮਨੋਬਲ ਨੂੰ ਸੱਟ ਮਾਰਦਾ ਹੈ। ਉਨ੍ਹਾਂ ਅੰਕੜਿਆਂ ਦਾ ਹਵਾਲਾ ਦਿੰਦਿਆਂ ਚਿੰਤਾ ਪ੍ਰਗਟਾਈ ਕਿ ਪੰਜਾਬ ਦੀ ਲਗਭਗ 2.8 ਫ਼ੀਸਦੀ ਆਬਾਦੀ (ਕਰੀਬ 9.5 ਲੱਖ ਲੋਕ) ਨਸ਼ੇ ਦੀ ਸਮੱਸਿਆ ਨਾਲ ਜੂਝ ਰਹੀ ਹੈ, ਜਿਸ ਵਿੱਚ 2 ਲੱਖ ਤੋਂ ਵੱਧ ਹੈਰੋਇਨ ਦੇ ਆਦੀ ਹਨ। ਉਨ੍ਹਾਂ ਮੰਗ ਕੀਤੀ ਕਿ ਕਤਲ ਪਿੱਛੇ ਸ਼ਾਮਲ ਸਾਰੇ ਪਹਿਲੂਆਂ ਅਤੇ ਮੁਲਜ਼ਮਾਂ ਦੀ ਬਿਨਾਂ ਪੱਖਪਾਤ ਤੋਂ ਜਾਂਚ ਕਰਕੇ ਰਿਪੋਰਟ ਸਾਂਝੀ ਕੀਤੀ ਜਾਵੇ ਤਾਂ ਜੋ ਇਨਸਾਫ਼ ਯਕੀਨੀ ਬਣਾਇਆ ਜਾ ਸਕੇ।

**ਅਮਰੀਕੀ ਆਗੂ ਵੱਲੋਂ ਇਹ ਕਦਮ ਚੁੱਕਣ ਪਿੱਛੇ ਕੀ ਹਨ ਸਿਆਸੀ ਅਤੇ ਸਮਾਜਿਕ ਮਨੋਰਥ ?**

ਅਮਰੀਕੀ ਸਿਆਸਤਦਾਨ ਵੱਲੋਂ ਭਾਰਤ ਦੇ ਕਿਸੇ ਸੂਬੇ ਦੇ ਅੰਦਰੂਨੀ ਕਾਨੂੰਨ-ਵਿਵਸਥਾ ਦੇ ਮਾਮਲੇ ਵਿੱਚ ਦਖ਼ਲ ਦੇਣ ਪਿੱਛੇ ਕਈ ਅਹਿਮ ਕਾਰਨ ਹਨ।

ਨਿਊਯਾਰਕ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵੱਡੀ ਗਿਣਤੀ ਸਿੱਖ ਅਤੇ ਪੰਜਾਬੀ ਵੋਟਰ ਰਹਿੰਦੇ ਹਨ। ‘ਅਮੈਰੀਕਨ ਸਿੱਖ ਕਾਕਸ ਕਮੇਟੀ’ ਦੇ ਬਾਨੀ ਪ੍ਰਿਤਪਾਲ ਸਿੰਘ ਸਮੇਤ ਹੋਰ ਸਥਾਨਕ ਭਾਈਚਾਰਕ ਆਗੂਆਂ ਨੇ ਇਸ ਮੁੱਦੇ ਨੂੰ ਅਮਰੀਕੀ ਪ੍ਰਸ਼ਾਸਨ ਕੋਲ ਜ਼ੋਰ-ਸ਼ੋਰ ਨਾਲ ਉਠਾਇਆ ਸੀ। ਚੋਣ ਹਲਕੇ ਦੇ ਵੋਟਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਸਥਾਨਕ ਨੁਮਾਇੰਦਿਆਂ ਦੀ ਸਿਆਸੀ ਮਜਬੂਰੀ ਅਤੇ ਜ਼ਿੰਮੇਵਾਰੀ ਦੋਵੇਂ ਹਨ। (ਬਾਕੀ ਸਫ਼ਾ 27 ’ਤੇ)

# ਯੂਰੋਪੀਅਨ ਮਹਾਂਦੀਪ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ : ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਫਰਾਂਸ ’ਚ ਮਹਿੰਗਾਈ ਤੇ ਮਾੜੇ ਐਜੂਕੇਸ਼ਨ ਸਿਸਟਮ ਖ਼ਿਲਾਫ਼ ਭੜਕੀ ਹਿੰਸਾ ਤੇ ਤਬਾਹੀ ਵਿਚਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਰੋਪੀਅਨ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਹੈ। ਵ੍ਹਾਈਟ ਹਾਊਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਦਾਅਵਾ ਕੀਤਾ ਕਿ ਜੇ ਫਰਾਂਸ ਅਤੇ ਯੂਰੋਪ ਨੇ ਆਪਣੇ ਬਾਰਡਰ ਤੁਰੰਤ ਸੀਲ ਨਾ ਕੀਤੇ ਅਤੇ ਹਿੰਸਾ ਫੈਲਾਉਣ ਵਾਲਿਆਂ ਨੂੰ ਦੇਸ਼ ’ਚੋਂ ਬਾਹਰ ਨਾ ਕੱਢਿਆ, ਤਾਂ ਯੂਰੋਪੀਅਨ ਮਹਾਂਦੀਪ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ।

ਟਰੰਪ ਨੇ ਸਿੱਖਿਆ ਜਾਂ ਸਥਾਨਕ ਨੀਤੀਆਂ ਨੂੰ ਰੱਦ ਕਰਦਿਆਂ ਕਿਹਾ ਕਿ ਇਨ੍ਹਾਂ ਪ੍ਰਦਰਸ਼ਨਾਂ ਤੇ ਦੰਗਿਆਂ ਮੁੱਖ ਕਾਰਨ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਹੈ। ਟਰੰਪ ਨੇ ਕਿਹਾ, ‘ਮੈਂ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੂੰ



ਬਹੁਤ ਪਹਿਲਾਂ ਕਿਹਾ ਸੀ ਕਿ ਆਪਣੇ ਦੇਸ਼ ਦੀਆਂ ਸਰਹੱਦਾਂ ਸੀਲ ਕਰ ਦਿਓ। ਉਨ੍ਹਾਂ ਨੇ ਅਜਿਹੇ ਲੋਕਾਂ ਨੂੰ ਦੇਸ਼ ’ਚ ਆਉਣ ਦਿੱਤਾ ਜੋ ਇਸ ਦੇਸ਼, ਤੇ ਇੱਥੋਂ ਦੇ ਸੱਭਿਆਚਾਰ ਨੂੰ ਪਸੰਦ ਨਹੀਂ ਕਰਦੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਬਹੁਤ ਛੇਤੀ ਪੈਰਿਸ ਮੁਸਲਿਮ ਸ਼ਹਿਰ ਬਣ ਜਾਵੇਗਾ। ਮੈਕਰੋਂ ਵੱਲੋਂ ਇਸ ਹਿੰਸਾ ਲਈ ਤੇਲ ਦੀਆਂ ਵਧੀਆਂ ਕੀਮਤਾਂ ਅਤੇ ਅਮਰੀਕੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਉਣ ’ਤੇ ਟਰੰਪ ਨੇ ਕਿਹਾ ਕਿ ਅਸਲ ਸਮੱਸਿਆ ਖੁੱਲੀ ਤੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਹੈ।

# ਅਗਲੇ 10 ਸਾਲਾਂ ’ਚ ਦੁਨੀਆ ’ਚ ਹੋਣਗੇ 80 ਕਰੋੜ ਬੇਰੁਜ਼ਗਾਰ : ਅਜੇ ਬੰਗਾ

ਵਾਸ਼ਿੰਗਟਨ/ਏ.ਟੀ.ਨਿਊਜ਼: ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਨੇ ਭਵਿੱਖ ਵਿੱਚ ਰੁਜ਼ਗਾਰ ਸੰਕਟ ਬਾਰੇ ਇੱਕ ਹੈਰਾਨ ਕਰਨ ਵਾਲੀ ਚਿਤਾਵਨੀ ਜਾਰੀ ਕੀਤੀ ਹੈ। ਬੰਗਾ ਦਾ ਅਨੁਮਾਨ ਹੈ ਕਿ ਅਗਲੇ 10-15 ਸਾਲਾਂ ਵਿੱਚ, ਦੁਨੀਆ ਭਰ ਵਿੱਚ ਲਗਭਗ 120 ਕਰੋੜ ਹੁਨਰਮੰਦ ਨੌਜਵਾਨ ਨੌਕਰੀ ਬਾਜ਼ਾਰ ਵਿੱਚ ਦਾਖਲ ਹੋਣਗੇ, ਪਰ ਸਿਰਫ 40 ਕਰੋੜ ਲੋਕਾਂ ਨੂੰ ਹੀ ਰੁਜ਼ਗਾਰ ਮਿਲੇਗਾ।

ਬੈਂਕਾਕ ਵਿੱਚ ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਸਮੂਹ ਦੀਆਂ ਸਾਲਾਨਾ ਮੀਟਿੰਗਾਂ ਦੇ ਸੈਸ਼ਨ ਨੂੰ ਸੰਬੋਧਨ ਕਰਦੇ ਹੋਏ, ਬੰਗਾ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਲਗਭਗ 80 ਕਰੋੜ ਨੌਜਵਾਨ ਬੇਰੁਜ਼ਗਾਰੀ ਦੇ ਵੱਡੇ ਸੰਕਟ ਦਾ ਸਾਹਮਣਾ ਕਰ ਸਕਦੇ ਹਨ।

ਵਿਸ਼ਵ ਬੈਂਕ ਦੇ ਪ੍ਰਧਾਨ ਨੇ ਚਿਤਾਵਨੀ



ਦਿੱਤੀ ਕਿ ਵਿਕਾਸਸ਼ੀਲ ਦੇਸ਼ ਇਸ ਸਮੇਂ ਦੋਹਰੇ ਝਟਕੇ ਦਾ ਸਾਹਮਣਾ ਕਰ ਰਹੇ ਹਨ। ਇੱਕ ਪਾਸੇ, ਉਨ੍ਹਾਂ ਦੇ ਵਿਦੇਸ਼ੀ ਕਰਜ਼ੇ ਦਾ ਬੋਝ ਲਗਾਤਾਰ ਵਧ ਰਿਹਾ ਹੈ, ਜਦੋਂ ਕਿ ਦੂਜੇ ਪਾਸੇ, ਵਿਕਾਸ ਕਾਰਜਾਂ ਲਈ ਅੰਤਰਰਾਸ਼ਟਰੀ ਸਹਾਇਤਾ ਵਿੱਚ ਭਾਰੀ ਕਮੀ ਆਈ ਹੈ। ਇਸ ਤੋਂ ਇਲਾਵਾ, ਦੁਨੀਆ ਭਰ (ਬਾਕੀ ਸਫ਼ਾ 26 ’ਤੇ)

# ਅਮਰੀਕਾ ਦਾ ਹਰ ਬੱਚਾ ਬਣੇਗਾ ਸਪੇਸਐਕਸ ਦਾ ਹਿੱਸੇਦਾਰ: ਮਸਕ

ਵਾਸ਼ਿੰਗਟਨ/ਏ.ਟੀ.ਨਿਊਜ਼: ਦੁਨੀਆ ਦੇ ਸਭ ਤੋਂ ਅਮੀਰ ਕਾਰੋਬਾਰੀ ਐਲੋਨ ਮਸਕ ਆਪਣੀ ਨਵੀਂ ਯੋਜਨਾ ਕਾਰਨ ਖ਼ਬਰਾਂ ਵਿੱਚ ਹਨ। ਇਸ ਯੋਜਨਾ ਦੇ ਲਾਗੂ ਹੋਣ ’ਤੇ ਲੱਖਾਂ ਬੱਚਿਆਂ ਨੂੰ ਦੁਨੀਆ ਦੀਆਂ ਪ੍ਰਮੁੱਖ ਪੁਲਾੜ ਕੰਪਨੀਆਂ ਵਿੱਚ ਹਿੱਸੇਦਾਰ ਬਣਨ ਦਾ ਮੌਕਾ ਮਿਲ ਸਕਦਾ ਹੈ। ਮਸਕ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਪੋਸਟ ਵਿੱਚ ਕਿਹਾ ਹੈ ਕਿ ਉਹ ਅਗਲੇ ਸਾਲ ਅਮਰੀਕਾ ਦੇ ਹਰ ਬੱਚੇ ਨੂੰ ਸਪੇਸਐਕਸ ਦਾ ਹਿੱਸੇਦਾਰ ਬਣਾਵੇਗਾ। ਉਸਨੇ ਇਸਨੂੰ ਅਜਿਹੀਆਂ ਕਈ ਯੋਜਨਾਵਾਂ ਵਿੱਚੋਂ ਪਹਿਲ ਦੱਸਿਆ ਹੈ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਸ਼ੇਅਰ ਕਿਸ ਪ੍ਰਕਿਰਿਆ ਅਤੇ ਸ਼ਰਤਾਂ ਅਧੀਨ ਵੰਡੇ ਜਾਣਗੇ।

ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ, ਸੰਯੁਕਤ ਰਾਜ ਅਮਰੀਕਾ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ




ਗਿਣਤੀ ਲਗਭਗ 7.4 ਕਰੋੜ ਹੈ। ਖ਼ਬਰਾਂ ਵਿੱਚ ਦੱਸੇ ਗਏ ਇੱਕ ਸਪੇਸਐਕਸ ਸ਼ੇਅਰ ਲਈ 146 ਡਾਲਰ ਦੀ ਅਨੁਮਾਨਿਤ ਕੀਮਤ ਦੇ ਆਧਾਰ ’ਤੇ, ਹਰੇਕ ਬੱਚੇ ਨੂੰ ਇੱਕ ਹਿੱਸਾ ਦੇਣ ਦੀ ਕੁੱਲ ਲਾਗਤ ਲਗਭਗ 10.8 ਅਰਬ ਡਾਲਰ ਬਣਦੀ ਹੈ। ਇਹ ਰਕਮ ਭਾਰਤੀ ਮੁਦਰਾ ਵਿੱਚ ਲਗਭਗ 1.02 ਲੱਖ ਕਰੋੜ ਰੁਪਏ ਦੇ ਬਰਾਬਰ ਹੈ। ਹਾਲਾਂਕਿ, ਇਹ ਗਣਨਾ ਅਨੁਮਾਨਿਤ ਸ਼ੇਅਰ ਮੁੱਲ ਅਤੇ ਬੱਚਿਆਂ ਦੀ ਗਿਣਤੀ ’ਤੇ ਅਧਾਰਿਤ ਹੈ। ਸਪੇਸਐਕਸ ਇੱਕ ਨਿੱਜੀ ਕੰਪਨੀ ਹੈ, ਇਸ ਲਈ ਇਸਦੇ ਸ਼ੇਅਰਾਂ ਦੀ ਕੀਮਤ ਅਤੇ ਟ੍ਰਾਂਸਫਰ ਦੀਆਂ ਸ਼ਰਤਾਂ ਆਮ ਸਟਾਕ ਮਾਰਕੀਟ ਵਿੱਚ ਸੂਚੀਬੱਧ ਕੰਪਨੀਆਂ ਨਾਲੋਂ ਵੱਖਰੀਆਂ ਹੋ ਸਕਦੀਆਂ ਹਨ।

ਐਲੋਨ ਮਸਕ ਸਪੇਸਐਕਸ ਦਾ ਸਭ ਤੋਂ ਵੱਡਾ ਸ਼ੇਅਰਧਾਰਕ ਹੈ। ਖ਼ਬਰਾਂ ਵਿੱਚ ਹਵਾਲਾ ਦਿੱਤੀ ਗਈ ਰੈਗੂਲੇਟਰੀ ਫਾਈਲਿੰਗ ਅਨੁਸਾਰ, 30 ਜੂਨ ਤੱਕ ਕੰਪਨੀ ਵਿੱਚ ਉਸਦੀ ਹਿੱਸੇਦਾਰੀ ਲਗਭਗ 48.4 ਪ੍ਰਤੀਸ਼ਤ ਸੀ। ਫਾਈਲਿੰਗ ਵਿੱਚ ਕਿਹਾ ਗਿਆ ਹੈ ਕਿ ਮਸਕ ਕੋਲ ਲਗਭਗ 6.42 ਅਰਬ ਸ਼ੇਅਰ ਹਨ। ਇਸ ਵਿੱਚ ਵੱਖ-ਵੱਖ ਵਰਗਾਂ ਦੇ ਸ਼ੇਅਰ ਅਤੇ ਟਰੱਸਟਾਂ ਦੁਆਰਾ ਰੱਖੇ ਗਏ ਸ਼ੇਅਰ ਸ਼ਾਮਲ ਹਨ। ਉਸ ਕੋਲ ਸਟਾਕ ਵਿਕਲਪ ਅਧਿਕਾਰ ਵੀ ਹਨ ਜੋ ਉਸਨੂੰ ਭਵਿੱਖ ਵਿੱਚ ਵਾਧੂ ਸ਼ੇਅਰ ਪ੍ਰਾਪਤ ਕਰਨ ਦੀ ਆਗਿਆ ਦਿੰਦੇ ਹਨ। (ਬਾਕੀ ਸਫ਼ਾ 27 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਾਰਪੋਰੇਟ ਮੁਨਾਫ਼ਾਖ਼ੋਰੀ ਵਿਰੁੱਧ ਯੂਰੋਪ ਵਿੱਚ ਬਗ਼ਾਵਤ

## ਫ਼ਰਾਂਸ, ਇਟਲੀ ਤੇ ਬੈਲਜੀਅਮ ਵਿੱਚ ਹਿੰਸਾ; ਸੈਂਕੜੇ ਗ੍ਰਿਫ਼ਤਾਰ

## ਘਰਾਂ ਦੇ ਵਧਦੇ ਕਿਰਾਏ ਤੇ ਮਹਿੰਗਾਈ ਨੇ ਖੋਹਿਆ ਚੈਨ

## ਪੁਰਤਗਾਲ ਤੋਂ ਪੈਰਿਸ ਤੱਕ ਤੰਬੂ ਗੱਡ ਕੇ ਸੜਕਾਂ ’ਤੇ ਡਟੇ ਪ੍ਰਦਰਸ਼ਨਕਾਰੀ, ਪੁਲਿਸ ਨਾਲ ਖ਼ੂਨੀ ਝੜਪਾਂ

ਵਧਦੀ ਮਹਿੰਗਾਈ, ਘਰਾਂ ਦੇ ਅਸਮਾਨੀ ਚੜ੍ਹੇ ਕਿਰਾਏ ਅਤੇ ਜੀਵਨ ਨਿਰਵਾਹ ਦੇ ਵਧਦੇ ਖ਼ਰਚਿਆਂ ਕਾਰਣ ਯੂਰੋਪ ਵਿੱਚ ਸਰਕਾਰਾਂ ਵਿਰੁੱਧ ਬਗ਼ਾਵਤ ਫੈਲ ਗਈ ਹੈ। ਫ਼ਰਾਂਸ, ਇਟਲੀ, ਬੈਲਜੀਅਮ ਅਤੇ ਪੁਰਤਗਾਲ ਦੀਆਂ ਸੜਕਾਂ ’ਤੇ ਲੱਖਾਂ ਲੋਕ ਉੱਤਰ ਆਏ ਹਨ। ਸ਼ਾਂਤਮਈ ਢੰਗ ਨਾਲ ਸ਼ੁਰੂ ਹੋਏ ਇਹ ਰੋਸ ਮਾਰਚ ਕਈ ਥਾਵਾਂ ’ਤੇ ਪੁਲਿਸ ਨਾਲ ਖ਼ੂਨੀ ਝੜਪਾਂ, ਅੱਗਜ਼ਨੀ ਅਤੇ ਲੁੱਟ-ਖੋਹ ਵਿਚ ਬਦਲ ਗਏ ਹਨ।



ਫ਼ਰਾਂਸ ਵਿੱਚ ਹਾਲਾਤ ਸਭ ਤੋਂ ਵੱਧ ਤਣਾਅਪੂਰਨ ਹਨ। ਦੇਸ਼ ਭਰ ਵਿੱਚ ਸਾਢੇ ਪੰਜ ਲੱਖ ਤੋਂ ਵੱਧ ਪ੍ਰਦਰਸ਼ਨਕਾਰੀ ਸੜਕਾਂ ’ਤੇ ਉੱਤਰੇ ਹੋਏ ਹਨ। ਪੈਰਿਸ, ਮਾਰਸੇਈ, ਲਿਓਨ ਅਤੇ ਲਿਮੋਜ਼ ਸਮੇਤ ਕਈ ਸ਼ਹਿਰਾਂ ਵਿੱਚ ਵੱਡੇ ਪੱਧਰ ’ਤੇ ਹਿੰਸਾ ਜਾਰੀ ਹੈ। ਲਿਮੋਜ਼ ਵਿੱਚ ਪ੍ਰਦਰਸ਼ਨਕਾਰੀਆਂ ਨੇ 140 ਸਾਲ ਪੁਰਾਣੇ ਇਤਿਹਾਸਕ ਟਾਊਨ ਹਾਲ ਨੂੰ ਅੱਗ ਲਗਾ ਕੇ ਸੁਆਹ ਕਰ ਦਿੱਤਾ ਸੀ। ਹਾਲਾਤ ’ਤੇ ਕਾਬੂ ਪਾਉਣ ਲਈ ਪੁਲਿਸ ਨੇ ਲਗਭਗ 1,200 ਲੋਕਾਂ ਨੂੰ ਗ੍ਰਿਫ਼ਤਾਰ ਕਰ ਚੁਕੀ ਹੈ, ਜਦਕਿ 150 ਤੋਂ ਵੱਧ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਚੁੱਕੇ ਹਨ। ਰਾਸ਼ਟਰਪਤੀ ਇਮੈਨੁਅਲ ਮੈਕਰੌਨ ਨੇ ਹਿੰਸਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।

ਇਟਲੀ ਦੇ ਉਦਯੋਗਿਕ ਸ਼ਹਿਰ ਮਿਲਾਨ ਵਿੱਚ ਮਹਿੰਗਾਈ ਵਿਰੁੱਧ ਕੱਢਿਆ ਮਾਰਚ ਹਿੰਸਕ ਰੂਪ ਕਰ ਚੁਕਾ ਹੈ। ਨਕਾਬਪੋਸ਼ ਨੌਜਵਾਨਾਂ ਨੇ ਸ਼ਹਿਰ ਦੇ ਮਸ਼ਹੂਰ ਪਿਆਜ਼ਾ ਡੇਲ ਡੂਓਮੋ ਚੌਕ ਨੇੜੇ ਲਗਜ਼ਰੀ ਬ੍ਰਾਂਡਾਂ ਦੀਆਂ ਦੁਕਾਨਾਂ ਦੇ ਸ਼ੀਸ਼ੇ ਭੰਨ ਕੇ ਲੁੱਟਮਾਰ ਕੀਤੀ ਅਤੇ ਪੁਲਿਸ ਦੀਆਂ ਗੱਡੀਆਂ ਦੀ ਭੰਨ-ਤੋੜ ਕੀਤੀ ਸੀ। ਭੀੜ ਨੂੰ ਖਿੰਡਾਉਣ ਲਈ ਪੁਲਿਸ ਨੂੰ ਵਾਟਰ ਕੈਨਨ ਅਤੇ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ ਸੀ। ਇਸੇ ਤਰ੍ਹਾਂ ਬੈਲਜੀਅਮ ਦੀ ਰਾਜਧਾਨੀ ਬ੍ਰਸੇਲਜ਼ ਵਿਚ ਯੂਨੀਵਰਸਿਟੀਆਂ ਦੀ ਵਧੀ ਹੋਈ ਫੀਸ ਅਤੇ ਮਹਿੰਗਾਈ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਨੇ ਗੱਡੀਆਂ ਪਲਟਾ ਦਿੱਤੀਆਂ ਸਨ ਅਤੇ ਬੈਰੀਕੇਡ ਸਾੜ ਦਿੱਤੇ ਸਨ।

ਪੁਰਤਗਾਲ ਦੀ ਰਾਜਧਾਨੀ ਲਿਸਬਨ ਅਤੇ ਪੋਰਤੋ ਵਿਚ ਹਜ਼ਾਰਾਂ ਲੋਕ ਘਰਾਂ ਦੀ ਘਾਟ ਅਤੇ ਦੁੱਗਣੇ ਹੋ ਚੁੱਕੇ ਕਿਰਾਇਆਂ ਖ਼ਿਲਾਫ਼ ਸੜਕਾਂ ’ਤੇ ਉੱਤਰ ਆਏ ਹਨ। ਪ੍ਰਦਰਸ਼ਨਕਾਰੀਆਂ ਨੇ ਸ਼ਹਿਰ ਦੇ ਮੁੱਖ ਚੌਕਾਂ ਵਿੱਚ ਤੰਬੂ ਲਗਾ ਕੇ ਪੱਕੇ ਮੋਰਚੇ ਲਗਾ ਲਏ ਹਨ। ਲੋਕਾਂ ਦਾ ਕਹਿਣਾ ਹੈ ਕਿ ਘੱਟ ਤਨਖ਼ਾਹਾਂ ਕਾਰਨ ਉਹਨਾਂ ਲਈ ਘਰ ਦਾ ਕਿਰਾਇਆ ਦੇਣਾ ਅਤੇ ਰਾਸ਼ਨ ਖ਼ਰੀਦਣਾ ਅਸੰਭਵ ਹੋ ਗਿਆ ਹੈ। ਹਾਲਾਂਕਿ ਪੁਰਤਗਾਲ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਸੜਕਾਂ ਦੇ ਦਬਾਅ ਅੱਗੇ ਨਹੀਂ ਝੁਕੇਗੀ।

ਜੰਗਾਂ ਦਾ ਬੋਝ ਅਤੇ ਕਾਰਪੋਰੇਟ ਮੁਨਾਫ਼ਾਖ਼ੋਰੀ ਮੁੱਖ ਕਾਰਨ

ਇਸ ਲੋਕ ਰੋਸ ਦੇ ਪਿੱਛੇ ਚੱਲ ਰਹੀਆਂ ਕੌਮਾਂਤਰੀ ਜੰਗਾਂ ਅਤੇ ਕਾਰਪੋਰੇਟ ਘਰਾਣਿਆਂ ਦੀ ਅੰਨ੍ਹੀ ਮੁਨਾਫ਼ਾਖ਼ੋਰੀ ਨੂੰ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਸਰਕਾਰਾਂ ਲੋਕ ਭਲਾਈ, ਸਿੱਖਿਆ ਅਤੇ ਸਿਹਤ ਦੇ ਬਜਟ ਵਿਚ ਕਟੌਤੀ ਕਰਕੇ ਜੰਗੀ ਹਥਿਆਰਾਂ ’ਤੇ ਖ਼ਰਚ ਵਧਾ ਰਹੀਆਂ ਹਨ। ਦੂਜੇ ਪਾਸੇ ਤੇਲ ਅਤੇ ਰੀਅਲ ਅਸਟੇਟ ਕੰਪਨੀਆਂ ਰਿਕਾਰਡ ਮੁਨਾਫ਼ਾ ਕਮਾ ਰਹੀਆਂ ਹਨ, ਜਿਸ ਦਾ ਸਿੱਧਾ ਬੋਝ ਆਮ ਲੋਕਾਂ ਦੀ ਜੇਬ ’ਤੇ ਪੈ ਰਿਹਾ ਹੈ।

ਯੂਰੋਪ ਦੀ ਧਰਤੀ ’ਤੇ ਭੜਕਿਆ ਇਹ ਲੋਕ ਰੋਸ ਸਿਰਫ਼ ਕਿਸੇ ਇੱਕ ਖਿੱਤੇ ਦੀਆਂ ਸਰਹੱਦਾਂ ਤੱਕ ਸੀਮਤ ਰਹਿਣ ਵਾਲਾ ਨਹੀਂ। ਅਜੋਕੇ ਦੌਰ ਵਿੱਚ ਸਮੁੱਚਾ ਵਿਸ਼ਵ ਆਰਥਿਕ ਅਤੇ ਵਪਾਰਕ ਤੌਰ ’ਤੇ ਇੱਕ-ਦੂਜੇ ਨਾਲ ਜੁੜਿਆ ਹੋਇਆ ਹੈ। ਜੇਕਰ ਯੂਰੋਪੀ ਅਰਥਚਾਰਾ ਮੰਦੀ, ਉੱਚੀਆਂ ਵਿਆਜ ਦਰਾਂ ਅਤੇ ਉਦਯੋਗਿਕ ਖੜੋਤ ਦੀ ਗ੍ਰਿਫ਼ਤ ਵਿੱਚ ਫਸਦਾ ਹੈ, ਤਾਂ ਇਸ ਦਾ ਸਿੱਧਾ ਅਸਰ ਕੌਮਾਂਤਰੀ ਸਪਲਾਈ ਚੇਨ, ਊਰਜਾ ਬਾਜ਼ਾਰ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ’ਤੇ ਪੈਣਾ ਲਾਜ਼ਮੀ ਹੈ। ਵਿਸ਼ਵ ਭਰ ਦੇ ਵਿਕਾਸਸ਼ੀਲ ਮੁਲਕ—ਜੋ ਪਹਿਲਾਂ ਹੀ ਕਰਜ਼ਿਆਂ ਦੇ ਭਾਰ ਅਤੇ ਮੁਦਰਾ ਦੇ ਡਿੱਗਦੇ ਮੁੱਲ ਨਾਲ ਜੂਝ ਰਹੇ ਹਨ—ਮਹਿੰਗਾਈ ਦੇ ਇੱਕ ਹੋਰ ਵੱਡੇ ਝਟਕੇ ਨੂੰ ਸਹਿਣ ਦੇ ਸਮਰੱਥ ਨਹੀਂ ਹਨ। ਜੇਕਰ ਵਸਤਾਂ ਦੀਆਂ ਕੀਮਤਾਂ ’ਤੇ ਤੁਰੰਤ ਕਾਬੂ ਨਾ ਪਾਇਆ ਗਿਆ, ਤਾਂ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਕਈ ਦੇਸ਼ਾਂ ਵਿੱਚ ਜਨਤਕ ਅਸੰਤੋਸ਼ ਦਾ ਵੱਡਾ ਧਮਾਕਾ ਹੋ ਸਕਦਾ ਹੈ।

ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਦੇਸ਼ ਦੀ ਸਮਾਜਿਕ ਅਤੇ ਆਰਥਿਕ ਬਣਤਰ ਕਾਰਨ ਇੱਥੇ ਯੂਰੋਪ ਵਰਗੀ ਹਿੰਸਕ ਬਗ਼ਾਵਤ ਜਾਂ ਸੜਕਾਂ ’ਤੇ ਅੱਗਜ਼ਨੀ ਦੀ ਤੁਰੰਤ ਸੰਭਾਵਨਾ ਤਾਂ ਘੱਟ ਜਾਪਦੀ ਹੈ। 80 ਕਰੋੜ ਤੋਂ ਵੱਧ ਆਬਾਦੀ ਨੂੰ ਮਿਲ ਰਿਹਾ ਮੁਫ਼ਤ ਅਨਾਜ ਅਤੇ ਵੱਖ-ਵੱਖ ਭਲਾਈ ਸਕੀਮਾਂ ਆਮ ਲੋਕਾਂ ਨੂੰ ਭੁੱਖਮਰੀ ਦੇ ਅਤਿਅੰਤ ਸੰਕਟ ਤੋਂ ਇੱਕ ਸੁਰੱਖਿਆ ਢਾਲ ਜ਼ਰੂਰ ਦਿੰਦੀਆਂ ਹਨ। ਪਰ ਇਸ ਦੇ ਬਾਵਜੂਦ ਜ਼ਮੀਨੀ ਸੱਚਾਈ ਇਹ ਹੈ ਕਿ ਵਧਦੀ ਮਹਿੰਗਾਈ ਨੇ ਮੱਧਵਰਗ ਅਤੇ ਗ਼ਰੀਬ ਪਰਿਵਾਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਰਸੋਈ ਗੈਸ, ਦਾਲਾਂ, ਖਾਣ ਵਾਲੇ ਤੇਲ ਅਤੇ ਸਿੱਖਿਆ-ਸਿਹਤ ਦੇ ਅਸਮਾਨੀ ਚੜ੍ਹੇ ਖ਼ਰਚਿਆਂ ਨੇ ਬੱਚਤਾਂ ਖ਼ਤਮ ਕਰ ਦਿੱਤੀਆਂ ਹਨ। ਦੂਜੇ ਪਾਸੇ, ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਅਤੇ ਪੇਂਡੂ ਖੇਤਰਾਂ ਵਿੱਚ

(ਬਾਕੀ ਸਫ਼ਾ 27 ’ਤੇ)

## ਹਿੰਸਾ ਨੂੰ ਰੋਕਣ ਲਈ ਫਰਾਂਸ ਦੇ ਕਈ ਸ਼ਹਿਰਾਂ ਵਿੱਚ ਕਰਫ਼ਿਊ ਲਗਾਇਆ



ਪੈਰਿਸ/ਏ.ਟੀ.ਨਿਊਜ਼ : ਮਹਿੰਗਾਈ, ਵਧਦੀਆਂ ਕੀਮਤਾਂ ਅਤੇ ਸਕੂਲਾਂ ਦੀ ਖਰਾਬ ਹੁੰਦੀ ਹਾਲਤ ਨੂੰ ਲੈ ਕੇ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨਾਂ ਦੇ ਹਿੰਸਕ ਰੂਪ ਧਾਰਨ ਕਰਨ ਤੋਂ ਬਾਅਦ ਫਰਾਂਸੀਸੀ ਸਰਕਾਰ ਨੇ ਸਖ਼ਤ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ। ‘ਰਾਇਟਰਜ਼’ ਦੀ ਰਿਪੋਰਟ ਅਨੁਸਾਰ, ਕਈ ਸ਼ਹਿਰਾਂ ਵਿੱਚ ਭੰਨਤੋੜ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਤੋਂ ਬਾਅਦ ਸਰਕਾਰ ਨੇ ਸਥਾਨਕ ਅਧਿਕਾਰੀਆਂ ਨੂੰ ਲੋੜ ਅਨੁਸਾਰ ਕੁਝ ਖਾਸ ਇਲਾਕਿਆਂ ਵਿੱਚ ਕਰਫਿਊ ਲਗਾਉਣ ਦੇ ਨਿਰਦੇਸ਼ ਦਿੱਤੇ ਹਨ। ਦੇਸ਼ ਵਿੱਚ ਐਮਰਜੈਂਸੀ ਦੀ ਸਥਿਤੀ ਐਲਾਨਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ ਹੈ। ਇਸ ਦੌਰਾਨ ਵੱਖ-ਵੱਖ ਮਜ਼ਦੂਰ ਯੂਨੀਅਨਾਂ ਨੇ 5 ਨਵੰਬਰ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਹੈ।

ਯੂਰੋਪ ਦੀਆਂ ਕਈ ਸਰਕਾਰਾਂ ਨੇ ਫਰਾਂਸ ਸਮੇਤ 6 ਦੇਸ਼ਾਂ ਲਈ ਯਾਤਰਾ ਸਲਾਹਕਾਰ ਜਾਰੀ ਕੀਤੇ ਹਨ, ਜਿਸ ਵਿੱਚ ਉਨ੍ਹਾਂ ਨੇ ਆਪਣੇ ਨਾਗਰਿਕਾਂ ਨੂੰ ਭੀੜ-ਭੜੱਕੇ ਵਾਲੀਆਂ ਥਾਵਾਂ ’ਤੇ ਜਾਣ ਤੋਂ ਬਚਣ ਦੀ ਅਪੀਲ ਕੀਤੀ ਹੈ। ਫਰਾਂਸੀਸੀ ਸਰਕਾਰ ਨੇ ਪੂਰੇ ਦੇਸ਼ ਵਿੱਚ ਲਗਭਗ 60,000 ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਹਨ। ਹਿੰਸਾ ਦੇ ਸਬੰਧ ਵਿੱਚ 2,400 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਦੋਂ ਕਿ ਲਗਭਗ 1,000 ਤੋਂ ਵੱਧ ਪੁਲਸ ਅਧਿਕਾਰੀ ਅਤੇ ਸੁਰੱਖਿਆ ਕਰਮਚਾਰੀ ਜ਼ਖਮੀ ਹੋਏ ਹਨ। ਮਾਰਸੇਲ ਵਿੱਚ ਵਿਰੋਧ ਪ੍ਰਦਰਸ਼ਨਾਂ ਅਤੇ ਜਨਤਕ ਇਕੱਠਾਂ ’ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਕਈ ਸ਼ਹਿਰਾਂ ਵਿੱਚ ਸਰਕਾਰੀ ਇਮਾਰਤਾਂ ਅਤੇ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਰਿਪੋਰਟਾਂ ਅਨੁਸਾਰ ਲਗਭਗ 3,000 ਦੁਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ। ਪੈਰਿਸ ਅਤੇ ਮਾਰਸੇਲ ਦੋਵਾਂ ਥਾਵਾਂ ’ਤੇ ਵੱਡੇ ਪੱਧਰ ’ਤੇ ਲੁੱਟ-ਖੋਹ ਦੀਆਂ ਖਬਰਾਂ ਹਨ। ਵੱਖ-ਵੱਖ ਸ਼ਹਿਰਾਂ ਦੇ ਮੇਅਰਾਂ ਨੇ ਪੁਲਿਸ ਦੀ

(ਬਾਕੀ ਸਫ਼ਾ 27 ’ਤੇ)

# ਵੀਜ਼ਾ ਪ੍ਰਣਾਲੀ ’ਚ ਬਦਲਾਓ ਕਰਨ ਲੱਗਿਆ ਅਮਰੀਕਾ

## ਖ਼ਤਮ ਕਰ ਦਿੱਤੀ ਜਾਵੇਗੀ ‘ਡਾਇਵਰਸਿਟੀ ਵੀਜ਼ਾ ਲਾਟਰੀ’




ਵਾਸ਼ਿੰਗਟਨ/ਏ.ਟੀ.ਨਿਊਜ਼: ਇੱਕ ਰਿਪਬਲਿਕਨ ਸੰਸਦ ਮੈਂਬਰ ਨੇ ਅਮਰੀਕਾ ਦੀ ਐਚ-1ਬੀ ਵੀਜ਼ਾ ਚੋਣ ਪ੍ਰਣਾਲੀ ਨੂੰ ਇੱਕ ਅਜਿਹੇ ਢਾਂਚੇ ਨਾਲ ਬਦਲਣ ਦਾ ਪ੍ਰਸਤਾਵ ਦਿੱਤਾ ਹੈ ਜੋ ਯੋਗਤਾ (ਮੈਰਿਟ) ’ਤੇ ਅਧਾਰਿਤ ਹੋਵੇਗਾ। ਇਸ ਨਵੀਂ ਪ੍ਰਣਾਲੀ ਵਿੱਚ ਉੱਚ ਹੁਨਰਮੰਦ ਅਤੇ ਬਿਹਤਰ ਤਨਖਾਹ ਪ੍ਰਾਪਤ ਕਰਨ ਵਾਲੇ ਵਿਦੇਸ਼ੀ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ, ਜਦਕਿ ਪਰਿਵਾਰਕ-ਪ੍ਰਯੋਜਿਤ ਇਮੀਗ੍ਰੇਸ਼ਨ ਨੂੰ ਸਖ਼ਤੀ ਨਾਲ ਸੀਮਤ ਕੀਤਾ ਜਾਵੇਗਾ ਅਤੇ ‘ਡਾਇਵਰਸਿਟੀ ਵੀਜ਼ਾ ਲਾਟਰੀ’ ਨੂੰ ਖਤਮ ਕਰ ਦਿੱਤਾ ਜਾਵੇਗਾ।

ਅਰੀਜ਼ੋਨਾ ਤੋਂ ਰਿਪਬਲਿਕਨ ਸੰਸਦ ਮੈਂਬਰ ਅਤੇ ਜੁਆਇੰਟ ਇਕਨਾਮਿਕ ਕਮੇਟੀ ਦੇ ਚੇਅਰਮੈਨ ਡੇਵਿਡ ਸ਼ਵੇਕਰਟ ਦੁਆਰਾ ਪੇਸ਼ ਕੀਤੇ ਗਏ ‘ਸਿਕਿਓਰਿੰਗ ਮਾਈਗ੍ਰੇਸ਼ਨ, ਐਡਰੈਸਿੰਗ ਰਿਫਾਰਮ, ਐਂਡ ਟੈਲੇਂਟ ਐਨਹਾਂਸਮੈਂਟ ਐਂਡ ਰਿਟੈਂਸ਼ਨ’ ਦਾ ਮੁੱਖ ਉਦੇਸ਼ ਜ਼ਿਆਦਾ ਹੁਨਰਮੰਦ ਅਤੇ ਵੱਧ ਤਨਖਾਹ ਵਾਲੇ ਵਿਦੇਸ਼ੀ ਕਾਮਿਆਂ ਨੂੰ ਪਹਿਲ ਦੇਣਾ ਹੈ। ਇਹ ਬਿੱਲ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਵਿੱਚ ਪੇਸ਼ ਕਰਕੇ ਜੂਡੀਸ਼ਰੀ ਕਮੇਟੀ ਕੋਲ ਭੇਜਿਆ ਗਿਆ ਹੈ, ਹਾਲਾਂਕਿ ਇਹ ਅਜੇ ਕਾਨੂੰਨ ਨਹੀਂ ਬਣਿਆ ਹੈ। ਇਹ ਕਾਨੂੰਨੀ ਖਰੜਾ, ‘ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼’ ਵਿੱਚ ਪੇਸ਼ ਕੀਤਾ ਗਿਆ ਸੀ ਅਤੇ ਇਸਨੂੰ ‘ਜੁਡੀਸ਼ੀਅਰੀ ਕਮੇਟੀ’ ਕੋਲ ਭੇਜ ਦਿੱਤਾ ਗਿਆ ਸੀ। ਬਿੱਲ ਤਹਿਤ ਇੱਕ 5-ਮੈਂਬਰੀ ‘ਸਕਿਲਡ ਮਾਈਗ੍ਰੇਸ਼ਨ ਐਂਡ ਰਿਕਰੂਟਮੈਂਟ ਆਫ਼ ਟੈਲੇਂਟ ਬੋਰਡ’ ਬਣਾਉਣ ਦਾ ਪ੍ਰਸਤਾਵ ਹੈ। ਇਹ ਬੋਰਡ ਲੇਬਰ ਦੀ ਘਾਟ, ਬੇਰੋਜ਼ਗਾਰੀ, ਤਨਖਾਹਾਂ, ਉਤਪਾਦਕਤਾ ਅਤੇ ਆਰਥਿਕ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਸਾਲਾਨਾ

(ਬਾਕੀ ਸਫ਼ਾ 26 ’ਤੇ)

# ਕੈਨੇਡਾ ਵੱਲੋਂ ‘2026-2028 ਦੇ ਇਮੀਗ੍ਰੇਸ਼ਨ ਲੇਵਲਜ਼ ਪਲਾਨ’ ਜਾਰੀ

## ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਮਕਾਨਾਂ ਦੀ ਘਾਟ, ਕਿਰਾਏ ਵਿੱਚ ਵਾਧਾ, ਸਿਹਤ ਸੇਵਾਵਾਂ ਤੱਕ ਪਹੁੰਚ ਅਤੇ ਬੁਨਿਆਦੀ ਢਾਂਚੇ ਦੀ ਸਮਰੱਥਾ ਬਾਰੇ ਚਿੰਤਾਵਾਂ ਵਧੀਆਂ




ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਸਰਕਾਰ ਵੱਲੋਂ ਜਾਰੀ ਕੀਤੇ ਗਏ ‘2026-2028 ਦੇ ਇਮੀਗ੍ਰੇਸ਼ਨ ਲੇਵਲਜ਼ ਪਲਾਨ ਦੀ ਪੂਰਕ ਜਾਣਕਾਰੀ’ ਨੇ ਸਪਸ਼ਟ ਕਰ ਦਿੱਤਾ ਹੈ ਕਿ ਕੈਨੇਡਾ ਹੁਣ ਖੁੱਲ੍ਹੇ ਦਰਵਾਜ਼ਿਆਂ ਦੀ ਨੀਤੀ ਤੋਂ ਹਟ ਕੇ ਇੱਕ ਸੰਤੁਲਿਤ ਅਤੇ ਕਾਬੂ ਹੇਠਲੇ ਸਿਸਟਮ ਵੱਲ ਵਧ ਰਿਹਾ ਹੈ। ਸਰਕਾਰ ਦਾ ਉਦੇਸ਼ ਪੱਕੀ ਰਿਹਾਇਸ਼ ਦੇ ਦਾਖ਼ਲਿਆਂ ਨੂੰ ਸਥਿਰ ਰੱਖਣਾ, ਅਸਥਾਈ ਵਸਨੀਕਾਂ ਦੀ ਗਿਣਤੀ ਘਟਾਉਣਾ ਅਤੇ ਦੇਸ਼ ਦੀਆਂ ਆਰਥਿਕ ਲੋੜਾਂ ਅਨੁਸਾਰ ਹੁਨਰਮੰਦ ਕਾਮਿਆਂ ਨੂੰ ਤਰਜੀਹ ਦੇਣਾ ਹੈ।

ਇਸ ਨੀਤੀਗਤ ਤਬਦੀਲੀ ਪਿੱਛੇ ਕਈ ਆਰਥਿਕ ਅਤੇ ਸਮਾਜਿਕ ਕਾਰਕ ਹਨ। ਪਿਛਲੇ ਕੁਝ ਸਾਲਾਂ ਦੌਰਾਨ ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਮਕਾਨਾਂ ਦੀ ਘਾਟ, ਕਿਰਾਏ ਵਿੱਚ ਵਾਧਾ, ਸਿਹਤ ਸੇਵਾਵਾਂ ਤੱਕ ਪਹੁੰਚ ਅਤੇ ਬੁਨਿਆਦੀ ਢਾਂਚੇ ਦੀ ਸਮਰੱਥਾ ਬਾਰੇ ਚਿੰਤਾਵਾਂ ਵਧੀਆਂ ਹਨ। ਇਸ ਪਿਛੋਕੜ ਵਿੱਚ ਸਰਕਾਰ ਲਈ ਇੱਕ ਵੱਡੀ ਚੁਣੌਤੀ ਇਹ ਹੈ ਕਿ ਉਹ ਇਮੀਗ੍ਰੇਸ਼ਨ ਰਾਹੀਂ ਅਰਥਚਾਰੇ ਦੀਆਂ ਲੋੜਾਂ ਪੂਰੀਆਂ ਕਰੇ, ਪਰ ਨਾਲ ਹੀ ਰਿਹਾਇਸ਼, ਜਨਤਕ ਸੇਵਾਵਾਂ ਅਤੇ ਰੁਜ਼ਗਾਰ ਬਾਜ਼ਾਰ ’ਤੇ ਪੈ ਰਹੇ ਦਬਾਅ ਨੂੰ ਵੀ ਸੰਭਾਲੇ। ਹਾਲਾਂਕਿ ਮਕਾਨਾਂ ਦੀ ਘਾਟ ਜਾਂ ਸਿਹਤ ਸੇਵਾਵਾਂ ’ਤੇ ਦਬਾਅ ਨੂੰ ਸਿਰਫ਼ ਇਮੀਗ੍ਰੇਸ਼ਨ ਨਾਲ ਜੋੜਨਾ ਸਹੀ ਨਹੀਂ ਹੋਵੇਗਾ।

### ਪੱਕੀ ਰਿਹਾਇਸ਼ ਅਤੇ ਨਵੇਂ ਦਾਖ਼ਲਿਆਂ ਦੇ ਕੀ ਹਨ ਟੀਚੇ ?

ਯੋਜਨਾ ਮੁਤਾਬਕ 2026, 2027 ਅਤੇ 2028 ਵਿੱਚ ਹਰ ਸਾਲ 3,80,000 ਨਵੇਂ ਸਥਾਈ ਨਿਵਾਸੀਆਂ ਨੂੰ ਦਾਖ਼ਲਾ ਦੇਣ ਦਾ ਟੀਚਾ ਹੈ। ਇਸ ਦੀ ਨਿਰਧਾਰਿਤ ਹੱਦ 3,50,000 ਤੋਂ 4,20,000 ਤੱਕ ਹੈ। ਦੂਜੇ ਪਾਸੇ, ਅਸਥਾਈ ਕਾਮਿਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਦੀ ਨਵੀਂ ਆਮਦ ਦਾ ਟੀਚਾ 2026 ਵਿੱਚ 3,85,000 ਤੋਂ ਘਟਾ ਕੇ 2027 ਅਤੇ 2028 ਵਿੱਚ 3,70,000 ਸਾਲਾਨਾ ਕਰਨ ਦੀ ਯੋਜਨਾ ਹੈ। ਸਰਕਾਰ 2027 ਦੇ ਅੰਤ ਤੱਕ ਅਸਥਾਈ ਵਸਨੀਕਾਂ ਦੀ ਗਿਣਤੀ ਕੁੱਲ ਆਬਾਦੀ ਦੇ ਪੰਜ ਫ਼ੀਸਦੀ ਤੋਂ ਹੇਠਾਂ ਲਿਆਉਣਾ ਚਾਹੁੰਦੀ ਹੈ।

ਆਰਥਿਕ ਸ਼੍ਰੇਣੀ ਤਹਿਤ 2026 ਵਿੱਚ 2,39,800 ਦਾਖ਼ਲਿਆਂ ਦਾ ਟੀਚਾ ਰੱਖਿਆ ਗਿਆ ਹੈ, ਜਦਕਿ 2027 ਅਤੇ 2028 ਲਈ ਇਹ ਗਿਣਤੀ 2,44,700 ਸਾਲਾਨਾ ਹੈ। ਫੈਡਰਲ ਹਾਈ-ਸਕਿਲਡ ਸ਼੍ਰੇਣੀ ਲਈ 1,09,000 ਅਤੇ ਪ੍ਰੋਵਿੰਸ਼ੀਅਲ ਨੋਮੀਨੀ ਪ੍ਰੋਗਰਾਮ ਲਈ 91,500 ਦਾਖ਼ਲਿਆਂ ਦਾ ਟੀਚਾ ਦਿੱਤਾ ਗਿਆ ਹੈ। 2027 ਅਤੇ 2028 ਵਿੱਚ ਪੀ.ਆਰ. ਦਾਖ਼ਲਿਆਂ ਦਾ 64 ਫ਼ੀਸਦੀ ਆਰਥਿਕ ਸ਼੍ਰੇਣੀ ਰਾਹੀਂ ਕਰਨ ਦਾ ਟੀਚਾ ਵੀ ਇਸੇ ਰਣਨੀਤੀ ਦਾ ਹਿੱਸਾ ਹੈ।

### ਭਾਰਤੀ ਹੁਨਰਮੰਦਾਂ ਅਤੇ ਕੈਨੇਡਾ ’ਚ ਪਹਿਲਾਂ ਤੋਂ ਰਹਿ ਰਹੇ ਲੋਕਾਂ ਲਈ ਕੀ ਹੈ ਖ਼ਾਸ ?

ਸਰਕਾਰ 2026 ਅਤੇ 2027 ਦੌਰਾਨ 33,000 ਤੱਕ ਅਸਥਾਈ ਕਾਮਿਆਂ ਨੂੰ ਪੀ.ਆਰ. ਦੇਣ ਦੀ ਯੋਜਨਾ ਬਣਾ ਰਹੀ ਹੈ। ਇਸ ਤੋਂ ਇਲਾਵਾ ਲਗਪਗ 1,15,000 ਸੁਰੱਖਿਅਤ

(ਬਾਕੀ ਸਫ਼ਾ 26 ’ਤੇ)

# ਔਰਤਾਂ ਤੇ ਬੱਚੀਆਂ ਖ਼ਿਲਾਫ਼ ਹਿੰਸਾ ਵਿੱਚ ਭਾਰੀ ਉਛਾਲ

## ਸਾਲ ਵਿੱਚ 13.6 ਲੱਖ ਅਪਰਾਧ ਦਰਜ, ਪੁਲਿਸ ਨੇ ਐਲਾਨੀ 'ਕੌਮੀ ਐਮਰਜੈਂਸੀ'

## ਸੋਸ਼ਲ ਮੀਡੀਆ ਤੇ ਏ.ਆਈ. ਦਾ ਜ਼ਹਿਰ ਨੌਜਵਾਨਾਂ ਦੀ ਸੋਚ ਕਰ ਰਿਹੈ ਖ਼ਰਾਬ

ਔਰਤਾਂ ਅਤੇ ਨਾਬਾਲਗ ਲੜਕੀਆਂ ਵਿਰੁੱਧ ਹਿੰਸਾ ਦੇ ਮਾਮਲਿਆਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਇੱਕ ਨਵੀਂ ਕੌਮੀ ਰਿਪੋਰਟ ਨੇ ਬੇਹੱਦ ਡਰਾਉਣੀ ਤਸਵੀਰ ਪੇਸ਼ ਕੀਤੀ ਹੈ। ਬੀਤੇ ਇੱਕ ਸਾਲ ਦੌਰਾਨ ਔਰਤਾਂ ਅਤੇ ਕੁੜੀਆਂ ਖ਼ਿਲਾਫ਼ ਕੁੱਲ 13.6 ਲੱਖ ਹਿੰਸਕ ਅਪਰਾਧ ਦਰਜ ਕੀਤੇ ਗਏ। ਇਸ ਵਿੱਚੋਂ ਕਰੀਬ 2.31 ਲੱਖ ਮਾਮਲੇ ਨਾਬਾਲਗ ਉਮਰ ਦੇ ਪ੍ਰੇਮ ਸਬੰਧਾਂ ਵਿੱਚ ਹੋਈ ਹਿੰਸਾ ਨਾਲ ਜੁੜੇ ਹੋਏ ਸਨ। ਪੁਲਿਸ ਅਧਿਕਾਰੀਆਂ ਨੇ ਇਸ ਸਥਿਤੀ ਨੂੰ ਦੇਸ਼ ਲਈ 'ਕੌਮੀ ਐਮਰਜੈਂਸੀ' ਕਰਾਰ ਦਿੱਤਾ ਹੈ।

ਪੁਲਿਸ ਅਤੇ ਸੁਰੱਖਿਆ ਮਾਹਿਰਾਂ ਅਨੁਸਾਰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੌਜਵਾਨ ਮੁੰਡਿਆਂ ਦੀ ਸੋਚ ਵਿਗਾੜ ਰਹੇ ਹਨ। (ਇਨਫਲੂਐਂਸਰਜ਼) ਨੌਜਵਾਨਾਂ ਅੰਦਰ ਔਰਤਾਂ ਪ੍ਰਤੀ ਨਫ਼ਰਤ ਭਰ ਰਹੇ ਹਨ। ਸੋਸ਼ਲ ਮੀਡੀਆ ਔਰਤ-ਵਿਰੋਧੀ ਸਮੱਗਰੀ ਨੂੰ ਲਗਾਤਾਰ ਉਤਸ਼ਾਹਿਤ ਕਰਦਾ ਹੈ। ਇਸ ਕਾਰਨ ਲੜਕਿਆਂ ਅੰਦਰ ਹਿੰਸਕ ਰਵੱਈਆ ਆਮ ਬਣਦਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਬਲੈਕਮੇਲਿੰਗ ਅਤੇ ਦਬਾਅ ਬਣਾਉਣ ਲਈ ਕੀਤੀ ਜਾ ਰਹੀ ਹੈ।

ਇਸ ਨਫ਼ਰਤੀ ਸੋਚ ਦਾ ਸਭ ਤੋਂ ਮਾੜਾ ਅਸਰ ਵਿੱਦਿਅਕ ਅਦਾਰਿਆਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਰਿਪੋਰਟ ਮੁਤਾਬਕ 10 ਤੋਂ 18 ਸਾਲ ਦੇ ਨੌਜਵਾਨਾਂ ਵੱਲੋਂ ਕੀਤੇ ਗਏ ਅਪਰਾਧਾਂ ਵਿੱਚੋਂ 10 ਫ਼ੀਸਦੀ ਮਾਮਲੇ ਸਕੂਲਾਂ ਅਤੇ ਕਾਲਜਾਂ ਅੰਦਰ ਵਾਪਰੇ ਹਨ। ਜਿਨਸੀ ਸ਼ੋਸ਼ਣ ਅਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਦੇ ਡਰ ਕਾਰਨ ਬਹੁਤ ਸਾਰੀਆਂ ਵਿਦਿਆਰਥਣਾਂ ਨੇ ਸਕੂਲ ਜਾਣਾ ਵੀ ਛੱਡ ਦਿੱਤਾ ਹੈ। ਹਾਲਾਤ ਇੰਨੇ ਖ਼ਰਾਬ ਹਨ ਕਿ ਔਸਤਨ ਹਰ ਇੱਕ ਸਕਿੰਟ ਵਿੱਚ ਦੋ ਤੋਂ ਤਿੰਨ ਅਪਰਾਧ ਦਰਜ ਹੋ ਰਹੇ ਹਨ।

ਜਾਂਚ ਤੋਂ ਪਤਾ ਲੱਗਾ ਹੈ ਕਿ ਕੁੱਲ ਮੁਲਜ਼ਮਾਂ ਵਿੱਚੋਂ ਲਗਭਗ 24 ਫ਼ੀਸਦੀ ਅਜਿਹੇ ਅਪਰਾਧੀ ਹਨ, ਜੋ ਪਹਿਲਾਂ ਵੀ ਘੱਟੋ-ਘੱਟ ਤਿੰਨ ਵਾਰ ਹਿੰਸਾ ਕਰ ਚੁੱਕੇ ਹਨ। ਹਾਲ ਹੀ ਵਿੱਚ ਅਜਿਹੇ ਕਈ ਕੇਸ ਸਾਹਮਣੇ ਆਏ ਹਨ ਜਿੱਥੇ ਜ਼ਮਾਨਤ 'ਤੇ ਬਾਹਰ ਆਏ ਜਾਂ ਜੇਲ੍ਹ ਵਿੱਚੋਂ ਸਮੇਂ ਤੋਂ ਪਹਿਲਾਂ ਰਿਹਾਅ ਹੋਏ ਅਪਰਾਧੀਆਂ ਨੇ




ਔਰਤਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਘਰੇਲੂ ਹਿੰਸਾ ਅਜੇ ਵੀ ਸਭ ਤੋਂ ਵੱਡਾ ਖ਼ਤਰਾ ਬਣੀ ਹੋਈ ਹੈ। ਔਰਤਾਂ ਵਿਰੁੱਧ ਹੁੰਦੇ ਕੁੱਲ ਅਪਰਾਧਾਂ ਵਿੱਚੋਂ 65 ਫ਼ੀਸਦੀ ਕੇਸ ਸਿਰਫ਼ ਘਰੇਲੂ ਹਿੰਸਾ ਦੇ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਜ਼ਮੀਨੀ ਪੱਧਰ 'ਤੇ ਅਸਲ ਸਥਿਤੀ ਇਸ ਤੋਂ ਵੀ ਕਿਤੇ ਵੱਧ ਭਿਆਨਕ ਹੈ। ਸਮਾਜਿਕ ਡਰ ਅਤੇ ਬਦਨਾਮੀ ਕਾਰਨ ਲਗਭਗ 80 ਫ਼ੀਸਦੀ ਪੀੜਤ ਔਰਤਾਂ ਪੁਲਿਸ ਕੋਲ ਸ਼ਿਕਾਇਤ ਹੀ ਦਰਜ ਨਹੀਂ ਕਰਵਾਉਂਦੀਆਂ। ਔਰਤਾਂ ਦੇ ਹੱਕਾਂ ਲਈ ਲੜਨ ਵਾਲੀਆਂ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਨਿਆਂ ਪ੍ਰਣਾਲੀ ਅਤੇ ਕਾਨੂੰਨ ਨੂੰ ਸਖ਼ਤ ਨਾ ਕੀਤਾ ਗਿਆ, ਤਾਂ ਔਰਤਾਂ ਦੀ ਸੁਰੱਖਿਆ ਪੂਰੀ ਤਰ੍ਹਾਂ ਖ਼ਤਰੇ ਵਿੱਚ ਪੈ ਜਾਵੇਗੀ।

ਪੁਲਿਸ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਿਰਫ਼ ਸਜ਼ਾਵਾਂ ਵਧਾਉਣ ਨਾਲ ਕੰਮ ਨਹੀਂ ਚੱਲੇਗਾ। ਆਨਲਾਈਨ ਚੱਲ ਰਹੀ ਜ਼ਹਿਰੀਲੀ ਸਮੱਗਰੀ 'ਤੇ ਤੁਰੰਤ ਰੋਕ ਲਗਾਉਣੀ ਪਵੇਗੀ। ਸਕੂਲਾਂ ਵਿੱਚ ਮੁੰਡਿਆਂ ਨੂੰ ਔਰਤਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦੇਣੀ ਹੋਵੇਗੀ। ਵਾਰ-ਵਾਰ ਜੁਰਮ ਕਰਨ ਵਾਲੇ ਖ਼ਤਰਨਾਕ ਅਪਰਾਧੀਆਂ ਨੂੰ ਰਿਹਾਅ ਕਰਨ ਦੇ ਨਿਯਮਾਂ ਦੀ ਮੁੜ ਸਮੀਖਿਆ ਹੋਣੀ ਚਾਹੀਦੀ ਹੈ, ਤਾਂ ਜੋ ਮਾਸੂਮ ਕੁੜੀਆਂ ਅਤੇ ਔਰਤਾਂ ਨੂੰ ਦਹਿਸ਼ਤ ਤੋਂ ਮੁਕਤ ਜੀਵਨ ਦਿੱਤਾ ਜਾ ਸਕੇ।

# ਕੀ ਬ੍ਰਿਟੇਨ 'ਚ ਸੱਜੇ-ਪੱਖੀ ਹਿੰਸਾ ਲਈ ਸਿਆਸੀ ਆਗੂ ਵੀ ਜ਼ਿੰਮੇਵਾਰ ਨੇ ?

## ਦਹਿਸ਼ਤ ਤੇ ਗੁੱਸੇ ਦੀ ਰਾਜਨੀਤੀ ਖ਼ਿਲਾਫ਼ ਉੱਠੀਆਂ ਆਵਾਜ਼ਾਂ

## ਪਰਵਾਸੀਆਂ ਵਿਰੁੱਧ ਹਿੰਸਕ ਪ੍ਰਦਰਸ਼ਨਾਂ ਨੂੰ 'ਦੇਸ਼ ਭਗਤੀ' ਦੱਸਣ ਵਾਲੇ ਲੀਡਰ ਘਿਰੇ

ਲੰਡਨ/ਏ.ਟੀ.ਨਿਊਜ਼: ਬ੍ਰਿਟੇਨ ਅੰਦਰ ਸੱਜੇ-ਪੱਖੀ ਕੱਟੜਵਾਦ ਲਗਾਤਾਰ ਪੈਰ ਪਸਾਰ ਰਿਹਾ ਹੈ। ਪਰਵਾਸੀਆਂ ਖ਼ਿਲਾਫ਼ ਨਫ਼ਰਤ ਅਤੇ ਹਿੰਸਕ ਬਿਆਨਬਾਜ਼ੀ ਬਹੁਤ ਤੇਜ਼ ਹੋ ਗਈ ਹੈ। ਸੁਰੱਖਿਆ ਏਜੰਸੀ ਐਮ.ਆਈ-5 ਦੇ ਮੁਖੀ ਨੇ ਚਿਤਾਵਨੀ ਦਿੱਤੀ ਹੈ ਕਿ ਪਰਵਾਸੀ ਵਿਰੋਧੀ ਅਨਸਰ ਅੱਤਵਾਦੀ ਹਮਲੇ ਕਰਨ ਦੀ ਯੋਜਨਾ ਬਣਾ ਰਹੇ ਹਨ। ਸਮਾਜ ਵਿੱਚ ਵਧ ਰਹੀ ਨਫ਼ਰਤ ਲਈ ਸਿਰਫ਼ ਭਟਕੇ ਹੋਏ ਨੌਜਵਾਨਾਂ ਹੀ ਦੋਸ਼ੀ ਨਹੀਂ ਹਨ; ਸਗੋਂ ਵੋਟਾਂ ਖ਼ਾਤਰ ਜ਼ਹਿਰੀਲੀ ਬਿਆਨਬਾਜ਼ੀ ਕਰਨ ਵਾਲੇ ਸਿਆਸੀ ਆਗੂ ਵੀ ਬਰਾਬਰ ਦੇ ਜਵਾਬਦੇਹ ਹਨ।

ਜਿਹੜੇ ਸਿਆਸਤਦਾਨ ਇਸਲਾਮੀ ਕੱਟੜਪੰਥ ਅਤੇ ਨਫ਼ਰਤ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦੇ ਹਨ, ਉਹ ਖ਼ੁਦ ਪਰਵਾਸੀਆਂ ਵਿਰੁੱਧ ਹਿੰਸਕ ਭਾਸ਼ਾ ਵਰਤ ਰਹੇ ਹਨ। ਨਾਈਜੇਲ ਫ਼ਰਾਜ, ਸੁਏਲਾ ਬ੍ਰੇਵਰਮੈਨ ਅਤੇ ਰੌਬਰਟ ਜੈਨਰਿਕ ਵਰਗੇ ਆਗੂ ਲਗਾਤਾਰ ਸਖ਼ਤ ਨਿਯਮਾਂ ਦੀ ਵਕਾਲਤ ਕਰਦੇ ਆਏ ਹਨ ਪਰ ਖ਼ੁਫ਼ੀਆ ਏਜੰਸੀ ਦੀ ਚਿਤਾਵਨੀ ਵਾਲੇ ਦਿਨ ਹੀ ਰੌਬਰਟ ਜੈਨਰਿਕ ਨੇ ਬੇਹੱਦ ਵਿਵਾਦਤ ਬਿਆਨ ਦੇ ਦਿੱਤਾ। ਉਹਨਾਂ ਨੇ ਕਿਹਾ ਕਿ ਸਮੁੰਦਰ ਰਾਹੀਂ ਆਉਣ ਵਾਲੇ ਪਰਵਾਸੀਆਂ ਨੂੰ ਰੋਕਣ ਲਈ ਫ਼ੌਜ ਤਾਇਨਾਤ ਹੋਣੀ ਚਾਹੀਦੀ ਹੈ ਅਤੇ ਲੋੜ ਪੈਣ 'ਤੇ ਉਹਨਾਂ 'ਤੇ ਜਾਨਲੇਵਾ ਤਾਕਤ (ਗੋਲੀ) ਵੀ ਵਰਤੀ ਜਾ ਸਕਦੀ ਹੈ।

ਇਸ ਬਿਆਨ ਤੋਂ ਬਾਅਦ ਵਿਵਾਦ ਵਧ ਗਿਆ। ਫ਼ਰਾਜ ਨੇ ਇਸ ਬਿਆਨ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਉਹਨਾਂ ਕਿਹਾ ਕਿ ਗੋਲੀ ਸਿਰਫ਼ ਉਦੋਂ ਹੀ ਚਲਾਈ ਜਾਵੇਗੀ ਜੇਕਰ ਸੈਨਿਕਾਂ 'ਤੇ ਹਮਲਾ ਹੋਵੇਗਾ ਪਰ ਗ੍ਰਹਿ ਮੰਤਰਾਲੇ ਦੇ ਰਿਕਾਰਡ ਮੁਤਾਬਕ ਪਿਛਲੇ ਸੱਤ ਸਾਲਾਂ ਵਿਚ ਛੋਟੀਆਂ ਕਿਸ਼ਤੀਆਂ ਰਾਹੀਂ ਆਉਣ ਵਾਲੇ ਪਰਵਾਸੀਆਂ ਕੋਲੋਂ ਕੋਈ ਹਥਿਆਰ ਨਹੀਂ ਮਿਲਿਆ। ਇਸ ਲਈ ਅਜਿਹੇ ਬਿਆਨ ਸਿਰਫ਼ ਹਿੰਸਾ ਨੂੰ ਹਵਾ ਦੇ ਰਹੇ ਹਨ।

ਇਸੇ ਦੌਰਾਨ ਆਈ.ਟੀ.ਵੀ. ਦੇ ਇੱਕ ਸਟਿੰਗ ਅਪਰੇਸ਼ਨ ਨੇ ਵੱਡਾ ਖ਼ੁਲਾਸਾ ਕੀਤਾ ਹੈ। 'ਰਿਫਾਰਮ ਯੂ.ਕੇ.' ਪਾਰਟੀ ਦੇ ਕੌਂਸਲਰਾਂ ਨੇ ਏਸ਼ੀਆਈ ਪਰਿਵਾਰਾਂ ਨੂੰ 'ਪਰਜੀਵੀ' ਅਤੇ ਕਾਲੇ ਬੱਚਿਆਂ ਨੂੰ 'ਜਾਨਵਰ' ਕਿਹਾ। ਜਾਂਚ ਦੌਰਾਨ ਇਹ ਗੰਭੀਰ ਖ਼ੁਲਾਸਾ ਹੋਇਆ ਕਿ ਕੁਝ ਆਗੂਆਂ ਨੇ ਨੌਜਵਾਨਾਂ ਨੂੰ ਘਰ-ਘਰ ਜਾ ਕੇ ਪਰਵਾਸੀਆਂ ਨੂੰ ਫੜਨ ਅਤੇ ਹਿਰਾਸਤੀ ਕੈਂਪਾਂ ਵਿੱਚ ਡੱਕਣ ਦੀ ਸਿਖਲਾਈ ਦੇਣ ਦੀ ਵਕਾਲਤ ਕੀਤੀ ਸੀ। ਹੱਦ ਤਾਂ ਉਦੋਂ ਹੋਈ ਜਦੋਂ ਇੱਕ ਆਗੂ ਨੇ ਸ਼ਰੇਆਮ ਫਾਂਸੀ ਦੇਣ ਦੀ ਵਕਾਲਤ ਕਰ ਦਿੱਤੀ। ਮਾਮਲਾ (ਬਾਕੀ ਸਫ਼ਾ 26 'ਤੇ)






## ਸਰਕਾਰੀ ਝੂਠੇ ਲਾਰਿਆਂ ਤੋਂ ਅੱਕੇ ਲੋਕ

# ਪੰਜਾਬ ਦੀ ਸੁੱਤੀ ਅਣਖ ਨੂੰ ਹਲੂਣ ਰਹੀ ਹੈ ਪਰਵਿੰਦਰ ਸਿੰਘ ਦੀ ਸ਼ਹਾਦਤ



ਬਲਵਿੰਦਰ ਪਾਲ ਸਿੰਘ
ਪ੍ਰੋਫ਼ੈਸਰ
9815700916



ਮਾਨਸਾ ਦੀ ਧਰਤੀ ਉੱਤੇ ਨਸ਼ਾ-ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦਾ ਦਿਨ-ਦਿਹਾੜੇ ਹੋਏ ਕਤਲ ਨੇ ਪੂਰੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇੱਕ ਨੌਜਵਾਨ ਜੋ ਆਪਣੀ ਜਵਾਨੀ ਨਸ਼ਿਆਂ ਵਿਰੁੱਧ ਲੇਖੇ ਲਾ ਰਿਹਾ ਸੀ, ਉਹ ਡਰੱਗ ਵਪਾਰੀਆਂ ਵਿਰੁੱਧ ਜੂਝਦਾ, ਥਾਣਿਆਂ ਦੇ ਬੂਹੇ ਖੜਕਾਉਂਦਾ ਮਾਰਿਆ ਗਿਆ। ਪੁਲਿਸ ਸੁਣਵਾਈ ਨਾ ਕਰ ਸਕੀ। ਪ੍ਰਸ਼ਾਸਨ ਵੇਲੇ ਸਿਰ ਨਾ ਜਾਗਿਆ। ਅੱਜ ਪੰਜਾਬ ਦੀਆਂ ਸੜਕਾਂ ਉੱਤੇ ਪੰਜਾਬੀਆਂ ਦੇ ਰੋਹ ਦਾ ਦਰਿਆ ਵਹਿ ਰਿਹਾ ਹੈ। ਪੰਜਾਬ ਬੰਦ ਰਿਹਾ। ਨੌਜਵਾਨਾਂ ਨੇ ਗੁੱਸੇ ਵਿੱਚ ਸੱਤਾਧਾਰੀ ਪਾਰਟੀ ਦੇ ਬੋਰਡ ਪਾੜ ਦਿੱਤੇ। ਝੋਟੇ ਦਾ ਬਜ਼ੁਰਗ ਪਿਤਾ ਆਪਣੇ ਪੁੱਤ ਦੀ ਲਾਸ਼ ਲੈ ਕੇ ਧਰਨੇ 'ਤੇ ਬੈਠਾ ਹੋਇਆ ਹੈ। ਉਸ ਦਾ ਸਿੱਧਾ ਐਲਾਨ ਹੈ ਕਿ ਜਦੋਂ ਤੱਕ ਮੁੱਖ ਮੰਤਰੀ ਤੇ ਡੀ.ਜੀ.ਪੀ. ਅਸਤੀਫ਼ਾ ਨਹੀਂ ਦਿੰਦੇ, ਉਹ ਸਸਕਾਰ ਨਹੀਂ ਕਰਨਗੇ। ਇਹ ਸਥਿਤੀ ਸੂਬੇ ਦੇ ਹਾਕਮਾਂ ਲਈ ਗੰਭੀਰ ਚਿਤਾਵਨੀ ਹੈ ਤੇ ਪੰਜਾਬ ਦੀ ਪੁਲੀਸ ਅਫ਼ਸਰਸ਼ਾਹੀ ਉੱਪਰ ਪ੍ਰਸ਼ਨ ਚਿੰਨ।

ਪੰਜਾਬ ਵਿਧਾਨ ਸਭਾ ਚੋਣਾਂ 2027 ਦੇ ਸ਼ੁਰੂ ਵਿੱਚ ਹੋਣੀਆਂ ਹਨ। ਹੁਣ ਸਰਕਾਰ ਕੋਲ ਚੋਣਾਂ ਦੀ ਤਿਆਰੀ ਲਈ ਮਹਿਜ਼ ਕੁਝ ਮਹੀਨਿਆਂ ਦਾ ਸਮਾਂ ਬਾਕੀ ਹੈ। ਪਰਵਿੰਦਰ ਸਿੰਘ ਝੋਟਾ ਦੇ ਕਤਲ ਨੇ ਆਮ ਆਦਮੀ ਪਾਰਟੀ ਦੇ ਵੱਡੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਪਾਰਟੀ ਨੇ ਸਰਕਾਰ ਬਣਨ ਦੇ ਚਾਰ ਹਫ਼ਤਿਆਂ ਵਿੱਚ ਨਸ਼ਾ ਜੜ੍ਹੋਂ ਮੁਕਾਉਣ ਦਾ ਵਾਅਦਾ ਕੀਤਾ ਸੀ। ਮਗਰੋਂ 1 ਮਾਰਚ 2025 ਤੋਂ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਵਿੱਢੀ ਗਈ ਸੀ। ਸਰਕਾਰੀ ਅੰਕੜੇ ਦੱਸਦੇ ਹਨ ਕਿ ਪੌਣੇ ਦੋ ਸਾਲਾਂ ਵਿੱਚ 84 ਹਜ਼ਾਰ ਤੋਂ ਵੱਧ ਬੰਦੇ ਫੜੇ ਗਏ। ਕਰੋੜਾਂ ਰੁਪਏ ਦੀਆਂ ਨਸ਼ੀਲੀਆਂ ਦਵਾਈਆਂ ਤੇ ਹੈਰੋਇਨ ਜ਼ਬਤ ਹੋਈ ਪਰ ਜ਼ਮੀਨੀ ਹਕੀਕਤ ਕੁਝ ਹੋਰ ਬਿਆਨ ਕਰਦੀ ਹੈ। ਆਮ ਲੋਕ ਸਵਾਲ ਪੁੱਛ ਰਹੇ ਹਨ ਕਿ ਜੇ ਨਸ਼ਾ ਬੰਦ ਹੋ ਗਿਆ ਸੀ, ਤਾਂ ਮਾਨਸਾ ਵਿੱਚ ਗਲੀਆਂ-ਬਾਜ਼ਾਰਾਂ ਅੰਦਰ ਨਸ਼ੀਲੀਆਂ ਗੋਲੀਆਂ ਸ਼ਰੇਆਮ ਕਿਵੇਂ ਵਿਕ ਰਹੀਆਂ ਸਨ?

ਮਾਹਿਰਾਂ ਅਨੁਸਾਰ 'ਆਪ' ਸਰਕਾਰ ਦਾ ਸਭ ਤੋਂ ਵੱਡਾ ਚੋਣ ਏਜੰਡਾ ਹੀ ਉਸ ਵਿਰੁੱਧ ਹਥਿਆਰ ਬਣ ਚੁੱਕਾ ਹੈ। ਪੰਜਾਬ ਦਾ ਪੇਂਡੂ ਤੇ ਨੌਜਵਾਨ ਵਰਗ, ਜਿਸ ਨੇ 2022 ਵਿੱਚ ਝਾੜੂ ਨੂੰ ਰਿਕਾਰਡ 92 ਸੀਟਾਂ ਦਿੱਤੀਆਂ ਸਨ, ਉਹ ਪੂਰੀ ਤਰ੍ਹਾਂ ਨਿਰਾਸ਼ ਤੇ ਬੇਚੈਨ ਹੈ। ਸਰਕਾਰੀ ਬਿਆਨ ਕਿ ਇਹ ਝੋਟੇ ਦਾ ਕਤਲ ਆਪਸੀ 'ਨਿੱਜੀ ਰੰਜਿਸ਼' ਸੀ, ਨੇ ਬਲਦੀ ਉੱਤੇ ਤੇਲ ਦਾ ਕੰਮ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਲੈ ਕੇ ਸਿਆਸੀ ਧਿਰਾਂ ਤੱਕ, ਸਭ ਨੇ ਇਸ ਬਿਆਨ ਨੂੰ ਗ਼ੈਰ-ਜ਼ਿੰਮੇਵਾਰਾਨਾ ਕਰਾਰ ਦਿੱਤਾ ਹੈ। ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੇ ਇਸ ਮੁੱਦੇ 'ਤੇ ਮੋਰਚਾ ਖੋਲ੍ਹ ਦਿੱਤਾ ਹੈ। ਕੋਈ ਰਾਸ਼ਟਰਪਤੀ ਰਾਜ ਮੰਗ ਰਿਹਾ ਹੈ ਤੇ ਕੋਈ ਸੀਬੀਆਈ ਜਾਂਚ। ਜੇਕਰ ਸਰਕਾਰ ਨੇ ਤੁਰੰਤ ਠੋਸ ਕਦਮ ਨਾ ਚੁੱਕੇ, ਤਾਂ ਆਉਣ ਵਾਲੀਆਂ ਚੋਣਾਂ ਵਿੱਚ ਹਾਕਮ ਧਿਰ ਲਈ ਲੋਕਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਅਸੰਭਵ ਹੋ ਜਾਵੇਗਾ।

ਪੁਲਿਸ ਕਾਰਵਾਈ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦਾ ਸੱਚ

ਇਸ ਕਤਲ ਕਾਂਡ ਵਿੱਚ ਪ੍ਰਸ਼ਾਸਨਿਕ ਨਾਲਾਇਕੀ ਦੇ ਪਰਦੇ ਇੱਕ-ਇੱਕ ਕਰਕੇ ਨੰਗੇ ਹੋ ਰਹੇ ਹਨ। ਮੁੱਖ ਦੋਸ਼ੀ ਕੈਮਿਸਟ ਅਸ਼ਵਨੀ ਕੁਮਾਰ ਖ਼ਿਲਾਫ਼ ਪਹਿਲਾਂ ਹੀ 5 ਅਪਰਾਧਿਕ ਪਰਚੇ ਦਰਜ ਸਨ। ਐਨ.ਡੀ.ਪੀ.ਐੱਸ. ਐਕਟ ਤਹਿਤ ਲਾਇਸੈਂਸ ਰੱਦ ਹੋ ਚੁੱਕਾ ਸੀ। ਇਸ ਦੇ ਬਾਵਜੂਦ ਉਸ ਨੂੰ 2024 ਵਿੱਚ ਦੋ-ਦੋ ਹਥਿਆਰਾਂ ਦਾ ਲਾਇਸੈਂਸ ਜਾਰੀ ਕੀਤਾ ਗਿਆ। ਜਦੋਂ ਮੀਡੀਆ ਨੇ ਰੌਲਾ ਪਾਇਆ, ਤਾਂ ਹੁਣ ਉਹ ਅਸਲਾ ਲਾਇਸੈਂਸ ਹੱਥੋ-ਹੱਥ ਰੱਦ ਕੀਤਾ ਗਿਆ। ਇਹ ਸਿੱਧ ਕਰਦਾ ਹੈ ਕਿ ਪ੍ਰਸ਼ਾਸਨ ਅਤੇ ਨਸ਼ਾ ਤਸਕਰਾਂ ਵਿੱਚ ਕਿੰਨੀ ਗੰਢਤੁੱਪ ਸੀ।

ਪੁਲਿਸ ਨੇ ਹੁਣ ਤੱਕ ਮੁੱਖ ਕਾਤਲ ਅਸ਼ਵਨੀ ਕੁਮਾਰ ਨੂੰ ਰਾਜਸਥਾਨ ਤੋਂ ਗ੍ਰਿਫ਼ਤਾਰ ਕਰ ਚੁੱਕੀ ਹੈ। ਉਸ ਦੇ ਨਾਲ ਸਾਜ਼ਿਸ਼ ਵਿੱਚ ਸ਼ਾਮਲ ਉਸ ਦੀ ਪਤਨੀ ਨੀਲਮ ਰਾਣੀ ਨੂੰ ਨਾਮਜ਼ਦ ਕਰਕੇ ਗਿ ?ਫਤਾਰ ਕੀਤਾ ਗਿਆ ਸੀ। ਕਾਤਲ ਨੂੰ ਭਜਾਉਣ ਵਾਲੇ ਚਚੇਰੇ ਭਰਾ ਵਿਪਨ ਗਰਗ ਅਤੇ ਨੌਕਰ ਲਾਡੀ ਬਰਨਾਲਾ ਖ਼ਿਲਾਫ਼ ਵੀ ਗ੍ਰਿਫਤਾਰੀ ਹੋ ਚੁੱਕੀ ਹੈ। ਮਾਨਸਾ ਬਾਰ ਐਸੋਸੀਏਸ਼ਨ ਨੇ ਕਾਤਲ ਦਾ ਕੇਸ ਲੜਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਥਾਣਾ ਸਿਟੀ-2 ਦੀ ਐੱਸ.ਐੱਚ.ਓ. ਬੇਅੰਤ ਕੌਰ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ। ਡੀ.ਐੱਸ.ਪੀ. ਹਰਜਿੰਦਰ ਸਿੰਘ ਗਿੱਲ ਖ਼ਿਲਾਫ਼ ਵੀ ਵਿਭਾਗੀ ਕਾਰਵਾਈ ਦੀ ਸਿਫ਼ਾਰਸ਼ ਹੋ ਚੁੱਕੀ ਹੈ। ਹਾਲਾਂਕਿ ਪੀੜਤ ਪਰਿਵਾਰ ਤੇ ਲੋਕ ਮੁਅੱਤਲੀ ਤੋਂ ਖ਼ੁਸ਼ ਨਹੀਂ ਹਨ। ਉਹ ਸਬੰਧਿਤ ਅਧਿਕਾਰੀਆਂ ਦੀ ਤੁਰੰਤ ਬਰਖ਼ਾਸਤਗੀ ਮੰਗ ਰਹੇ ਹਨ।

ਪੰਜਾਬ ਵਿੱਚ ਨਸ਼ਿਆਂ ਦਾ ਨੈਟਵਰਕ ਖਤਮ ਕਰਨ ਲਈ ਕੇਂਦਰ ਅਤੇ ਸੂਬਾ ਸਰਕਾਰ ਦੋਵਾਂ ਨੂੰ ਆਪਣੀ ਜ਼ਿੰਮੇਵਾਰੀ ਤੈਅ ਕਰਨੀ ਪਵੇਗੀ। ਪੁਲਿਸ ਅਕਸਰ ਨਸ਼ਾ ਕਰਨ ਵਾਲੇ ਜਾਂ ਛੋਟੇ ਵਿਕਰੇਤਾਵਾਂ ਨੂੰ ਫੜ ਕੇ ਗਿਣਤੀ ਪੂਰੀ ਕਰਦੀ ਹੈ। ਅਸਲ ਡਰੱਗ ਲਾਰਡਜ਼, ਜਿਨ੍ਹਾਂ ਨੂੰ ਸਿਆਸੀ ਤੇ ਅਫ਼ਸਰਸ਼ਾਹੀ ਪਨਾਹ ਮਿਲੀ ਹੋਈ ਹੈ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਹੋਣੀਆਂ ਚਾਹੀਦੀਆਂ ਹਨ।

ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲਾਂ ਦੀ ਬਿਨਾਂ ਰੋਕ-ਟੋਕ ਵਿਕਰੀ ਸਾਡੇ ਨੌਜਵਾਨਾਂ ਦਾ ਭਵਿੱਖ ਤਬਾਹ ਕਰ ਰਹੀ ਹੈ। ਸਰਕਾਰ ਪ੍ਰੀਗਾਬਾਲਿਨ ਵਰਗੇ ਖ਼ਤਰਨਾਕ ਸਾਲਟਾਂ ਦੀ ਵਿਕਰੀ 'ਤੇ ਸਖ਼ਤ ਕਾਨੂੰਨੀ ਸ਼ਿਕੰਜਾ ਕੱਸੇ ਅਤੇ ਆਨਲਾਈਨ ਦਵਾਈਆਂ ਦੀਆਂ ਦੁਕਾਨਾਂ ਰਾਹੀਂ ਘਰ-ਘਰ ਪਹੁੰਚ ਰਹੇ ਮੈਡੀਕਲ ਨਸ਼ੇ ਨੂੰ ਤੁਰੰਤ ਠੱਲ੍ਹ ਪਾਵੇ।

ਕੇਂਦਰ ਸਰਕਾਰ ਸਰਹੱਦ 'ਤੇ ਮਜ਼ਬੂਤ ਐਂਟੀ-ਡਰੋਨ ਤਕਨੀਕ ਲਾਵੇ ਅਤੇ ਬੀ.ਐੱਸ.ਐੱਫ. ਤੇ ਪੰਜਾਬ ਪੁਲਿਸ ਵਿਚਾਲੇ ਖ਼ੁਫ਼ੀਆ ਤਾਲਮੇਲ ਪੱਕਾ ਕਰੇ ਤਾਂ ਜੋ ਹੈਰੋਇਨ ਤੇ ਹਥਿਆਰਾਂ ਦੀ ਘੁਸਪੈਠ ਨੂੰ ਠੱਲ੍ਹਿਆ ਜਾ ਸਕੇ। ਜਿਸ ਇਲਾਕੇ ਵਿੱਚ ਨਸ਼ਾ ਵਿਕੇ, ਉੱਥੋਂ ਦੇ ਐੱਸ.ਐੱਚ.ਓ. ਤੇ ਡਰੱਗ ਇੰਸਪੈਕਟਰ ਨੂੰ ਤੁਰੰਤ ਬਰਖ਼ਾਸਤ ਕੀਤਾ ਜਾਵੇ ਅਤੇ ਅਪਰਾਧੀਆਂ ਨੂੰ ਅਸਲਾ ਲਾਇਸੈਂਸ ਦੇਣ ਵਾਲੇ ਅਧਿਕਾਰੀਆਂ 'ਤੇ ਪਰਚੇ ਦਰਜ ਹੋਣ। ਨਸ਼ੇ ਦੇ ਸ਼ਿਕਾਰ ਨੌਜਵਾਨਾਂ ਨੂੰ ਦੋਸ਼ੀ ਨਹੀਂ ਸਗੋਂ ਮਰੀਜ਼ ਮੰਨਿਆ ਜਾਵੇ; ਨਸ਼ਾ-ਛੁਡਾਊ ਕੇਂਦਰਾਂ ਵਿੱਚ ਮਿਆਰੀ ਇਲਾਜ, ਮੁਫ਼ਤ ਕੌਂਸਲਿੰਗ ਅਤੇ ਰੁਜ਼ਗਾਰ ਦੇ ਮੌਕੇ ਯਕੀਨੀ ਬਣਾਏ ਜਾਣ।

ਜਦੋਂ ਸੱਤਾ ਅੱਖਾਂ ਮੀਚ ਲਵੇ, ਤਾਂ ਸਮਾਜ ਨੂੰ ਜਾਗਣਾ ਪੈਂਦਾ ਹੈ ਪਰ ਇਹ ਲੜਾਈ ਜਥੇਬੰਦਕ ਜਮਹੂਰੀ ਢੰਗ ਨਾਲ ਲੜਨੀ ਪਵੇਗੀ। ਸੜਕਾਂ ਰੋਕਕੇ, ਕਾਰੋਬਾਰ ਬੰਦ ਕਰਾਕੇ, ਭੰਨਤੋੜ ਕਰਕੇ ਲਹਿਰ ਨਹੀਂ ਉਭਾਰੀ ਜਾ ਸਕਦੀ। ਹਰ ਪਿੰਡ ਅਤੇ ਸ਼ਹਿਰੀ ਵਾਰਡ ਵਿੱਚ ਸਰਬਸੰਮਤੀ ਨਾਲ ਨਸ਼ਾ-ਵਿਰੋਧੀ ਪਹਿਰਾ ਕਮੇਟੀਆਂ ਬਣਾਈਆਂ ਜਾਣ। ਇਹ ਕਮੇਟੀਆਂ ਸ਼ਾਮ ਵੇਲੇ ਪਹਿਰਾ ਦੇਣ ਅਤੇ ਨਸ਼ਾ ਵੇਚਣ ਵਾਲਿਆਂ ਦੀ ਪਛਾਣ ਕਰਨ। ਪਿੰਡਾਂ ਵਿੱਚ ਮਤੇ ਪਾਏ ਜਾਣ ਕਿ ਨਸ਼ਾ ਵੇਚਣ ਵਾਲੇ ਕਿਸੇ ਵੀ ਵਿਅਕਤੀ ਦੀ ਜ਼ਮਾਨਤ ਕੋਈ ਪੰਚ, ਸਰਪੰਚ ਜਾਂ ਮੋਹਤਬਰ ਨਹੀਂ ਕਰਵਾਏਗਾ। ਉਨ੍ਹਾਂ ਨਾਲ ਹਰ ਕਿਸਮ ਦਾ ਸਮਾਜਿਕ ਮੇਲ-ਜੋਲ ਖ਼ਤਮ ਕੀਤਾ ਜਾਵੇਗਾ। ਕਿਸਾਨ, ਮਜ਼ਦੂਰ ਅਤੇ ਵਿਦਿਆਰਥੀ ਜਥੇਬੰਦੀਆਂ ਨੂੰ ਨਸ਼ਿਆਂ ਵਿਰੁੱਧ ਲਹਿਰ ਨੂੰ ਆਪਣਾ ਮੁੱਖ ਮੁੱਦਾ ਬਣਾਉਣਾ ਪਵੇਗਾ।

ਪਰਵਿੰਦਰ ਸਿੰਘ ਝੋਟਾ ਦੀ ਸ਼ਹਾਦਤ ਅੱਜ ਪੰਜਾਬ ਦੀ ਸੁੱਤੀ ਅਣਖ ਨੂੰ ਹਲੂਣ ਰਹੀ ਹੈ। ਇਹ ਸਿਰਫ਼ ਇੱਕ ਕਾਰਕੁਨ ਦੀ ਮੌਤ ਨਹੀਂ, ਸਗੋਂ ਪੰਜਾਬ ਦੀ ਹਿੱਕ 'ਤੇ ਹੋਇਆ ਸਿੱਧਾ ਵਾਰ ਹੈ। ਜੇ ਪੰਜਾਬੀ ਅੱਜ ਵੀ ਚੁੱਪ ਰਹੇ, ਤਾਂ ਕੱਲ੍ਹ ਨੂੰ ਘਰ-ਘਰ ਸੱਥਰ ਵਿਛਣੋਂ ਕੋਈ ਨਹੀਂ ਰੋਕ ਸਕੇਗਾ। ਸਰਕਾਰਾਂ ਕੁਰਸੀਆਂ ਤੇ ਵੋਟਾਂ ਦੇ ਗਿਣਤੀ-ਮਿਣਤੀ ਵਿੱਚ ਉਲਝੀਆਂ ਰਹਿਣਗੀਆਂ, ਪਰ ਹਾਕਮਾਂ ਦੇ ਭਰੋਸੇ ਬੈਠ ਕੇ ਕੌਮਾਂ ਦੇ ਭਵਿੱਖ ਨਹੀਂ ਬਚਦੇ। ਇਹ ਵੇਲਾ ਆਪਸੀ ਵਖਰੇਵੇਂ ਮਿਟਾ ਕੇ ਇੱਕਮੁੱਠ ਹੋਣ ਦਾ ਹੈ। ਆਪਣੀ ਨਸਲ ਅਤੇ ਵਾਜੂਦ ਨੂੰ ਬਚਾਉਣ ਲਈ ਹੁਣ ਪੰਜਾਬੀਆਂ ਨੂੰ ਖ਼ੁਦ ਅੱਗੇ ਹੋ ਕੇ ਨਸ਼ੇ ਦੇ ਸੌਦਾਗਰਾਂ ਦੀਆਂ ਜੜ੍ਹਾਂ ਪੁੱਟਣੀਆਂ ਹੀ ਪੈਣਗੀਆਂ।

## ਡੰਕੀ ਦਾ ਖ਼ੂਨੀ ਸ਼ਿਕੰਜਾ

# ਕਰੋੜਾਂ ਰੁਪਏ ਲੁਟਾਉਣ ਮਗਰੋਂ ਵੀ ਅਫ਼ਰੀਕਾ ਵਿੱਚ ਬੰਧਕ ਬਣ ਰਹੇ ਨੌਜਵਾਨ

## ਇਥੋਪੀਆ ਅਗਵਾ ਕਾਂਡ ਨੇ ਨੰਗਾ ਕੀਤਾ ਮਨੁੱਖੀ ਤਸਕਰੀ ਦਾ ਨਵਾਂ ਰੂਟ, 1 ਕਰੋੜ ਦਿਓ, ਨਹੀਂ ਤਾਂ ਅੰਗ ਕੱਟ ਕੇ ਭੇਜਾਂਗੇ

## ਹਜ਼ਾਰਾਂ ਪੰਜਾਬੀ ਡੰਕੀ ਰੂਟਾਂ 'ਤੇ ਬਣੇ ਬੰਧਕ; ਕਰੋੜਾਂ ਦੀ ਫਿਰੌਤੀ ਦੇ ਬਾਵਜੂਦ ਨਹੀਂ ਰੁਕ ਰਿਹਾ ਠੱਗ ਏਜੰਟਾਂ ਦਾ ਜਾਲ

ਵਿਦੇਸ਼ ਜਾਣ ਦੀ ਅੰਨ੍ਹੀ ਦੌੜ ਹੁਣ ਨੌਜਵਾਨਾਂ ਲਈ ਮੌਤ ਦਾ ਜਾਲ ਬਣ ਚੁੱਕੀ ਹੈ। ਲੱਖਾਂ-ਕਰੋੜਾਂ ਰੁਪਏ ਖ਼ਰਚਣ ਤੋਂ ਬਾਅਦ ਵੀ ਨੌਜਵਾਨਾਂ ਨੂੰ ਮੰਜ਼ਿਲ ਦੀ ਥਾਂ ਅਗਵਾਕਾਰਾਂ ਦੀ ਕੈਦ ਮਿਲ ਰਹੀ ਹੈ। ਹਾਲ ਹੀ ਵਿੱਚ ਇਥੋਪੀਆ ਵਿੱਚ ਤਿੰਨ ਭਾਰਤੀਆਂ ਨੂੰ ਅਗਵਾ ਕੀਤੇ ਜਾਣ ਦੀ ਘਟਨਾ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਥੋਪੀਆ ਵਿੱਚ ਅਗਵਾ ਕੀਤੇ ਗਏ ਤਿੰਨ ਨੌਜਵਾਨਾਂ ਰਿਤਵਿਕ ਚੌਹਾਨ (ਉਮਰ ਲਗਭਗ 23 ਸਾਲ),ਮਯੂਰੀ ਚੌਹਾਨ (ਮਯੂਰੀਬੇਨ)

ਮਮਤਾ ਚਾਵੜਾ (ਮਮਤਾਬੇਨ) ਆਪਸ ਵਿੱਚ ਚਚੇਰੇ/ਮਾਮਾ-ਭੂਆ ਦੇ ਭੈਣ-ਭਰਾ ਹਨ ਅਤੇ ਗੁਜਰਾਤ ਦੇ ਮਹਿਸਾਣਾ ਜ਼ਿਲ੍ਹੇ ਦੇ ਵਡਸਮਾ ਪਿੰਡ ਨਾਲ ਸਬੰਧਿਤ ਹਨ । ਇਹ ਨੌਜਵਾਨ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਲਈ ਘਰੋਂ ਨਿਕਲੇ ਸਨ। ਏਜੰਟਾਂ ਨੇ ਉਨ੍ਹਾਂ ਨੂੰ ਕੈਨੇਡਾ ਦਾ ਝਾਂਸਾ ਦੇ ਕੇ ਅਫ਼ਰੀਕੀ ਦੇਸ਼ ਵਿੱਚ ਬੰਧਕ ਬਣਾ ਲਿਆ।ਪੀੜਤ ਪਰਿਵਾਰ ਨੇ ਏਜੰਟਾਂ ਨੂੰ 2.10 ਕਰੋੜ ਰੁਪਏ ਦੇਣ ਦਾ ਸੌਦਾ ਤੈਅ ਕੀਤਾ ਸੀ। ਇਸ ਲਈ ਘਰ ਦਾ 25 ਤੋਲੇ ਸੋਨਾ ਗਿਰਵੀ ਰੱਖਿਆ ਗਿਆ ਅਤੇ ਦੋਸਤਾਂ ਤੋਂ ਕਰਜ਼ੇ ਲਏ ਗਏ। ਪਰ ਇਥੋਪੀਆ ਏਅਰਪੋਰਟ 'ਤੇ ਉਤਰਦੇ ਹੀ ਉਨ੍ਹਾਂ ਨੂੰ ਅਗਵਾ ਕਰ ਲਿਆ ਗਿਆ। ਅਗਵਾਕਾਰਾਂ ਨੇ ਪਰਿਵਾਰ ਤੋਂ ਇੱਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਅਤੇ ਸਰੀਰ ਦੇ ਅੰਗ ਕੱਟਣ ਦੀ ਧਮਕੀ ਦਿੱਤੀ। ਵੀਡੀਓ ਕਾਲ ਰਾਹੀਂ ਬੰਦੂਕ ਦੀ ਨੋਕ 'ਤੇ ਝੂਠ ਬੁਲਵਾਇਆ ਗਿਆ ਕਿ ਉਹ ਕੈਨੇਡਾ ਪਹੁੰਚ ਚੁੱਕੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਅਤੇ ਸਥਾਨਕ ਪੁਲਿਸ ਦੀ ਦਖ਼ਲਅੰਦਾਜ਼ੀ ਨਾਲ ਇਹ ਨੌਜਵਾਨ ਬਚਾ ਲਏ ਗਏ, ਪਰ ਇਸ ਘਟਨਾ ਨੇ 'ਡੰਕੀ ਰੂਟ' ਦੇ ਨਵੇਂ ਅਤੇ ਖ਼ਤਰਨਾਕ ਚਿਹਰੇ ਨੂੰ ਨੰਗਾ ਕਰ ਦਿੱਤਾ ਹੈ।

### ਇਥੋਪੀਆ ਦਾ ਨਵਾਂ ਰੂਟ ਅਤੇ ਬੰਧਕ ਬਣਾਉਣ ਦੀ ਖੇਡ

ਟਰੈਵਲ ਏਜੰਟਾਂ ਨੇ ਹੁਣ ਅਮਰੀਕਾ ਭੇਜਣ ਲਈ ਬੇਹੱਦ ਅਸੁਰੱਖਿਅਤ ਰਸਤੇ ਚੁਣ ਲਏ ਹਨ।



ਪਹਿਲਾਂ ਨੌਜਵਾਨਾਂ ਨੂੰ ਦੁਬਈ ਤੋਂ ਯੂਰੋਪ ਜਾਂ ਮੈਕਸੀਕੋ ਰਾਹੀਂ ਭੇਜਿਆ ਜਾਂਦਾ ਸੀ। ਹੁਣ ਮੈਕਸੀਕੋ ਅਤੇ ਅਮਰੀਕੀ ਸਰਹੱਦ 'ਤੇ ਸਖ਼ਤੀ ਵਧਣ ਕਾਰਨ ਨੌਜਵਾਨਾਂ ਨੂੰ ਇਥੋਪੀਆ ਵਰਗੇ ਅਫ਼ਰੀਕੀ ਦੇਸ਼ਾਂ ਵਿੱਚ ਉਤਾਰਿਆ ਜਾ ਰਿਹਾ ਹੈ।

ਇੱਥੇ ਪਹੁੰਚਦੇ ਹੀ ਸਥਾਨਕ ਅਪਰਾਧੀ ਅਤੇ ਭਾਰਤੀ ਵਿਚੋਲੇ ਮਿਲ ਕੇ ਉਨ੍ਹਾਂ ਨੂੰ ਅਗਵਾ ਕਰ ਲੈਂਦੇ ਹਨ। ਹਵਾਈ ਅੱਡੇ 'ਤੇ ਹੀ ਉਨ੍ਹਾਂ ਦੇ ਪਾਸਪੋਰਟ ਅਤੇ ਫ਼ੋਨ ਖੋਹ ਲਏ ਜਾਂਦੇ ਹਨ। ਫਿਰ ਉਨ੍ਹਾਂ ਨੂੰ ਬੰਦ ਕਮਰਿਆਂ ਵਿੱਚ ਰੱਖ ਕੇ ਤਸ਼ੱਦਦ ਕੀਤਾ ਜਾਂਦਾ ਹੈ। ਪਰਿਵਾਰਾਂ ਤੋਂ ਲੱਖਾਂ-ਕਰੋੜਾਂ ਰੁਪਏ ਵਸੂਲਣ ਤੋਂ ਬਾਅਦ ਵੀ ਉਨ੍ਹਾਂ ਨੂੰ ਅੱਗੇ ਜਾਣ ਨਹੀਂ ਦਿੱਤਾ ਜਾਂਦਾ, ਸਗੋਂ ਹੋਰ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ।

### ਹੁਣ ਤੱਕ ਕਿੰਨੇ ਪੰਜਾਬੀ ਹੋ ਚੁੱਕੇ ਹਨ ਅਗਵਾ?

ਪੰਜਾਬ ਇਸ ਗ਼ੈਰ-ਕਾਨੂੰਨੀ ਧੰਦੇ ਦਾ ਸਭ ਤੋਂ ਵੱਡਾ ਸ਼ਿਕਾਰ ਰਿਹਾ ਹੈ। ਸਰਕਾਰੀ ਰਿਕਾਰਡ ਵਿੱਚ ਗ਼ੈਰ-ਕਾਨੂੰਨੀ ਰੂਟਾਂ 'ਤੇ ਅਗਵਾ ਹੋਣ ਵਾਲਿਆਂ ਦਾ ਕੋਈ ਇੱਕ ਪੱਕਾ ਅੰਕੜਾ ਨਹੀਂ ਹੁੰਦਾ, ਕਿਉਂਕਿ ਇਹ ਸਾਰਾ ਕੰਮ ਚੋਰੀ-ਛਿਪੇ ਚੱਲਦਾ ਹੈ। ਪਰ ਜ਼ਮੀਨੀ ਤੱਥ ਬੇਹੱਦ ਡਰਾਉਣੇ ਹਨ। ਪਿਛਲੇ ਪੰਜ ਤੋਂ ਛੇ ਸਾਲਾਂ ਵਿੱਚ ਮੈਕਸੀਕੋ, ਪਨਾਮਾ ਦੇ ਜੰਗਲਾਂ, ਬਹਾਮਾਸ, ਤੁਰਕੀ ਅਤੇ ਇਥੋਪੀਆ ਵਿੱਚ 1,200 ਤੋਂ ਵੱਧ ਪੰਜਾਬੀ ਨੌਜਵਾਨਾਂ ਨੂੰ ਬੰਧਕ ਬਣਾਏ ਜਾਣ ਦੀਆਂ ਘਟਨਾਵਾਂ ਵਾਪਰੀਆਂ ਹਨ।

ਪੰਜਾਬ ਦੇ ਦੋਆਬਾ ਅਤੇ ਮਾਝਾ ਖੇਤਰ ਵਿੱਚੋਂ ਹਰ ਸਾਲ ਸੈਂਕੜੇ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ ਜਿੱਥੇ ਮਾਪਿਆਂ ਨੇ ਚੁੱਪਚਾਪ 20 ਤੋਂ 60 ਲੱਖ ਰੁਪਏ ਦੀ ਫਿਰੌਤੀ ਦੇ ਕੇ ਆਪਣੇ ਬੱਚਿਆਂ ਨੂੰ ਛੁਡਵਾਇਆ ਸੀ।

ਬਹੁਤੇ ਮਾਪੇ ਬੱਚੇ ਦੀ ਜਾਨ ਦੇ ਡਰੋਂ ਪੁਲਿਸ ਕੋਲ ਸ਼ਿਕਾਇਤ ਦਰਜ ਨਹੀਂ ਕਰਵਾਉਂਦੇ। ਇਸੇ ਕਰਕੇ ਬਹੁਤੀਆਂ ਘਟਨਾਵਾਂ ਦੱਬੀਆਂ ਰਹਿ ਜਾਂਦੀਆਂ ਹਨ। ਪੰਜਾਬ ਪੁਲਿਸ ਦੇ ਐਨ.ਆਰ.ਆਈ. ਵਿੰਗ ਕੋਲ ਟਰੈਵਲ ਏਜੰਟਾਂ ਖ਼ਿਲਾਫ਼ ਹਜ਼ਾਰਾਂ ਸ਼ਿਕਾਇਤਾਂ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਕਈ ਮਾਮਲੇ ਵਿਦੇਸ਼ਾਂ ਵਿੱਚ ਬੰਧਕ ਬਣਾ ਕੇ ਤਸ਼ੱਦਦ ਕਰਨ ਨਾਲ ਸੰਬੰਧਿਤ ਹਨ।ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਹਜ਼ਾਰਾਂ ਭਾਰਤੀਆਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ। ਇਨ੍ਹਾਂ ਵਿੱਚੋਂ ਲਗਭਗ ਹਰ ਦੂਜੇ ਨੌਜਵਾਨ ਨੇ ਰਸਤੇ ਵਿੱਚ ਕੁੱਟਮਾਰ, ਭੁੱਖ-ਪਿਆਸ ਅਤੇ ਅਗਵਾ ਵਰਗੀਆਂ ਸਥਿਤੀਆਂ ਝੱਲੀਆਂ ਹਨ।

### ਇਸ ਖ਼ਤਰਨਾਕ ਗੋਰਖਧੰਦੇ 'ਤੇ ਰੋਕ ਕਿਉਂ ਨਹੀਂ ਲੱਗ ਰਹੀ?

ਸਰਕਾਰਾਂ ਅਤੇ ਪੁਲਿਸ ਦੇ ਦਾਅਵਿਆਂ (ਬਾਕੀ ਸਫ਼ਾ 27 'ਤੇ)

ਸਰਬੱਤ ਦਾ ਭਲਾ

SCOPE

Sikh Community Organised for Political Engagement.

# SCOPE ENDORSEMENT GUIDE

## City of Fremont • November 3, 2026 General Election

★ ★ ★

**Vote for SCOPE-endorsed candidates and ballot positions.**

### STATEWIDE

| | | |
|---|---|---|
| ✔ | Governor | **Xavier Becerra** |
| ✔ | Lieutenant Governor | **Fiona Ma** |
| ✔ | Secretary of State | **Shirley N. Weber** |
| ✔ | Controller | **Malia M. Cohen** |
| ✔ | Treasurer | **Eleni Kounalakis** |
| ✔ | Attorney General | **Rob Bonta** |
| ✔ | Insurance Commissioner | **Ben Allen** |
| ✔ | State Board of Equalization District 2 | **Sally J. Lieber** |

### FEDERAL

| | | |
|---|---|---|
| ✔ | U.S. House of Representatives District 14 | **Aisha Wahab** |

### STATE LEGISLATURE

| | | |
|---|---|---|
| ✔ | California State Senate District 10 | **Scott Sakakihara** |
| ✔ | California State Assembly District 20 | **Liz Ortega** |
| ✔ | California State Assembly District 24 | **Alex Lee** |

### NONPARTISAN

| | | |
|---|---|---|
| ✔ | State Superinteıdtent of Public Instruction | **Richard Barrera** |

### SCHOOL

| | | |
|---|---|---|
| — | Ohlone Community College District Trustee — Area 6 | **No Endorsement** |
| ✔ | School Board Office | **Diane Jones** |

### CITY

| | | |
|---|---|---|
| ✔ | Fremont City Council District 2 | **Desrie Campbell** |
| ✔ | Fremont City Council District 3 | **Kathy Kimberlin** |
| ✔ | Fremont City Council District 4 | **Aziz Akbari** |

### SPECIAL DISTRICT

| | | |
|---|---|---|
| ✔ | AC Transit District Director Ward 7 | **Diane Shaw** |
| ✔ | Alameda County Water District Director Ward 2 | **Judy C. Huang** |
| ✔ | Alameda County Water District Director Ward 3 | **Paul Sethy** |
| ✔ | BART Board Director District 6 | **Liz Ames** |
| ✔ | East Bay Regional Park District Director Ward 3 | **Rebecca Lewington** |

### JUDICIAL RETENTION

| | | | |
|---|---|---|---|
| ✔ | California Supreme Court | **Kelli M. Evans** | YES |
| ✔ | California Supreme Court | **Joshua P. Groban** | YES |
| ✔ | Court of Appeal, First District, Division 1 | **Charles A. Smiley** | YES |
| ✔ | Court of Appeal, First District, Division 1 | **Kathleen M. Banke** | YES |
| ✔ | Court of Appeal, First District, Division 1 | **Monique Langhorne Wilson** | YES |
| ✔ | Court of Appeal, First District, Division 2 | **Therese M. Stewart** | YES |
| ✔ | Court of Appeal, First District, Division 2 | **Tara M. Desautels** | YES |
| ✔ | Court of Appeal, First District, Division 3 | **Ioana Petrou** | YES |
| ✔ | Court of Appeal, First District, Division 3 | **Victor A. Rodriguez** | YES |
| ✔ | Court of Appeal, First District, Division 4 | **Tracie L. Brown** | YES |
| ✔ | Court of Appeal, First District, Division 5 | **Mark B. Simons** | YES |
| ✔ | Court of Appeal, First District, Division 5 | **Danny Y. Chou** | YES |
| ✔ | Court of Appeal, First District, Division 5 | **Gordon B. Burns** | YES |

### STATE PROPOSITIONS

| | | |
|---|---|---|
| ✔ | Proposition 1 | YES |
| ✔ | Proposition 2 | YES |
| ✔ | Proposition 3 | YES |
| ✔ | Proposition 4 | YES |
| ✔ | Proposition 5 | YES |
| ✔ | Proposition 37 | YES |
| ✔ | Proposition 38 | YES |
| ✔ | Proposition 39 | NO |
| ✔ | Proposition 40 | YES |
| ✔ | Proposition 41 | NO |
| ✔ | Proposition 42 | NO |
| ✔ | Proposition 43 | NO |
| ✔ | Proposition 44 | NO |
| ✔ | Proposition 45 | NO |

### REGIONAL MEASURE

| | | |
|---|---|---|
| ✔ | **Measure RTM** | YES |




★ ★ ★ Prepared by SCOPE — Sikh Community Organized for Political Engagement ★ ★ ★

ਸਰਬੱਤ ਦਾ ਭਲਾ

SCOPE

Sikh Community Organized for Political Engagement.

# UNION CITY

## 2026 ENDORSEMENT GUIDE

Candidates • Ballot Measures • Judicial Retention

### STATEWIDE CANDIDATES 9

| | |
|---|---|
| Governor | **Xavier Becerra** |
| Lieutenant Governor | **Fiona Ma** |
| Secretary of State | **Shirley N. Weber** |
| Controller | **Malia M. Cohen** |
| Treasurer | **Eleni Kounalakis** |
| Attorney General | **Rob Bonta** |
| Insurance Commissioner | **Ben Allen** |
| Board of Equalization, District 2 | **Sally J. Lieber** |
| Superintendent of Public Instruction | **Richard Barrera** |

### FEDERAL & LEGISLATURE 3

| | |
|---|---|
| U.S. Representative, District 14 | **Aisha Wahab** |
| State Senator, District 10 | **Scott Sakakihara** |
| State Assembly Member, District 20 | **Liz Ortega** |

### CITY, SCHOOLS & DISTRICTS 6

| | |
|---|---|
| Union City Council, District 2 | **Victor Lopez Pulido** |
| Union City Council, District 3 | **Cheris Crocker-Root** |
| New Haven USD Trustee, Area 4 | **Shruti Kumar** |
| New Haven USD Trustee, Area 5 | **Deepti Garg** |
| East Bay Regional Park, Ward 3 | **Rebecca Lewington** |
| Alameda County Water, Ward 3 | **Paul Sethy** |

### BALLOT MEASURE POSITIONS 16

| | |
|---|---|
| Proposition 1 | YES |
| Proposition 2 | YES |
| Proposition 3 | YES |
| Proposition 4 | YES |
| Proposition 5 | YES |
| Proposition 37 | YES |
| Proposition 38 | YES |
| Proposition 39 | NO |
| Proposition 40 | YES |
| Proposition 41 | NO |
| Proposition 42 | NO |
| Proposition 43 | NO |
| Proposition 44 | NO |
| Proposition 45 | NO |
| Measure RTM (Regional) | YES |
| Measure II (Union City) | YES |

### JUDICIAL RECOMMENDATIONS 13 YES

SC: CA Supreme Court D1-D5: First District Court of Appeal

| | | |
|---|---|---|
| SC | Kelli M. Evans | YES |
| SC | Joshua P. Groban | YES |
| D1 | Charles A. Smiley | YES |
| D1 | Kathleen M. Banke | YES |
| D1 | Monique Langhorne Wilson | YES |
| D2 | Therese M. Stewart | YES |
| D2 | Tara M. Desautels | YES |
| D3 | Ioana Petrou | YES |
| D3 | Victor A. Rodríguez | YES |
| D4 | Tracie L. Brown | YES |
| D5 | Mark B. Simons | YES |
| D5 | Danny Y. Chou | YES |
| D5 | Gordon B. Burns | YES |

Prepared from SCOPE-provided selections • Verify ballot details before public distribution

ONE-PAGE GUIDE




# ਕੀ ਅੰਤਰਰਾਸ਼ਟਰੀ ਪਰਵਾਸ ਨੂੰ ਪੈ ਸਕੇਗੀ ਠੱਲ੍ਹ?

**ਜਗਮੋਹਨ ਸਿੰਘ 'ਲੱਕੀ'**

ਗਰੀਬ, ਅਵਿਕਸਿਤ ਅਤੇ ਵਿਕਾਸ਼ਸੀਲ ਮੁਲਕਾਂ ਤੋਂ ਵਿਕਸਿਤ ਅਤੇ ਅਮੀਰ ਮੁਲਕਾਂ ਵੱਲ ਹੋ ਰਿਹਾ ਮਨੁੱਖੀ ਪਰਵਾਸ ਇੱਕ ਅਜਿਹਾ ਕੁਦਰਤੀ ਵਰਤਾਰਾ ਹੈ, ਜਿਸ ਦਾ ਪ੍ਰਭਾਵ ਆਲਮੀ ਪੱਧਰ 'ਤੇ ਪੈ ਰਿਹਾ ਹੈ। 18 ਦਸੰਬਰ 1990 ਨੂੰ ਯੂ.ਐਨ.ਓ. ਦੀ ਜਨਰਲ ਅਸੈਂਬਲੀ ਨੇ ਪਰਵਾਸ ਕਰਨ ਵਾਲਿਆਂ ਦੇ ਹੱਕਾਂ, ਪਰਵਾਸੀਆਂ ਦੇ ਪਰਿਵਾਰਕ ਮੈਂਬਰਾਂ ਦੇ ਮਨੁੱਖੀ ਅਧਿਕਾਰਾਂ ਅਤੇ ਉਹਨਾਂ ਦੀ ਸੁੱਰਖਿਆ ਸਬੰਧੀ ਇੱਕ ਆਲਮੀ ਪੱਧਰ ਦੀ ਕੰਨਵੈਂਸ਼ਨ ਕੀਤੀ ਸੀ, ਜਿਸ ਵਿੱਚ ਇੱਕ ਦੇਸ਼ ਤੋਂ ਦੂਜੇ ਦੇਸ਼ਾਂ ਵਿੱਚ ਪਰਵਾਸ ਕਰਨ ਦੇ ਵੱਧ ਰਹੇ ਰੁਝਾਨ, ਪਰਵਾਸ ਦੀਆਂ ਮਜ਼ਬੂਰੀਆਂ ਅਤੇ ਪਰਵਾਸ ਸਬੰਧੀ ਹੋਰ ਤੱਥਾਂ ਉੱਪਰ ਬਹੁਤ ਹੀ ਵਿਸਥਾਰ ਵਿੱਚ ਗੱਲਬਾਤ ਕੀਤੀ ਗਈ। ਇਸ ਅੰਤਰਰਾਸ਼ਟਰੀ ਕੰਨਵੈਂਸਨ ਵਿੱਚ ਵੱਖ-ਵੱਖ ਦੇਸ਼ਾਂ ਦੇ ਮੁਖੀਆ, ਪ੍ਰਤੀਨਿਧਾਂ ਤੇ ਹੋਰ ਵਿਦਵਾਨਾਂ ਨੇ ਪਰਵਾਸ ਦੇ ਆਲਮੀ ਪੱਧਰ ਉਪਰ ਪੈ ਰਹੇ ਪ੍ਰਭਾਵ, ਵਿਕਸਤ ਦੇਸ਼ਾਂ ਦੇ ਮੂਲ ਨਿਵਾਸੀਆਂ/ਜੱਦੀ ਪੁਸਤੀ ਬਾਸ਼ਦਿੰਆਂ ਨਾਲ ਸਬੰਧਾਂ ਅਤੇ ਮੂਲ ਨਿਵਾਸੀਆਂ ਦਾ ਪਰਵਾਸੀਆਂ ਸਬੰਧੀ ਵਤੀਰਾ ਅਤੇ ਪਰਵਾਸੀਆਂ ਨੂੰ ਪੇਸ਼ ਔਂਕੜਾਂ ਅਤੇ ਗ਼ੈਰਕਾਨੂੰਨੀ ਪਰਵਾਸ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਪਰਵਾਸ ਕਾਰਨ ਆ ਰਹੀ ਸਭਿਆਚਾਰ ਵਿਚ ਤਬਦੀਲੀ ਤੇ ਹੋਰ ਬਦਲਾਓ ਬਾਰੇ ਵੀ ਚਾਨਣਾ ਪਾਇਆ।

ਇਸੇ ਤਰ੍ਹਾਂ ਹੀ ਅਕਤੂਬਰ 2013 ਵਿੱਚ ਯੂ.ਐਨ.ਓ. ਦੇ ਮੈਂਬਰ ਦੇਸ਼ਾਂ ਨੇ ਅੰਤਰਰਾਸ਼ਟਰੀ ਪਰਵਾਸ ਤੇ ਵਿਕਾਸ ਉੱਪਰ ਉੱਚ ਪੱਧਰੀ ਗੱਲਬਾਤ ਕੀਤੀ ਅਤੇ ਸਾਰੇ ਮੈਂਬਰ ਦੇਸ਼ਾਂ ਨੇ ਸਰਵਸੰਮਤੀ ਨਾਲ ਵਿਕਾਸ ਲਈ ਪਰਵਾਸ ਨੂੰ ਮਾਨਤਾ ਦਿੱਤੀ। ਇਸ ਤਰ੍ਹਾਂ ਇੱਕ ਦੇਸ਼ ਤੋਂ ਦੂਜੇ ਦੇਸ਼ਾਂ ਨੂੰ ਹੋ ਰਹੇ ਮਨੁੱਖੀ ਪਰਵਾਸ ਨੂੰ ਅੰਤਰਰਾਸ਼ਟਰੀ ਮਾਨਤਾ ਮਿਲ ਗਈ। ਸੰਯੁਕਤ ਰਾਸ਼ਟਰ ਸੰਘ ਵਿੱਚ ਸ਼ਾਮਲ ਮੈਂਬਰ ਦੇਸ਼ਾਂ ਦਾ ਇਹ ਮੰਨਣਾ ਹੈ ਕਿ ਉਹਨਾਂ ਦੇ ਦੇਸ਼ ਦੇ ਸਰਵਪੱਖੀ ਵਿਕਾਸ ਲਈ ਅਤੇ ਦੇਸ਼ ਦੀ ਤਰੱਕੀ ਲਈ ਦੂਜੇ ਦੇਸ਼ਾਂ ਤੋਂ ਹੋ ਰਹੇ ਮਨੁੱਖੀ ਪਰਵਾਸ ਦਾ ਅਹਿਮ ਯੋਗਦਾਨ ਹੈ। ਪਿੱਛੜੇ ਦੇਸ਼ਾਂ ਤੋਂ ਹੁਨਰਮੰਦ ਕਾਮੇ ਅਤੇ ਉਚ ਯੋਗਤਾ ਪ੍ਰਾਪਤ ਇਨਸਾਨ ਜਦੋਂ ਵਿਕਸਤ ਦੇਸ਼ਾਂ ਵਿੱਚ ਪਰਵਾਸ ਕਰ ਜਾਂਦੇ ਹਨ ਤਾਂ ਉਹ ਵਿਕਸਤ ਦੇਸ਼ਾਂ ਦੇ ਵਿਕਸਤ ਸਮਾਜ ਨੂੰ ਹੋਰ ਵਿਕਸਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ।




ਕੁਝ ਸਾਲ ਪਹਿਲਾਂ ਸੰਯੁਕਤ ਰਾਸ਼ਟਰ ਸੰਘ (ਯੂ.ਐਨ.ਓ.) ਦੇ ਉਸ ਸਮੇਂ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਆਪਣੇ ਕਾਰਜਕਾਲ ਦੌਰਾਨ ਕਿਹਾ ਸੀ ਕਿ

" ਇੱਕ ਦੇਸ਼ ਤੋਂ ਦੂਜੇ ਦੇਸ਼ ਜਾਣ ਵਾਲੇ ਪਰਵਾਸੀ ਲੋਕ ਸਾਡੇ ਭਲੇ ਵਾਸਤੇ ਕੰਮ ਕਰ ਰਹੇ ਹਨ, ਅਸੀਂ ਉਹਨਾਂ ਅਰਬਾਂ-ਖਰਬਾਂ ਪਰਵਾਸੀਆਂ ਦੇ ਧੰਨਵਾਦੀ ਹਾਂ ਜਿਹਨਾਂ ਨੇ ਆਪਣੀ ਹਿੰਮਤ, ਹੌਂਸਲੇ, ਸਾਹਸ, ਦਲੇਰੀ, ਜੋਸ਼, ਤਾਕਤ ਦੇ ਨਾਲ ਨਾਲ ਅਨੇਕਾਂ ਸੁਪਨੇ ਵੇਖਦੇ ਹੋਏ ਸਾਡੀ ਸੁਸਾਇਟੀ, ਸਾਡੇ ਸਮਾਜ ਨੂੰ ਉਚਾ ਚੁੱਕਣ ਲਈ, ਹੋਰ ਲਚਕੀਲਾ ਬਨਾਉਣ ਲਈ ਅਤੇ ਹੋਰ ਖੁਸ਼ਹਾਲ ਕਰਨ ਲਈ ਆਪਣਾ ਖ਼ੂਨ ਪਸੀਨਾ ਇੱਕ ਕਰਕੇ ਭਰਪੂਰ ਯੋਗਦਾਨ ਦਿੱਤਾ।"

ਇਹ ਠੀਕ ਹੈ ਕਿ ਪਹਿਲਾਂ ਵਿਸ਼ਵ ਦੇ ਕਰੀਬ ਸਾਰੇ ਹੀ ਦੇਸ਼ਾਂ ਨੇ ਇੱਕ ਦੇਸ਼ ਤੋਂ ਦੂਜੇ ਦੇਸ਼ ਵੱਲ ਹੁੰਦੇ ਪਰਵਾਸ ਨੂੰ ਮਾਣਤਾ ਦਿੱਤੀ ਪਰ ਹੁਣ ਹਾਲਾਤ ਬਿਲਕੁਲ ਉਲਟ ਹੋ ਗਏ ਹਨ। ਹੁਣ ਹਾਲ ਇਹ ਹੋ ਗਿਆ ਹੈ ਕਿ ਵੱਖ- ਵੱਖ ਵਿਕਸਤ ਦੇਸ਼ਾਂ ਨੇ ਵਿਕਾਸਸ਼ੀਲ ਅਤੇ ਅਵਿਕਸਤ ਦੇਸ਼ਾਂ ਤੋਂ ਆਪਣੇ ਮੁਲਕਾਂ ਅੰਦਰ ਹੁੰਦੇ ਮਨੁੱਖੀ ਪਰਵਾਸ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਾਗੂ ਕਰ ਦਿੱਤੇ ਹਨ। ਜਿਸ ਕਾਰਨ ਹੁਣ ਕੈਨੇਡਾ, ਅਮਰੀਕਾ ਅਤੇ ਹੋਰ ਮੁਲਕਾਂ ਵਿੱਚ ਜਾਣਾ ਆਸਾਨ ਨਹੀਂ ਰਿਹਾ ਸਗੋਂ ਬਹੁਤ ਮੁਸ਼ਕਿਲ ਅਤੇ ਬਹੁਤ ਮਹਿੰਗਾ ਹੋ ਗਿਆ ਹੈ।



ਤਾਜ਼ਾ ਰਿਪੋਰਟਾਂ ਅਨੁਸਾਰ ਅਮਰੀਕਾ ਨੇ ਆਈ.ਟੀ. ਕੰਪਨੀਆਂ ਦੇ ਵਿਦੇਸ਼ੀ ਕਾਮਿਆਂ ਦਾ ਗਰੀਨ ਕਾਰਡ ਵਾਲਾ ਪ੍ਰੋਗਰਾਮ ਰੋਕ ਦਿੱਤਾ ਹੈ। ਇਸ ਤਹਿਤ ਮਾਈਕਰੋਸਾਫਟ ਸਣੇ ਅੱਠ ਆਈ ਟੀ ਕੰਪਨੀਆਂ ਦੇ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਸਥਾਈ ਨਿਵਾਸ ਜਾਂ ਗਰੀਨ ਕਾਰਡ ਦਿਵਾਉਣ ਵਾਲੇ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ ਹੈ। ਅਮਰੀਕਾ ਨੇ ਇਹ ਕਾਰਵਾਈ ਕੌਗਨਿਜ਼ੈਂਟ, ਇਨਫੋਸਿਸ, ਟਾਟਾ, ਵਿਪਰੋ, ਕੈਪਜੈਮਿਨੀ ਅਤੇ ਐੱਚ.ਸੀ.ਐੱਲ. 'ਤੇ ਕੀਤੀ ਹੈ। ਇਸ ਕਾਰਵਾਈ ਨਾਲ ਇਨ੍ਹਾਂ ਕੰਪਨੀਆਂ ਵਿੱਚ ਕੰਮ ਕਰ ਰਹੇ ਉਨ੍ਹਾਂ ਵਿਦੇਸ਼ੀ ਕਾਮਿਆਂ ਦੀ ਗ੍ਰੀਨ ਕਾਰਡ ਪ੍ਰਕਿਰਿਆ ਪ੍ਰਭਾਵਿਤ ਹੋ ਸਕਦੀ ਹੈ, ਜਿਨ੍ਹਾਂ ਲਈ ਨਵੀਂ ਲੇਬਰ ਸਰਟੀਫਿਕੇਸ਼ਨ ਦੀ ਲੋੜ ਹੈ। ਇਸ ਦਾ ਸਿੱਧਾ ਅਸਰ ਅਮਰੀਕਾ ਵਿੱਚ ਕੰਮ ਕਰ ਰਹੇ ਹਜ਼ਾਰਾਂ ਵਿਦੇਸ਼ੀ ਪੇਸ਼ੇਵਰਾਂ ਦੀ ਸਥਾਈ ਨਿਵਾਸ ਦੀ ਪ੍ਰਕਿਰਿਆ 'ਤੇ ਪੈ ਸਕਦਾ ਹੈ।

ਇਸੇ ਦੌਰਾਨ ਆਸਟ੍ਰੇਲੀਆ ਵਿੱਚ ਪੜ੍ਹਾਈ ਅਤੇ ਭਵਿੱਖ ਬਣਾਉਣ ਦਾ ਸੁਪਨਾ ਵੇਖ ਰਹੇ ਹਜ਼ਾਰਾਂ ਭਾਰਤੀ ਨੌਜਵਾਨਾਂ ਲਈ ਆਉਣ ਵਾਲੇ ਦਿਨ ਹੋਰ ਚੁਣੌਤੀਪੂਰਨ ਹੋ ਸਕਦੇ ਹਨ। ਦੇਸ਼ ਦੇ ਵਿਰੋਧੀ ਲਿਬਰਲ-ਨੈਸ਼ਨਲ ਗੱਠਜੋੜ ਨੇ ਅਗਲੇ 4 ਸਾਲਾਂ ਦੌਰਾਨ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਲਗਭਗ 6.5 ਲੱਖ ਘਟਾਉਣ ਦਾ ਵੱਡਾ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਨੂੰ ਆਸਟ੍ਰੇਲੀਆ ਦੇ ਇਤਿਹਾਸ ਵਿੱਚ ਇਮੀਗ੍ਰੇਸ਼ਨ ਉੱਤੇ ਹੁਣ ਤੱਕ ਦੀ ਸਭ ਤੋਂ ਵੱਡੀ ਕਟੌਤੀ ਮੰਨਿਆ ਜਾ ਰਿਹਾ ਹੈ। ਆਸਟ੍ਰੇਲੀਆ ਵਿੱਚ ਨਿਯਮ ਸਖ਼ਤ ਕਰਨ ਪਿੱਛੇ ਮੁੱਖ ਵਜ੍ਹਾ ਦੇਸ਼ ਅੰਦਰ ਵਧ ਰਹੀ ਮਹਿੰਗਾਈ, ਰਿਹਾਇਸ਼ (ਘਰਾਂ) ਦੀ ਭਾਰੀ ਕਿੱਲਤ ਅਤੇ

**ਪੰਜਾਬੀਆਂ ਸਮੇਤ ਹੋਰਨਾਂ ਇਲਾਕਿਆਂ ਦੇ ਜਿਹੜੇ ਲੋਕ ਜੰਮਦਿਆਂ ਸਾਰ ਹੀ ਪਰਵਾਸ ਕਰਨ ਬਾਰੇ ਸੁਪਨੇ ਲੈਣ ਸ਼ੁਰੂ ਕਰ ਦਿੰਦੇ ਹਨ, ਉਹਨਾਂ ਦੇ ਸੁਪਨੇ ਹੁਣ ਤੜੱਕ ਕਰਕੇ ਟੁੱਟਣ ਲੱਗੇ ਹਨ, ਕਿਉਂਕਿ ਵੱਖ- ਵੱਖ ਮੁਲਕਾਂ ਨੇ ਪਰਵਾਸੀਆਂ ਲਈ ਹੁਣ ਆਪਣੇ ਦੇਸ਼ਾਂ ਦੇ ਬੂਹੇ ਬੰਦ ਕਰ ਲਏ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਦੇਸ਼ਾਂ ਵੱਲੋਂ ਪਰਵਾਸੀਆਂ ਖਾਸ ਕਰਕੇ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ।**

ਸੜਕਾਂ, ਸਕੂਲਾਂ ਤੇ ਸਿਹਤ ਸਹੂਲਤਾਂ ਵਰਗੇ ਬੁਨਿਆਦੀ ਢਾਂਚੇ 'ਤੇ ਪੈ ਰਿਹਾ ਦਬਾਅ ਹੈ।

ਇੱਕ ਹੋਰ ਰਿਪੋਰਟ ਅਨੁਸਾਰ ਕੈਨੇਡਾ ਦੇ ਸੂਬੇ ਓਂਟਾਰੀਓ ਦੀ ਸਰਕਾਰ ਨੇ ਪ੍ਰਾਈਵੇਟ ਕੈਰੀਅਰ ਕਾਲਜਾਂ ਵਿੱਚ ਵਿਦਿਆਰਥੀ ਵਿੱਤੀ ਸਹਾਇਤਾ ਭੁਗਤਾਨਾਂ ਨਾਲ ਜੁੜੇ ਮਾਮਲਿਆਂ ਨੂੰ ਓਂਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਕੋਲ ਭੇਜ ਦਿੱਤਾ ਹੈ। ਇੱਕ ਮੁਢਲੀ ਆਡਿਟ ਰਿਪੋਰਟ ਵਿੱਚ ਅਧਿਕਾਰੀਆਂ ਨੇ ਓਂਟਾਰੀਓ ਸਟੂਡੈਂਟ ਅਸਿਸਟੈਂਸ ਪ੍ਰੋਗਰਾਮ (ਓਸੈਪ) ਦੀ ਪਾਰਦਰਸ਼ਤਾ ਨੂੰ ਲੈ ਕੇ 'ਗੰਭੀਰ ਚਿੰਤਾਵਾਂ' ਜ਼ਾਹਰ ਕੀਤੀਆਂ ਹਨ। ਓਂਟਾਰੀਓ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਮੰਤਰੀ ਨੋਲਨ ਕੁਇੰਨ ਨੇ ਦੱਸਿਆ ਕਿ ਸੂਬੇ ਨੇ ਓਸੈਪ ਦੀ ਵਰਤੋਂ ਬਾਰੇ ਵਧ ਰਹੀਆਂ ਚਿੰਤਾਵਾਂ ਦੇ ਮੱਦੇਨਜ਼ਰ ਪ੍ਰਾਈਵੇਟ ਕੈਰੀਅਰ ਕਾਲਜਾਂ ਦੀਆਂ ਵਿਸ਼ੇਸ਼ ਜਾਂਚਾਂ ਸ਼ੁਰੂ ਕੀਤੀਆਂ ਸਨ ਅਤੇ ਬਾਅਦ ਵਿੱਚ ਆਡਿਟ ਫਰਮ ਕੇ.ਪੀ.ਐਮ.ਜੀ. ਨੂੰ ਇੱਕ ਵਿਆਪਕ ਸਮੀਖਿਆ ਸੌਂਪੀ ਸੀ।

ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਹੀ ਸਖ਼ਤ ਕਾਨੂੰਨ ਹੁਣ ਬਰਤਾਨੀਆ, ਨਿਊਜ਼ੀਲੈਂਡ ਅਤੇ ਹੋਰ ਮੁਲਕਾਂ ਨੇ ਬਣਾ ਲਏ ਹਨ। ਸਭ ਦਾ ਮਕਸਦ ਇੱਕੋ ਹੀ ਹੈ ਕਿ ਅੰਤਰਰਾਸ਼ਟਰੀ ਪਰਵਾਸ ਨੂੰ ਵੱਡੀ ਠੱਲ੍ਹ ਪਾਈ ਜਾਵੇ। ਹੁਣ ਵਿਕਸਤ ਮੁਲਕਾਂ ਦੀਆਂ ਸਰਕਾਰਾਂ ਅਤੇ ਉਥੋਂ ਦੇ ਵੱਡੀ ਗਿਣਤੀ ਮੂਲ ਵਸਨੀਕ ਇਹ ਸੋਚਣ ਲੱਗ ਪਏ ਹਨ ਕਿ ਪਰਵਾਸੀ ਲੋਕਾਂ ਕਾਰਨ ਉਹਨਾਂ ਦੇ ਜੱਦੀ ਮੁਲਕ ਅੰਦਰ ਰੁਜ਼ਗਾਰ ਦੇ ਮੌਕੇ ਘੱਟ ਗਏ ਹਨ। ਉਹਨਾਂ ਦਾ ਸਭਿਆਚਾਰ ਬਦਲ ਰਿਹਾ ਹੈ। ਰਿਹਾਇਸ਼ ਦੀ ਘਾਟ ਹੋ ਗਈ ਹੈ ਅਤੇ ਪਰਵਾਸੀਆਂ ਕਾਰਨ ਇਹਨਾਂ ਦੇਸ਼ਾਂ ਦੀ ਸ਼ਾਂਤੀ ਭੰਗ ਹੋ ਰਹੀ ਹੈ।

ਅਮਰੀਕਾ ਨੇ ਡੰਕੀ ਰੂਟ ਰਾਹੀਂ ਹੁੰਦੇ ਗ਼ੈਰ ਕਾਨੂੰਨੀ ਪਰਵਾਸ ਨੂੰ ਪੱਕੇ ਤੌਰ 'ਤੇ ਰੋਕਣ ਲਈ ਆਪਣੀ ਮੈਕਸੀਕੋ ਨਾਲ ਲੱਗਦੀ ਸਰਹੱਦ 'ਤੇ ਸਟੀਲ ਦੀਆਂ ਮਜ਼ਬੂਤ ਪਲੇਟਾਂ ਕਾਫੀ ਉਚਾਈ ਤੱਕ ਲਗਾ ਦਿੱਤੀਆਂ ਹਨ ਤਾਂ ਕਿ ਮੈਕਸੀਕੋ ਦੇ ਡੰਕੀ ਰੂਟ ਰਾਹੀਂ ਕੋਈ ਗ਼ੈਰ ਕਾਨੂੰਨੀ ਪਰਵਾਸੀ ਅਮਰੀਕਾ 'ਚ ਨਾ ਆ ਸਕੇ। ਹੁਣ ਕਾਨੂੰਨੀ ਅਤੇ ਜਾਇਜ਼ ਤਰੀਕਿਆਂ ਨਾਲ ਹੁੰਦੇ ਪਰਵਾਸ 'ਤੇ ਵੀ ਵੱਖ-ਵੱਖ ਮੁਲਕਾਂ ਨੇ ਅਨੇਕਾਂ ਰੋਕਾਂ ਅਤੇ ਸ਼ਰਤਾਂ ਲਗਾ ਦਿੱਤੀਆਂ ਹਨ, ਜਿਸ ਕਾਰਨ ਇਹਨਾਂ ਦੇਸ਼ਾਂ ਵੱਲ ਪਰਵਾਸ ਕਰਨਾ ਬਹੁਤ ਮੁਸ਼ਕਿਲ ਹੋ ਗਿਆ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਵੱਖ ਵੱਖ ਮੁਲਕਾਂ ਵੱਲੋਂ ਅੰਤਰਰਾਸ਼ਟਰੀ ਪਰਵਾਸ ਨੂੰ ਰੋਕਣ ਲਈ ਲਾਗੂ ਕੀਤੇ ਗਏ ਨਵੇਂ ਸਖ਼ਤ ਕਾਨੂੰਨਾਂ ਅਤੇ ਨਵੇਂ ਨਿਯਮਾਂ ਕਾਰਨ ਕੀ ਇੱਕ ਦੇਸ਼ ਤੋਂ ਦੂਜੇ ਦੇਸ਼ਾਂ ਵੱਲ ਹੁੰਦੇ ਪਰਵਾਸ ਨੂੰ ਵੱਡੀ ਠੱਲ੍ਹ ਪਵੇਗੀ ?



**ਦਰਪਣ ਝੂਠ ਨਹੀਂ ਬੋਲਦਾ**

# ਨਸ਼ਾ ਤਸਕਰੀ ਬਾਰੇ ਕੇਂਦਰ ਤੇ ਪੰਜਾਬ ਵਿਚਾਲੇ ਸਿਆਸੀ ਖਹਿਬਾਜ਼ੀ

## ➢ ਆਖ਼ਰ ਕੌਣ ਲਵੇਗਾ ਪੰਜਾਬ ਦੇ ਹਾਲਾਤ ਦੀ ਜ਼ਿੰਮੇਵਾਰੀ ? ➢ ਝੋਟਾ ਕਤਲ ਕਾਂਡ: ਕੇਂਦਰ ਨੇ ਮੰਗਿਆ ਜਵਾਬ, ਭਗਵੰਤ ਮਾਨ ਨੇ ਗੁਜਰਾਤ ਪੋਰਟ ਦੇ ਨਸ਼ੇ ’ਤੇ ਘੇਰਿਆ



ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦਾ ਦਿਨ-ਦਿਹਾੜੇ ਹੋਇਆ ਕਤਲ ਪੰਜਾਬ ਦੇ ਹਾਲਾਤ ਉੱਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਇਸ ਦੇ ਨਾਲ ਹੀ ਸੰਗਰੂਰ ਦੇ ਮਜ਼ਦੂਰ ਗੁਲਜ਼ਾਰ ਸਿੰਘ ਦੀ ਮੌਤ ਅਤੇ ਗੁਰਦਾਸਪੁਰ ਵਿੱਚ ਬਿਕਰਮਜੀਤ ਸਿੰਘ ਦੇ ਕਤਲ ਨੇ ਮਾਹੌਲ ਹੋਰ ਗਰਮਾ ਦਿੱਤਾ ਹੈ।

ਇਨ੍ਹਾਂ ਘਟਨਾਵਾਂ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪਰਮਿੰਦਰ ਸਿੰਘ ਝੋਟੇ ਦੇ ਮਾਮਲੇ ਬਾਰੇ ਨੋਟਿਸ ਜਾਰੀ ਕਰਕੇ ਤੱਥ-ਅਧਾਰਿਤ ਰਿਪੋਰਟ ਮੰਗੀ ਸੀ। ਲੰਘੇ ਦਿਨੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੂਬੇ ਵਿੱਚ ਕਾਨੂੰਨ-ਵਿਵਸਥਾ ਅਤੇ ਗੈਂਗਸਟਰਵਾਦ ਦੇ ਵਧ ਰਹੇ ਖ਼ਤਰੇ ’ਤੇ ਸਵਾਲ ਚੁੱਕੇ ਸਨ। ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਨੇ ਕੇਂਦਰ ਨੂੰ ਘੇਰਦਿਆਂ ਤਿੱਖਾ ਪਲਟਵਾਰ ਕੀਤਾ ਹੈ। ਪੰਜਾਬ ਸਰਕਾਰ ਦਾ ਤਰਕ ਹੈ ਕਿ ਕੌਮਾਂਤਰੀ ਸਰਹੱਦ ’ਤੇ 50 ਕਿਲੋਮੀਟਰ ਦਾ ਦਾਇਰਾ ਸੀਮਾ ਸੁਰੱਖਿਆ ਬਲ ਦੇ ਅਧੀਨ ਹੈ। ਇਸ ਤੋਂ ਇਲਾਵਾ ਗੁਜਰਾਤ ਦੀਆਂ ਬੰਦਰਗਾਹਾਂ ਤੋਂ ਹਜ਼ਾਰਾਂ ਕਿੱਲੋ ਨਸ਼ਾ ਜ਼ਬਤ ਹੋ ਚੁਕਾ ਹੈ। ਪੰਜਾਬ ਸਰਕਾਰ ਅਨੁਸਾਰ ਕੇਂਦਰ ਨੂੰ ਦੂਜਿਆਂ ’ਤੇ ਦੋਸ਼ ਲਾਉਣ ਦੀ ਥਾਂ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਇਸ ਦੌਰਾਨ ਇਹ ਮਾਮਲਾ ਕੌਮਾਂਤਰੀ ਪੱਧਰ ’ਤੇ ਵੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਹੁਣੇ ਜਿਹੇ ਅਮਰੀਕੀ ਕਾਂਗਰਸਮੈਨ ਥਾਮਸ ਆਰ. ਸੂਓਜ਼ੀ ਨੇ ਅਮਰੀਕਾ ਸਥਿਤ ਭਾਰਤੀ ਰਾਜਦੂਤ ਨੂੰ ਪੱਤਰ ਲਿਖ ਕੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੀ ਪਾਰਦਰਸ਼ੀ ਜਾਂਚ ਦੀ ਮੰਗ ਕੀਤੀ ਸੀ। ਉਨ੍ਹਾਂ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਥਿਤੀ ਦਾ ਹਵਾਲਾ ਦਿੱਤਾ ਸੀ। ਇਸ ਕਦਮ ਨਾਲ ਕੇਂਦਰ ਸਰਕਾਰ ਉੱਤੇ ਅਮਰੀਕਾ ਤੋਂ ਵੀ ਜਵਾਬਦੇਹੀ ਦਾ ਦਬਾਅ ਬਣ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਰਵਿੰਦਰ ਸਿੰਘ ਝੋਟਾ ਨੂੰ ‘ਸ਼ਹੀਦ’ ਕਰਾਰ ਦਿੰਦਿਆਂ ਸਰਕਾਰ ਦੀ ਕਾਰਗੁਜ਼ਾਰੀ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਆਪ ਸਰਕਾਰ ਨੂੰ ਨਸ਼ਿਆਂ ਦਾ ਜ਼ਿੰਮੇਵਾਰ ਦੱਸਦਿਆਂ ਪਰਮਿੰਦਰ ਸਿੰਘ ਝੋਟੇ ਦੀ ਫੋਟੋ ਅਜਾਇਬ ਘਰ ਲਗਾਉਣ ਦਾ ਫੈਸਲਾ ਕੀਤਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਸਲ ਮੁੱਦਾ ਇਹ ਹੈ ਕਿ ਨਸ਼ੇ ਦੀ ਤਸਕਰੀ ਸਰਹੱਦ ਪਾਰੋਂ ਵੀ ਹੋ ਰਹੀ ਹੈ, ਹਿਮਾਚਲ ਪ੍ਰਦੇਸ਼ ਦੇ ਬੱਦੀ ਖੇਤਰ ਤੋਂ ਗੈਰ-ਕਾਨੂੰਨੀ ਮੈਡੀਕਲ ਨਸ਼ੇ ਅਤੇ ਗੁਜਰਾਤ ਰਸਤੇ ਆ ਰਹੀਆਂ ਖੇਪਾਂ ਨੇ ਪੰਜਾਬ ਨੂੰ ਨਸ਼ੇ ਦੇ ਚਕਰਵਿਊ ਵਿੱਚ ਫਸਾ ਦਿੱਤਾ ਹੈ। ਕੇਂਦਰ ਸਰਕਾਰ ਨਾਰਕੋਟਿਕਸ ਕੰਟਰੋਲ ਬਿਊਰੋ ਰਾਹੀਂ ਸਖ਼ਤੀ ਦਾ ਦਾਅਵਾ ਕਰਦੀ ਹੈ, ਪਰ ਜ਼ਮੀਨੀ ਪੱਧਰ ’ਤੇ ਨਤੀਜੇ ਤਸੱਲੀਬਖ਼ਸ਼ ਨਹੀਂ ਹਨ।

ਸਿੱਖ ਬੁੱਧੀਜੀਵੀ ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰ ਨੂੰ ਆਪਸੀ ਖਹਿਬਾਜ਼ੀ ਛੱਡ ਕੇ ਸਾਂਝੀ ਰਣਨੀਤੀ ਬਣਾਉਣੀ ਹੋਵੇਗੀ। ਸਰਹੱਦਾਂ ਅਤੇ ਬੰਦਰਗਾਹਾਂ ’ਤੇ ਸਖ਼ਤ ਚੌਕਸੀ ਦੇ ਨਾਲ-ਨਾਲ ਗ਼ੈਰ-ਕਾਨੂੰਨੀ ਮੈਡੀਕਲ ਸਟੋਰਾਂ ਅਤੇ ਤਸਕਰਾਂ ਦੀਆਂ ਜੜ੍ਹਾਂ ਵੱਢਣੀਆਂ ਪੈਣਗੀਆਂ। ਜੇਕਰ ਹੁਣ ਵੀ ਠੋਸ ਕਦਮ ਨਾ ਚੁੱਕੇ ਗਏ, ਤਾਂ ਨਸ਼ਿਆਂ ਦਾ ਇਹ ਸੈ?ਤਾਨ ਹੋਰ ਕਈ ਕੀਮਤੀ ਜਾਨਾਂ ਨਿਗਲ ਜਾਵੇਗਾ।

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਕੈਂਥ ਦਾ ਕਹਿਣਾ ਨਸ਼ਿਆਂ ਵਿਰੋਧੀ ਲਹਿਰ ਦਾ ਸਰੂਪ ਸਿਰਫ਼ ਸੜਕਾਂ ਜਾਮ ਕਰਨ ਜਾਂ ਕਾਰੋਬਾਰ ਠੱਪ ਕਰਨ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਸਗੋਂ ਪਿੰਡ-ਪਿੰਡ ਪਹਿਰੇਦਾਰੀ, ਸਮਾਜਿਕ ਚੌਕਸੀ ਅਤੇ ਪ੍ਰਸ਼ਾਸਨਿਕ ਜਵਾਬਦੇਹੀ ਤੈਅ ਕਰਨ ਵਾਲਾ ਹੋਣਾ ਚਾਹੀਦਾ ਹੈ। ਜਦੋਂ ਕਿਸੇ ਵੀ ਖੇਤਰ ਵਿੱਚ ਨਸ਼ਾ ਵਿਕੇ, ਤਾਂ ਸਬੰਧਤ ਥਾਣੇਦਾਰ ਅਤੇ ਆਬਕਾਰੀ ਅਧਿਕਾਰੀਆਂ ਦਾ ਸ਼ਾਂਤਮਈ ਪਰ ਪੁਖ਼ਤਾ ਘਿਰਾਓ ਕੀਤਾ ਜਾਵੇ। ਨਸ਼ੇ ਦੇ ਸਰਪ੍ਰਸਤਾਂ ਦਾ ਸਮਾਜਿਕ ਬਾਈਕਾਟ ਕਰਨਾ ਅਤੇ ਨਸ਼ੇ ’ਚ ਫਸੇ ਨੌਜਵਾਨਾਂ ਨੂੰ ਮੁੜ ਵਸੇਬੇ ਵੱਲ ਤੋਰਨਾ ਇਸ ਲਹਿਰ ਦੇ ਮੁੱਖ ਥੰਮ੍ਹ ਹੋਣੇ ਚਾਹੀਦੇ ਹਨ। ਪੰਜਾਬ ਦੀ ਨੌਜਵਾਨੀ ਅਤੇ ਭਵਿੱਖ ਨੂੰ ਬਚਾਉਣ ਦਾ ਇੱਕੋ-ਇੱਕ ਰਾਹ ਲੋਕਾਂ ਦੀ ਲਾਮਬੰਦੀ ਵਿੱਚ ਹੈ। ਪੰਜਾਬੀਆਂ ਨੂੰ ਇੱਕ ਮੁੱਠ ਹੋ ਕੇ ਇਸ ਡਰੱਗ ਸਪਲਾਈ ਤੇ ਅਵਾਰਾ ਪੂੰਜੀ ਦੇ ਜਾਲ ਨੂੰ ਤੋੜਨਾ ਹੀ ਪਵੇਗਾ।

# ਨਸ਼ਿਆਂ ਖ਼ਿਲਾਫ਼ ਜੂਝਣ ਵਾਲੇ ਯੋਧਿਆਂ ਨੇਹਾ ਸ਼ੋਰੀ ਤੇ ਪਰਵਿੰਦਰ ਸਿੰਘ ਝੋਟਾ ਦੀ ਸ਼ਹਾਦਤ ਨੇ ਪੰਜਾਬ ਝੰਜੋੜਿਆ

## ਨੇਹਾ ਸ਼ੋਰੀ ਅਤੇ ਝੋਟਾ ਨੂੰ ਸੱਚੀ ਸ਼ਰਧਾਂਜਲੀ: ਫ਼ਿਰਕੂਵਾਦ ਨੂੰ ਪਛਾੜ ਕੇ ਨਸ਼ਿਆਂ ਦੇ ਦਰਿਆ ਨੂੰ ਠੱਲ੍ਹ ਪਾਉਣਾ





ਮਾਨਸਾ ਵਿਖੇ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕੀਤਾ ਗਿਆ ਕਤਲ ਪੰਜਾਬ ਦੀ ਅਣਖ ਤੇ ਸਰਕਾਰ ਦੀ ਕਾਰਗੁਜਾਰੀ ਉੱਪਰ ਪ੍ਰਸ਼ਨ ਚਿੰਨ ਹੈ। ਇਸ ਦਰਦਨਾਕ ਘਟਨਾ ਨੇ ਸੱਤ ਸਾਲ ਪਹਿਲਾਂ ਖਰੜ ਵਿਖੇ ਆਪਣੀ ਡਿਊਟੀ ਨਿਭਾਉਂਦਿਆਂ ਸ਼ਹੀਦ ਹੋਈ ਡਰੱਗ ਇੰਸਪੈਕਟਰ ਨੇਹਾ ਸ਼ੋਰੀ ਦੇ ਕਤਲ ਦੀਆਂ ਖ਼ੂਨੀ ਯਾਦਾਂ ਮੁੜ ਤਾਜ਼ਾ ਕਰ ਦਿੱਤੀਆਂ ਹਨ।

ਨੇਹਾ ਸ਼ੋਰੀ ਸਿਹਤ ਵਿਭਾਗ ਵਿੱਚ ਡਰੱਗ ਇੰਸਪੈਕਟਰ ਵਜੋਂ ਤਾਇਨਾਤ ਸੀ। ਉਹ 2007 ਵਿੱਚ ਪੰਜਾਬ ਲੋਕ ਸੇਵਾ ਕਮਿਸ਼ਨ ਰਾਹੀਂ ਚੁਣੀ ਗਈ ਸੀ। ਬਾਅਦ ਵਿੱਚ ਉਸ ਨੂੰ ਰੋਪੜ ਅਤੇ ਖਰੜ ਖੇਤਰ ਦੀ ਜ਼ੋਨਲ ਲਾਇਸੈਂਸਿੰਗ ਅਥਾਰਟੀ ਦੀ ਜ਼ਿੰਮੇਵਾਰੀ ਮਿਲੀ ਸੀ।

ਨੇਹਾ ਸ਼ੋਰੀ ਇੱਕ ਇਮਾਨਦਾਰ ਅਫ਼ਸਰ ਸੀ। ਉਸ ਨੇ ਪਾਬੰਦੀਸ਼ੁਦਾ ਨਸ਼ੀਲੀਆਂ ਦਵਾਈਆਂ ਵੇਚਣ ਵਾਲੀਆਂ ਦੁਕਾਨਾਂ ’ਤੇ ਛਾਪੇ ਮਾਰੇ ਸਨ। 2009 ਵਿੱਚ ਉਸ ਨੇ ਮੋਰਿੰਡਾ ਦੇ ਇੱਕ ਕੈਮਿਸਟ ਬਲਵਿੰਦਰ ਸਿੰਘ ਦਾ ਲਾਇਸੈਂਸ ਰੱਦ ਕਰ ਦਿੱਤਾ ਸੀ। ਇਸੇ ਰੰਜਿਸ਼ ਤਹਿਤ 29 ਮਾਰਚ 2019 ਨੂੰ ਬਲਵਿੰਦਰ ਸਿੰਘ ਨੇ ਖਰੜ ਸਥਿਤ ਦਫ਼ਤਰ ਅੰਦਰ ਦਾਖ਼ਲ ਹੋ ਕੇ ਨੇਹਾ ਸ਼ੋਰੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

ਉਸ ਵੇਲੇ ਨੇਹਾ ਦੇ ਪਰਿਵਾਰ ਨੇ ਦੋਸ਼ ਲਾਇਆ ਸੀ ਕਿ ਇਸ ਕਤਲ ਪਿੱਛੇ ਨਸ਼ਾ ਮਾਫ਼ੀਆ ਦਾ ਹੱਥ ਹੈ। ਪਰਿਵਾਰ ਨੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਸੀ। ਤਤਕਾਲੀਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਾਂਚ ਬਿਊਰੋ ਆਫ਼ ਇਨਵੈਸਟੀਗੇਸ਼ਨ ਨੂੰ ਸੌਂਪੀ ਸੀ। ਦਸੰਬਰ 2019 ਵਿੱਚ ਪੁਲਿਸ ਨੇ ਹਾਈ ਕੋਰਟ ਵਿੱਚ ਰਿਪੋਰਟ ਦਿੱਤੀ ਕਿ ਜਾਂਚ ਦੌਰਾਨ ਦੋਸ਼ੀ ਤੋਂ ਇਲਾਵਾ ਕਿਸੇ ਹੋਰ ਜਾਂ ਨਸ਼ਾ ਮਾਫ਼ੀਆ ਦੀ ਸ਼ਮੂਲੀਅਤ ਦੇ ਸਬੂਤ ਨਹੀਂ ਮਿਲੇ। ਹਾਲਾਂਕਿ ਪਰਿਵਾਰ ਇਸ ਜਾਂਚ ਤੋਂ ਅਸੰਤੁਸ਼ਟ ਰਿਹਾ।

ਦੋਵੇਂ ਮਾਮਲੇ ਵੱਖ-ਵੱਖ ਸਮਿਆਂ ਦੇ ਹਨ, ਦੋਵਾਂ ਦੇ ਕਾਰਜ-ਖੇਤਰ ਵੱਖਰੇ ਸਨ—ਨੇਹਾ ਸ਼ੋਰੀ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕਨੂੰਨੀ ਕਾਰਵਾਈ ਕਰ ਰਹੀ ਸੀ ਅਤੇ ਪਰਮਿੰਦਰ ਸਿੰਘ ਝੋਟਾ ਸੜਕਾਂ ’ਤੇ ਉੱਤਰ ਕੇ ਜਨਤਕ ਵਿਦਰੋਹ ਦਾ ਝੰਡਾਬਰਦਾਰ ਬਣਿਆ ਹੋਇਆ ਸੀ। ਪ੍ਰੰਤੂ ਦੋਵਾਂ ਦਾ ਦੁਸ਼ਮਣ ਇੱਕੋ ਸੀ: ਮੈਡੀਕਲ ਨਸ਼ੇ ਅਤੇ ਸਿੰਥੈਟਿਕ ਜ਼ਹਿਰ ਦਾ ਉਹ ਨਾਪਾਕ ਗੱਠਜੋੜ, ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਤੋਂ ਖੋਖਲਾ ਕਰ ਰਿਹਾ ਹੈ।

ਇਸ ਗੰਭੀਰ ਘੜੀ ਵਿੱਚ ਸਭ ਤੋਂ ਵੱਧ ਚਿੰਤਾਜਨਕ ਅਤੇ ਖ਼ਤਰਨਾਕ ਰੁਝਾਨ ਇਹ ਸਾਹਮਣੇ ਆ ਰਿਹਾ ਹੈ ਕਿ ਕੁਝ ਸ਼ਿਵ ਸੈਨਾ ਵਰਗੇ ਫ਼ਿਰਕਾਪ੍ਰਸਤ ਅਨਸਰ ਇਸ ਨਸ਼ਿਆਂ ਵਿਰੋਧੀ ਲਹਿਰ ਤੇ ਦੁਖਾਂਤ ਨੂੰ ਹਿੰਦੂ-ਸਿੱਖ ਮਸਲਾ ਬਣਾ ਕੇ ਪੇਸ਼ ਕਰਨ ਦੀਆਂ ਘਿਨਾਉਣੀਆਂ ਕੋਸ਼ਿਸ਼ਾਂ ਕਰ ਰਹੇ ਹਨ। ਜਦਕਿ ਨਸ਼ਿਆਂ ਦਾ ਕੋਈ ਧਰਮ, ਜਾਤ ਜਾਂ ਫ਼ਿਰਕਾ ਨਹੀਂ ਹੁੰਦਾ। ਨਸ਼ੀਲੀਆਂ ਗੋਲੀਆਂ ਵੇਚਣ ਵਾਲਾ ਮੁਨਾਫ਼ਾਖੋਰ ਸਿਰਫ਼ ਇੱਕ ਅਪਰਾਧੀ ਹੁੰਦਾ ਹੈ ਅਤੇ ਉਸ ਜ਼ਹਿਰ ਦਾ ਸ਼ਿਕਾਰ ਹੋ ਕੇ ਮਰਨ ਵਾਲਾ ਨੌਜਵਾਨ ਪੰਜਾਬ ਦੇ ਇੱਕ ਘਰ ਦਾ ਬੁਝਿਆ ਹੋਇਆ ਚਿਰਾਗ਼ ਹੁੰਦਾ ਹੈ। ਇਹ ਦੋਵੇਂ ਮੌਤਾਂ ਸਾਬਤ ਕਰਦੀਆਂ ਹਨ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਲੜਾਈ ਕਿੰਨੀ ਖ਼ਤਰਨਾਕ ਹੋ ਚੁੱਕੀ ਹੈ। ਇਸ ਨਾਲ ਇਹ ਵੱਡਾ ਸਵਾਲ ਖੜ੍ਹਾ ਹੁੰਦਾ ਹੈ ਕਿ ਨਸ਼ਿਆਂ ਵਿਰੁੱਧ ਆਵਾਜ਼ ਚੁੱਕਣ ਵਾਲੇ ਅਧਿਕਾਰੀਆਂ ਅਤੇ ਆਮ ਲੋਕਾਂ ਦੀ ਸੁਰੱਖਿਆ ਕਿਵੇਂ ਯਕੀਨੀ ਬਣਾਈ ਜਾਵੇਗੀ। ਨਸ਼ੀਲੀਆਂ ਦਵਾਈਆਂ ਦੇ ਕਾਰੋਬਾਰ ’ਤੇ ਸਖ਼ਤ ਨਿਗਰਾਨੀ ਅਤੇ ਕਾਨੂੰਨ ਦੀ ਸਖ਼ਤੀ ਨਾਲ ਹੀ ਅਜਿਹੀਆਂ ਦੁਖਦਾਈ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਆਪ ਸਰਕਾਰ ਨੂੰ ਨਸ਼ਿਆਂ ਦਾ ਜ਼ਿੰਮੇਵਾਰ ਦੱਸਦਿਆਂ ਪਰਮਿੰਦਰ ਸਿੰਘ ਝੋਟੇ ਦੀ ਫੋਟੋ ਅਜਾਇਬ ਘਰ ਲਗਾਉਣ ਦਾ ਫੈਸਲਾ ਕੀਤਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਸਲ ਮੁੱਦਾ ਇਹ ਹੈ ਕਿ ਨਸ਼ੇ ਦੀ ਤਸਕਰੀ ਸਿਰਫ਼ ਸਰਹੱਦ ਪਾਰੋਂ ਆ ਰਹੀ ਹੈਰੋਇਨ ਤੱਕ ਸੀਮਤ ਨਹੀਂ ਰਹੀ। ਹਿਮਾਚਲ ਪ੍ਰਦੇਸ਼ ਦੇ ਬੱਦੀ ਖੇਤਰ ਤੋਂ ਗ਼ੈਰ-ਕਾਨੂੰਨੀ ਮੈਡੀਕਲ ਨਸ਼ੇ ਅਤੇ ਗੁਜਰਾਤ ਰਸਤੇ ਆ ਰਹੀਆਂ ਖੇਪਾਂ ਨੇ ਪੰਜਾਬ ਵਿੱਚ ਨਸ਼ਾ ਆਮ ਕਰ ਦਿੱਤਾ ਹੈ। ਕੇਂਦਰ ਸਰਕਾਰ ਨਾਰਕੋਟਿਕਸ ਕੰਟਰੋਲ ਬਿਊਰੋ ਰਾਹੀਂ ਸਖ਼ਤੀ ਦਾ ਦਾਅਵਾ ਕਰਦੀ ਹੈ, ਪਰ ਜ਼ਮੀਨੀ ਪੱਧਰ ’ਤੇ ਨਤੀਜੇ ਤਸੱਲੀਬਖ਼ਸ਼ ਨਹੀਂ ਹਨ।



**2029 ਦੀ ਸਿਆਸੀ ਸ਼ਤਰੰਜ**

# ਕੀ ਸਿਰਫ਼ ਮੋਦੀ ਲਹਿਰ ਦੇ ਸਿਰ ’ਤੇ ਸੰਭਵ ਹੈ ਭਾਜਪਾ ਦੀ ਹੈਟ੍ਰਿਕ ?

## ਚੋਣ ਮਸ਼ੀਨਰੀ ਅਤੇ ਬੂਥ ਪ੍ਰਬੰਧ: ਅਮਿਤ ਸ਼ਾਹ ਦੀ ਸਿਆਸੀ ਵਿਉਂਤਬੰਦੀ ਦਾ ਅਸਲ ਆਧਾਰ ਕੀ ਹੈ ?

ਭਾਰਤੀ ਰਾਜਨੀਤੀ ਵਿੱਚ ਚੋਣ ਨਤੀਜੇ ਅਕਸਰ ਸਿਰਫ਼ ਲੋਕਪ੍ਰਿਯਤਾ ਜਾਂ ਰੈਲੀਆਂ ਦੇ ਇਕੱਠ ਨਾਲ ਤੈਅ ਨਹੀਂ ਹੁੰਦੇ, ਸਗੋਂ ਉਹ ਵੋਟਾਂ ਦੇ ਗਣਿਤ ਅਤੇ ਬੂਥ ਪ੍ਰਬੰਧਨ ਦੀ ਬਰੀਕ ਖੇਡ ਉੱਤੇ ਨਿਰਭਰ ਕਰਦੇ ਹਨ। 2024 ਦੀਆਂ ਆਮ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) 303 ਸੀਟਾਂ ਤੋਂ ਘਟ ਕੇ 240 ਸੀਟਾਂ ਉੱਤੇ ਸਿਮਟ ਗਈ ਸੀ ਅਤੇ ਉਸ ਦੀ ਵੋਟ ਹਿੱਸੇਦਾਰੀ 36.56 ਪ੍ਰਤੀਸ਼ਤ ਰਹੀ ਸੀ। ਇਸ ਦੇ ਨਾਲ ਹੀ ਐਨ.ਡੀ.ਏ. ਦਾ ਕੁੱਲ ਵੋਟ ਆਧਾਰ ਵੀ 45.4 ਪ੍ਰਤੀਸ਼ਤ ਤੋਂ ਘਟ ਕੇ ਲਗਭਗ 43.8 ਪ੍ਰਤੀਸ਼ਤ ਰਹਿ ਗਿਆ ਸੀ। ਇਹ ਅੰਕੜੇ ਸਪੱਸ਼ਟ ਸੰਕੇਤ ਦਿੰਦੇ ਹਨ ਕਿ ਪਿਛਲੇ ਪੰਜ ਸਾਲਾਂ ਦੌਰਾਨ ਸੱਤਾਧਾਰੀ ਧਿਰ ਪ੍ਰਤੀ ਜਨਤਾ ਦਾ ਸਮਰਥਨ ਜ਼ਰੂਰ ਘਟਿਆ ਹੈ। ਪਰ ਇਸ ਗਿਰਾਵਟ ਦੇ ਬਾਵਜੂਦ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਲੀਡਰਸ਼ਿਪ ਵੱਲੋਂ 2029 ਦੀਆਂ ਆਮ ਚੋਣਾਂ ਵਿੱਚ ਵੱਡੀ ਜਿੱਤ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਇਸ ਭਰੋਸੇ ਦੀ ਨੀਂਹ ਕਿਨ੍ਹਾਂ ਕਾਰਕਾਂ ’ਤੇ ਟਿਕੀ ਹੋਈ ਹੈ ?

**ਸਵਾਲ ਇਹ ਹੈ ਕਿ ਇਸ ਭਰੋਸੇ ਦੀ ਨੀਂਹ ਕਿਨ੍ਹਾਂ ਕਾਰਕਾਂ ’ਤੇ ਟਿਕੀ ਹੋਈ ਹੈ ?**

ਪਹਿਲਾ ਪਹਿਲੂ ਵੋਟਰਾਂ ਦੇ ਸੁਭਾਅ ਅਤੇ ਵਫ਼ਾਦਾਰੀ ਨਾਲ ਜੁੜਿਆ ਹੈ। ਕੀ 2024 ਵਿੱਚ ਭਾਜਪਾ ਨੂੰ ਪਈਆਂ ਲਗਭਗ 23.6 ਕਰੋੜ ਵੋਟਾਂ ਨੂੰ ਪੱਕੇ ਸਮਰਥਕਾਂ ਦਾ ਆਧਾਰ ਮੰਨਿਆ ਜਾ ਸਕਦਾ ਹੈ ? ਇਹ ਮੰਨ ਲੈਣਾ ਸਿਆਸੀ ਨਾਸਮਝੀ ਹੋਵੇਗੀ ਕਿ ਇਹ ਸਾਰੇ ਵੋਟਰ ਹਰ ਹਾਲਾਤ ਵਿੱਚ ਸਿਰਫ਼ ਮੋਦੀ ਦੇ ਨਾਂਅ ’ਤੇ ਹੀ ਵੋਟ ਪਾਉਣਗੇ। ਵੋਟਰਾਂ ਦਾ ਇਹ ਵੱਡਾ ਸਮੂਹ ਕਈ ਵਰਗਾਂ ਵਿੱਚ ਵੰਡਿਆ ਹੋਇਆ ਹੈ। ਇਹਨਾਂ ਵਿੱਚ ਕੱਟੜ ਵਿਚਾਰਧਾਰਕ ਸਮਰਥਕ ਵੀ ਹਨ ਅਤੇ ਸਰਕਾਰੀ ਭਲਾਈ ਸਕੀਮਾਂ, ਮੁਫ਼ਤ ਰਾਸ਼ਨ ਜਾਂ ਰਿਹਾਇਸ਼ੀ ਯੋਜਨਾਵਾਂ ਦੇ ਲਾਭਪਾਤਰੀ ਵੀ ਸ਼ਾਮਲ ਹਨ। ਇਸੇ ਤਰ੍ਹਾਂ ਕੁਝ ਵੋਟਰ ਸਥਾਨਕ ਜਾਤੀ ਸਮੀਕਰਨਾਂ ਜਾਂ ਖੇਤਰੀ ਉਮੀਦਵਾਰ ਦੇ ਪ੍ਰਭਾਵ ਕਾਰਨ ਪਾਰਟੀ ਨਾਲ ਜੁੜਦੇ ਹਨ, ਜਦਕਿ ਇੱਕ ਵੱਡਾ ਹਿੱਸਾ ਸਿਰਫ਼ ਵਿਰੋਧੀ ਧਿਰ ਵਿੱਚ ਮਜ਼ਬੂਤ ਬਦਲ ਨਾ ਦਿੱਸਣ ਕਾਰਨ ਹਾਕਮ ਧਿਰ ਵੱਲ ਜਾਂਦਾ ਹੈ। ਇਸ ਲਈ ਮਹਿੰਗਾਈ, ਬੇਰੁਜ਼ਗਾਰੀ, ਕਿਸਾਨੀ ਸੰਕਟ ਜਾਂ ਸਮਾਜਿਕ ਬੇਚੈਨੀ ਵਧਣ ’ਤੇ ਇਸ ਆਧਾਰ ਵਿੱਚ ਤਰੇੜਾਂ ਆਉਣ ਦੀ ਪੂਰੀ ਸੰਭਾਵਨਾ ਰਹਿੰਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਪੰਜ ਦਰਿਆਵਾਂ ਦੀ ਤਹਿਜ਼ੀਬ

ਪੰਜ ਦਰਿਆਵਾਂ ਦੀ ਧਰਤੀ, ਭਾਰਤ ਦਾ ਅੰਨਦਾਤਾ ਅਤੇ ਸੂਰਬੀਰਾਂ ਦਾ ਗੜ੍ਹ ਮੰਨੇ ਜਾਂਦੇ ਪੰਜਾਬ ਦੀ ਆਪਣੀ ਵਿਸ਼ੇਸ਼ ਮਰਿਆਦਾ ਅਤੇ ਤਹਿਜ਼ੀਬ ਹੈ। ਪੰਜਾਬ ਦੇ ਸਾਰੇ ਦਰਿਆ ਸਭ ਦਾ ਭਲਾ ਲੋਚਦੇ ਹਨ। ਇਸੇ ਕਾਰਨ ਇਹਨਾਂ ਦਰਿਆਵਾਂ ਦੇ ਆਲ਼ੇ ਦੁਆਲ਼ੇ ਵਸੇ ਪੰਜਾਬ ਦੇ ਲੋਕਾਂ ਤੋਂ ਵੀ ਇਸੇ ਤਹਿਜ਼ੀਬ ਦੀ ਆਸ ਕੀਤੀ ਜਾਂਦੀ ਹੈ। ਵੱਖ-ਵੱਖ ਸਮੇਂ ਇਸ ਕਰਮਾਂ ਵਾਲੀ ਪਵਿੱਤਰ ਧਰਤੀ ’ਤੇ ਮਹਾਨ ਗੁਰੂ ਸਾਹਿਬਾਨ, ਪੀਰਾਂ-ਫ਼ਕੀਰਾਂ ਅਤੇ ਦੇਸ਼-ਭਗਤਾਂ ਨੇ ਜਨਮ ਲਿਆ ਅਤੇ ਮਨੁੱਖਤਾ ਦਾ ਭਲੇ ਲਈ ਨਵੀਂਆਂ ਲਹਿਰਾਂ ਚਲਾਈਆਂ। ਇਹੋ ਕਾਰਨ ਹੈ ਕਿ ‘ਭਗਤੀ ਅੰਦੋਲਨ’ ਵਿੱਚ ਪੰਜਾਬ ਦੇ ਮਹਾਂਪੁਰਖਾਂ ਨੇ ਵੱਡਾ ਯੋਗਦਾਨ ਪਾਇਆ ਅਤੇ ਦੁਨੀਆ ਨੂੰ ਕੁਰਾਹੇ ਪੈਣ ਤੋਂ ਰੋਕਣ ਦੇ ਨਾਲ-ਨਾਲ ਸਹੀ ਰਸਤੇ ਵੀ ਪਾਇਆ। ਪੰਜਾਬ ਦੀ ਆਪਣਾ ਅਮੀਰ ਅਤੇ ਮਾਣਮੱਤਾ ਇਤਿਹਾਸ ਹੈ। ਇਸ ਤੋਂ ਇਲਾਵਾ ਪੰਜਾਬ ਦੀ ਨਿੱਘੀ ਮਹਿਮਾਨਨਿਵਾਜ਼ੀ ਅਤੇ ਜ਼ਿੰਦਾ-ਦਿਲੀ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅਤੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਹਰੀ ਕ੍ਰਾਂਤੀ ਲਿਆ ਕੇ ਦੇਸ਼ ਦਾ ਢਿੱਡ ਭਰਿਆ। ਪੰਜਾਬੀ ਸੱਭਿਆਚਾਰ, ਇੱਥੋਂ ਦਾ ਭੰਗੜਾ, ਗਿੱਧਾ ਅਤੇ ਸੁਆਦੀ ਖਾਣਾ ਦੁਨੀਆ ਦੇ ਕੋਨੇ-ਕੋਨੇ ਵਿੱਚ ਆਪਣੀ ਵੱਖਰੀ ਪਛਾਣ ਰੱਖਦੇ ਹਨ। ਪੰਜਾਬੀ ਜਿੱਥੇ ਵੀ ਜਾਂਦੇ ਹਨ, ਆਪਣੀ ਮਿਹਨਤ ਅਤੇ ਇਮਾਨਦਾਰੀ ਸਦਕਾ ਸਫ਼ਲਤਾ ਦੇ ਝੰਡੇ ਗੱਡਦੇ ਹਨ। ਇਹੋ ਕਾਰਨ ਹੈ ਕਿ ਪੰਜਾਬੀ ਪੂਰੇ ਵਿਸ਼ਵ ਵਿੱਚ ਚੰਗੇ ਅਹੁਦਿਆਂ ’ਤੇ ਤੈਨਾਤ ਹਨ।

ਜੇ ਹੁਣ ਅੱਜ ਦੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਦੀ ਜੋ ਮੌਜੂਦਾ ਤਸਵੀਰ ਉਭਰ ਕੇ ਸਾਹਮਣੇ ਆ ਰਹੀ ਹੈ, ਉਹ ਕਾਫ਼ੀ ਧੁੰਦਲੀ ਹੈ ਅਤੇ ਇਸ ਵਿਚੋਂ ਕੁਝ ਵੀ ਸਾਫ਼ ਦਿਖਾਈ ਨਹੀਂ ਦੇ ਰਿਹਾ, ਜਿਸ ਕਾਰਨ ਪੰਜਾਬੀਆਂ ਦੇ ਭਵਿੱਖ ’ਤੇ ਵੀ ਸਵਾਲੀਆ ਨਿਸ਼ਾਨ ਲੱਗ ਰਹੇ ਹਨ। ਇੱਕ ਸਮਾਂ ਅਜਿਹਾ ਵੀ ਸੀ ਜਦੋਂ ਪੰਜਾਬ ਦੀ ਪਹਿਚਾਣ ਜਵਾਨੀ, ਉੱਚੇ-ਲੰਮੇ ਗੱਭਰੂਆਂ ਅਤੇ ਸਿਹਤਮੰਦ ਜੀਵਨ ਸ਼ੈਲੀ ਕਾਰਨ ਪੂਰੀ ਦੁਨੀਆ ਵਿੱਚ ਹੁੰਦੀ ਸੀ, ਅੱਜ ਉਹ ਹੀ ਪੰਜਾਬ ਨਸ਼ਿਆਂ (ਖਾਸ ਕਰਕੇ ‘ਚਿੱਟਾ’, ਹੈਰੋਇਨ ਅਤੇ ਹੋਰ ਸਿੰਥੈਟਿਕ ਡਰੱਗਜ਼) ਦੇ ਕੋਹੜ ਨਾਲ ਜੂਝ ਰਿਹਾ ਹੈ। ਵੱਡੀ ਗਿਣਤੀ ਪੰਜਾਬੀਆਂ ਦੇ ਘਰ ਨਸ਼ੇ ਕਾਰਨ ਉੱਜੜ ਰਹੇ ਹਨ। ਸੂਬੇ ’ਚ ਨਸ਼ੇ ਕਾਰਨ ਮਰ ਰਹੇ ਨੌਜਵਾਨਾਂ ਕਾਰਨ ਭਰ ਜਵਾਨੀ ਵਿੱਚ ਅਨੇਕਾਂ ਪੰਜਾਬਣ ਮੁਟਿਆਰਾਂ ਵਿਧਵਾ ਹੋ ਗਈਆਂ ਹਨ। ਮਾਪੇ ਆਪਣੇ ਲਾਡਾਂ ਨਾਲ ਪਾਲੇ ਪੁੱਤਰਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਨਸ਼ੇ ਕਾਰਨ ਤਿਲ-ਤਿਲ ਕਰਕੇ ਮਰਦਾ ਵੇਖ ਰਹੇ ਹਨ। ਨਸ਼ੇ ਦੀ ਇਸ ਭਿਆਨਕ ਬਿਮਾਰੀ ਕਾਰਨ ਪੰਜਾਬ ਦੇ ਲੱਖਾਂ ਲੋਕ ਗਹਿਰੀ ਮਾਨਸਿਕ, ਆਰਥਿਕ ਅਤੇ ਸਮਾਜਿਕ ਪ੍ਰੇਸ਼ਾਨੀ ਵਿੱਚੋਂ ਗੁਜ਼ਰ ਰਹੇ ਹਨ। ਸਭ ਤੋਂ ਵੱਧ ਦਰਦ ਉਨ੍ਹਾਂ ਮਾਵਾਂ ਦਾ ਹੈ ਜਿਨ੍ਹਾਂ ਦੇ ਜਵਾਨ ਪੁੱਤ ਨਸ਼ੇ ਦੀ ਓਵਰਡੋਜ਼ ਕਾਰਨ ਦੁਨੀਆ ਤੋਂ ਚਲੇ ਗਏ। ਕਈ ਘਰਾਂ ਦੇ ਚਿਰਾਗ ਬੁੱਝ ਚੁੱਕੇ ਹਨ ਅਤੇ ਬਜ਼ੁਰਗ ਮਾਪੇ ਆਪਣੀ ਉਮਰ ਦੇ ਆਖਰੀ ਪੜਾਅ ’ਤੇ ਸਹਾਰੇ ਤੋਂ ਬਿਨਾਂ ਇਕੱਲੇ ਰਹਿ ਗਏ ਹਨ। ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ’ਚ ਨਸ਼ੇ ਦੀ ਸਮੱਸਿਆ ਵੀ ਹੁਣ ਰਾਜਨੀਤੀ ਦਾ ਅਖਾੜਾ ਬਣ ਗਈ ਹੈ ਅਤੇ ਪੰਜਾਬ ’ਚ ਸਰਗਰਮ ਵੱਖ- ਵੱਖ ਰਾਜਸੀ ਪਾਰਟੀਆਂ ਵੱਲੋਂ ਨਸ਼ੇ ਤੋਂ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ।

ਪਿਛਲੇ ਦਿਨੀਂ ਮਾਨਸਾ ਵਿੱਚ ਇੱਕ ਦਵਾਈਆਂ ਦੀ ਦੁਕਾਨ ਚਲਾ ਰਹੇ ਵਿਅਕਤੀ ਵੱਲੋਂ ਨਸ਼ਾ ਵੇਚਣ ਤੋਂ ਰੋਕ ਰਹੇ ਪਰਵਿੰਦਰ ਸਿੰਘ ਝੋਟਾ ਨੂੰ ਦਿਨ ਦਿਹਾੜੇ ਗੋਲੀਆਂ ਚਲਾ ਕੇ ਮਾਰ ਦਿੱਤਾ। ਜਿਸ ਕਾਰਨ ਪੂਰੇ ਪੰਜਾਬ ਵਿੱਚ ਹੀ ਰੋਸ ਦੀ ਲਹਿਰ ਚੱਲ ਪਈ। ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਵੱਖ- ਵੱਖ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਮੈਦਾਨ ਵਿੱਚ ਆ ਗਈਆਂ ਅਤੇ ਐਕਸ਼ਨ ਕਮੇਟੀ ਦਾ ਗਠਨ ਕਰ ਦਿੱਤਾ ਗਿਆ। ਇਸ ਐਕਸ਼ਨ ਕਮੇਟੀ ਦਾ ਕਹਿਣਾ ਹੈ ਕਿ ਜਦੋਂ ਤੱਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਡੀ.ਜੀ.ਪੀ. ਆਪਣੇ ਅਹੁਦਿਆਂ ਤੋਂ ਅਸਤੀਫ਼ਾ ਨਹੀਂ ਦਿੰਦੇ, ਉਦੋਂ ਤੱਕ ਪਰਵਿੰਦਰ ਸਿੰਘ ਝੋਟਾ ਦਾ ਅੰਤਿਮ ਸਸਕਾਰ ਨਹੀਂ ਕੀਤਾ ਜਾਵੇਗਾ। ਦੂਜੇ ਪਾਸੇ ਇਸ ਮੰਦਭਾਗੀ ਘਟਨਾ ਦਾ ਅਫ਼ਸੋਸ ਕਰਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਫਰਾਂਸ ਦੌਰੇ ’ਤੇ ਚਲੇ ਗਏ। ਪੰਜਾਬ ਸਰਕਾਰ ਨੇ ਹੁਣ ਪਰਵਿੰਦਰ ਸਿੰਘ ਝੋਟਾ ਮਾਮਲੇ ਦੀ ਜਾਂਚ ਸੀ.ਬੀ.ਆਈ ਨੂੰ ਦੇ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਪਰਵਿੰਦਰ ਸਿੰਘ ਝੋਟੇ ਦੇ ਪਰਿਵਾਰ ਅਤੇ ਹੋਰ ਪੀੜਤਾਂ ਦੇ ਪਰਿਵਾਰਾਂ ਮਿਲ ਕੇ ਇਨਸਾਫ਼ ਦੇਣ ਦਾ ਭਰੋਸਾ ਦੇ ਕੇ ਗਏ ਹਨ। ਵੱਡੇ ਦੁੱਖ ਦੀ ਗੱਲ ਇਹ ਹੈ ਕਿ ਕੁਝ ਸਿਆਸੀ ਪਾਰਟੀਆਂ ਨੇ ਪਰਵਿੰਦਰ ਸਿੰਘ ਕਤਲ ਕਾਂਡ ਨੂੰ ਸਿਆਸੀ ਮੁੱਦਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਮਾਨਸਾ ਵਿੱਚ ਲੱਗੇ ਧਰਨੇ ਤੋਂ ਵੀ ਆਪਣੀਆਂ ਸਿਆਸੀ ਗਰਜ਼ਾਂ ਪੂਰੀਆਂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਵੱਖ- ਵੱਖ ਸਿਆਸੀ ਪਾਰਟੀਆਂ ਦੇ ਸੀਨੀਅਰ ਲੀਡਰ ਪਰਵਿੰਦਰ ਸਿੰਘ ਦੇ ਪਰਿਵਾਰ ਨੂੰ ਮਿਲ ਕੇ ਆਪਣਾ ਦੁੱਖ ਪ੍ਰਗਟਾਅ ਰਹੇ ਹਨ ਪਰ ਸਭ ਸਿਆਸੀ ਆਗੂਆਂ ਦਾ ਇੱਕੋ ਇੱਕ ਮਕਸਦ ਇਸ ਘਟਨਾ ਤੋਂ ਆਪਣਾ ਸਿਆਸੀ ਲਾਹਾ ਲੈਣ ਦਾ ਹੈ। ਇਸ ਸਮੇਂ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਵਿਰੋਧੀ ਧਿਰਾਂ ਖਾਸ ਕਰਕੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਆਗੂ ਆਪਸ ਵਿੱਚ ਮਿਹਣੋ -ਮਿਹਣੀ ਹੋ ਰਹੇ ਹਨ। ਇਹ ਸਿਆਸੀ ਆਗੂ ਇੱਕ ਦੂਜੇ ਪ੍ਰਤੀ ਇਸ ਤਰ੍ਹਾਂ ਦੀ ਸ਼ਬਦਾਵਲੀ ਵਰਤਦੇ ਹਨ ਜੋ ਕਿ ਪਿੱਛੜੇ ਪਿੰਡਾਂ ਦੀਆਂ ਗਲੀਆਂ ਵਿੱਚ ਖਲੋ ਕੇ ਆਪਸ ਵਿੱਚ ਲੜਦੀਆਂ ਗੋਹਾ ਕੂੜਾ ਚੁੱਕਣ ਅਤੇ ਸੁੱਟਣ ਵਾਲੀਆਂ ਅਨਪੜ੍ਹ ਮਹਿਲਾਵਾਂ ਵੀ ਨਹੀਂ ਬੋਲਦੀਆਂ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਦੀ ਰਾਜਨੀਤੀ ਦਾ ਮਿਆਰ ਕਿੰਨਾ ਡਿੱਗ ਚੁੱਕਿਆ ਹੈ।

ਨਸ਼ੇ ਵਿਰੁੱਧ ਸੰਘਰਸ਼ ਕਰਦਿਆਂ ਮਾਰੇ ਗਏ ਪਰਵਿੰਦਰ ਸਿੰਘ ਝੋਟੇ ਦੇ ਪਰਿਵਾਰ ਨਾਲ ਪੂਰੇ ਪੰਜਾਬੀਆਂ ਨੂੰ ਹਮਦਰਦੀ ਹੈ। ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਇਸ ਘਟਨਾ ਨੂੰ ਸਿਆਸੀ ਰੰਗ ਦੇਣ ਤੋਂ ਗੁਰੇਜ਼ ਕਰਨ ਅਤੇ ਕੁਝ ਵੀ ਬੋਲਣ ਲੱਗਿਆਂ ਪੰਜਾਬ ਦੇ ਦਰਿਆਵਾਂ ਦੀ ਮਰਿਆਦਾ ਅਤੇ ਤਹਿਜ਼ੀਬ ਨੂੰ ਕਾਇਮ ਰੱਖਿਆ ਜਾਵੇ।

# ਹੋਂਦ ਦੇ ਸੰਕਟ ’ਚੋਂ ਲੰਘ ਰਹੀ ਹੈ ਜੈੱਨ ਜ਼ੀ ਪੀੜ੍ਹੀ

ਸੰਜੀਵ ਪਰਾਸ਼ਰ

ਅੱਜ ਦੁਨੀਆ ਭਰ ਵਿੱਚ ਭਾਵੇਂ ਉਹ ਭਾਰਤ ਦਾ ਕੋਈ ਪਿੰਡ ਹੋਵੇ ਜਾਂ ਅਮਰੀਕਾ ਦਾ ਕੋਈ ਸ਼ਹਿਰ- ਮਾਪਿਆਂ ਦੀ ਇੱਕੋ ਚਿੰਤਾ ਹੈ ਕਿ ਬੱਚੇ ਹਰ ਵੇਲੇ ਮੋਬਾਈਲ ਵਿੱਚ ਰੁੱਝੇ ਰਹਿੰਦੇ ਹਨ, ਉਨ੍ਹਾਂ ਵਿੱਚ ਸਬਰ ਨਹੀਂ ਹੈ, ਉਹ ਕਿਤਾਬਾਂ ਤੋਂ ਦੂਰ ਹੋ ਰਹੇ ਹਨ ਅਤੇ ਉਹ ਛੋਟੀ ਜਿਹੀ ਰੋਕ-ਟੋਕ ਵੀ ਬਰਦਾਸ਼ਤ ਨਹੀਂ ਕਰਦੇ। ਆਮ ਤੌਰ ’ਤੇ ਇਸ ਵਰਤਾਰੇ ਨੂੰ ਸਿਰਫ਼ ਅਨੁਸ਼ਾਸਨਹੀਣਤਾ ਜਾਂ ਵਿਗੜੀ ਹੋਈ ਪੀੜ੍ਹੀ ਕਹਿ ਕੇ ਖਾਰਜ ਕਰ ਦਿੱਤਾ ਜਾਂਦਾ ਹੈ ਪਰ ਡੂੰਘੇ ਦਾਰਸ਼ਨਿਕ ਅਤੇ ਮਨੋਵਿਗਿਆਨਕ ਪੱਖ ਤੋਂ ਦੇਖਣ ਤੋਂ ਪਤਾ ਲੱਗਦਾ ਹੈ ਕਿ ਜਿਸ ਨੂੰ ਅਸੀਂ ਜੈਨਰੇਸ਼ਨ ਜ਼ੈਡ (ਜੈੱਨ-ਜ਼ੀ) ਕਹਿੰਦੇ ਹਾਂ ਭਾਵ 1997 ਤੋਂ 2012 ਦਰਮਿਆਨ ਪੈਦਾ ਹੋਈ ਪੀੜ੍ਹੀ, ਉਹ ਮਨੁੱਖੀ ਇਤਿਹਾਸ ਦੇ ਸਭ ਤੋਂ ਵੱਡੇ ਹੋਂਦ ਦੇ ਸੰਕਟ ’ਚੋਂ ਲੰਘ ਰਹੀ ਹੈ। ਉਨ੍ਹਾਂ ਦਾ ਮੋਬਾਈਲਾਂ ਨਾਲ ਹਰ ਵੇਲੇ ਚਿੰਬੜੇ ਰਹਿਣਾ ਸਿਰਫ਼ ਇੱਕ ਆਦਤ ਨਹੀਂ ਸਗੋਂ ਇੱਕ ਅਜਿਹੀ ਦੁਨੀਆ ਤੋਂ ਬਚਣ ਦਾ ਮਨੋਵਿਗਿਆਨਕ ਯਤਨ ਹੈ ਜੋ ਉਨ੍ਹਾਂ ਨੂੰ ਬੇਹੱਦ ਅਸੁਰੱਖਿਅਤ, ਤੇਜ਼ ਅਤੇ ਖੋਖਲੀ ਲੱਗਦੀ ਹੈ। ਇਸ ਪੀੜ੍ਹੀ ਨੇ ਅੱਖਾਂ ਹੀ ਇੱਕ ਤੇਜ਼ ਰਫ਼ਤਾਰ ਦੁਨੀਆ ਵਿੱਚ ਖੋਲ੍ਹੀਆਂ ਹਨ ਜਿੱਥੇ ਜਾਣਕਾਰੀ ਦਾ ਹੜ੍ਹ ਆਇਆ ਹੋਇਆ ਹੈ। ਛੋਟੀਆਂ ਵੀਡੀਓਜ਼, ਲਗਾਤਾਰ ਨੋਟੀਫਿਕੇਸ਼ਨ ਅਤੇ ਤੁਰੰਤ ਮਨੋਰੰਜਨ ਨੇ ਇਨ੍ਹਾਂ ਦੇ ਦਿਮਾਗ਼ ਨੂੰ ਉਤੇਜਨਾ ਦੀ ਲਗਾਤਾਰ ਖੁਰਾਕ ਦਿੱਤੀ ਹੈ, ਜਿਸ ਨੂੰ ਵਿਗਿਆਨਕ ਭਾਸ਼ਾ ਵਿੱਚ ‘ਡੋਪਾਮਾਈਨ ਬਰਨਆਊਟ’ ਕਿਹਾ ਜਾਂਦਾ ਹੈ। ਜਦੋਂ ਦਿਮਾਗ ਨੂੰ ਇੰਨੀ ਜ਼ਿਆਦਾ ਉਤੇਜਨਾ ਮਿਲਦੀ ਹੈ ਤਾਂ ਸਾਧਾਰਨ ਜ਼ਿੰਦਗੀ ਬੋਰਿੰਗ ਅਤੇ ਬੇਅਰਥ ਲੱਗਣ ਲੱਗ ਪੈਂਦੀ ਹੈ। ਮਨੁੱਖ ਨੇ ਸਦੀਆਂ ਦੇ ਵਿਕਾਸ ਵਿੱਚ ‘ਡੂੰਘੇ ਸਮੇਂ’ ਯਾਨੀ ਚਿੰਤਨ, ਠਹਿਰਾਅ ਅਤੇ ਸੋਚ-ਵਿਚਾਰ ਦੀ ਕਲਾ ਸਿੱਖੀ ਸੀ। ਕੁਦਰਤ ਨਾਲ ਜੁੜਨਾ ਜਾਂ ਬਿਨਾਂ ਕੁਝ ਕੀਤੇ ਆਪਣੇ ਖ਼ਿਆਲਾਂ ਵਿੱਚ ਗੁੰਮ ਹੋਣਾ ਮਨੁੱਖੀ ਚੇਤਨਾ ਦਾ ਅਹਿਮ ਹਿੱਸਾ ਸੀ ਪਰ ਲਗਾਤਾਰ ਬਦਲਦੀ ਸਕਰੀਨ ਕਾਰਨ ਇਹ ਪੀੜ੍ਹੀ ਉਹ ਸਹਿਜਤਾ ਗੁਆ ਰਹੀ ਹੈ। ਉਨ੍ਹਾਂ ਨੂੰ ਜੋ ਥਕਾਵਟ ਮਹਿਸੂਸ ਹੁੰਦੀ ਹੈ, ਉਹ ਸਰੀਰਕ ਨਹੀਂ ਸਗੋਂ ਮਾਨਸਿਕ ਓਵਰਲੋਡ ਦਾ ਨਤੀਜਾ ਹੈ। ਵੱਡਿਆਂ ਨੂੰ ਲੱਗਦਾ ਹੈ ਕਿ ਬੱਚੇ ਸਕਰੀਨ ’ਤੇ ਸਮਾਂ ਬਰਬਾਦ ਕਰ ਰਹੇ ਹਨ ਪਰ ਜੈੱਨ-ਜ਼ੀ ਲਈ ਇਹ ਸਕਰੀਨ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਉਨ੍ਹਾਂ ਦਾ ਭਾਈਚਾਰਾ ਹੈ, ਜਿੱਥੇ ਉਹ ਆਪਣੀ ਖੁਸ਼ੀ, ਉਦਾਸੀ, ਡਰ ਅਤੇ ਬੇਚੈਨੀ ਸਾਂਝੀ ਕਰਦੇ ਹਨ।

ਜੇਕਰ ਅਸੀਂ ਤਸਵੀਰ ਨੂੰ ਪਲਟ ਕੇ ਜੈੱਨ-ਜ਼ੀ ਦੇ ਨਜ਼ਰੀਏ ਅਤੇ ਉਨ੍ਹਾਂ ਦੀ ਦਲੀਲ ਵੱਲ ਝਾਤੀ ਮਾਰੀਏ ਤਾਂ ਉਨ੍ਹਾਂ ਦਾ ਰੋਸ ਬੇਬੁਨਿਆਦ ਨਹੀਂ ਲੱਗਦਾ। ਨਵੀਂ ਪੀੜ੍ਹੀ ਅਕਸਰ ਇਹ ਸਵਾਲ ਕਰਦੀ ਹੈ ਕਿ ਉਹ ਉਸ ਭਵਿੱਖ ਲਈ ਸਬਰ ਕਿਉਂ ਰੱਖਣ, ਜਿਸ ਦੀ ਕੋਈ ਗਾਰੰਟੀ ਹੀ ਨਹੀਂ ਹੈ? ਪਿਛਲੀਆਂ ਪੀੜ੍ਹੀਆਂ ਦਾ ਇੱਕ ਸਿੱਧਾ ਸਮਾਜਿਕ ਸਮਝੌਤਾ ਸੀ ਕਿ ਚੰਗੀ ਤਰ੍ਹਾਂ ਪੜ੍ਹੋ, ਨੌਕਰੀ ਲੱਗੋ, ਘਰ ਬਣਾਓ ਅਤੇ ਸ਼ਾਂਤੀ ਨਾਲ ਜੀਓ ਪਰ ਅੱਜ ਦੇ ਨੌਜਵਾਨਾਂ ਨੂੰ ਇਹ ਸਮਝੌਤਾ ਇੱਕ ਸੁਪਨਾ ਮਾਤਰ ਲੱਗਦਾ ਹੈ। ਉਹ ਦੇਖ ਰਹੇ ਹਨ ਕਿ ਮਹਿੰਗੀਆਂ ਡਿਗਰੀਆਂ ਲੈਣ ਦੇ ਬਾਵਜੂਦ ਨੌਕਰੀਆਂ ਨਹੀਂ




ਹਨ, ਆਰਥਿਕ ਪਾੜਾ ਲਗਾਤਾਰ ਵਧ ਰਿਹਾ ਹੈ, ਧਰਤੀ ਦਾ ਵਾਤਾਵਰਣ ਵਿਗੜ ਰਿਹਾ ਹੈ ਅਤੇ ਜਿਹੜੀਆਂ ਥੋੜ੍ਹੀਆਂ-ਬਹੁਤੀਆਂ ਨੌਕਰੀਆਂ ਬਚੀਆਂ ਹਨ, ਉਨ੍ਹਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਖੋਹਣ ਲਈ ਤਿਆਰ ਹੈ। ਜਦੋਂ ਭਵਿੱਖ ਇੰਨਾ ਧੁੰਦਲਾ ਹੋਵੇ ਤਾਂ ‘ਅੱਜ’ ਵਿੱਚ ਜਿਊਣਾ ਅਤੇ ਤੁਰੰਤ ਖੁਸ਼ੀ ਭਾਲਣਾ ਉਨ੍ਹਾਂ ਲਈ ਇੱਕ ਮਨੋਵਿਗਿਆਨਕ ਬਚਾਅ ਦਾ ਤਰੀਕਾ ਬਣ ਜਾਂਦਾ ਹੈ।

ਇਹ ਮਾਨਸਿਕ ਉਲਝਣ ਅਤੇ ਸਿਸਟਮ ਪ੍ਰਤੀ ਬੇਭਰੋਸਗੀ ਸਿਰਫ਼ ਇੱਕ ਵਿਅਕਤੀ ਜਾਂ ਘਰ ਤੱਕ ਸੀਮਤ ਨਹੀਂ ਸਗੋਂ ਇਸਨੇ ਇੱਕ ਵਿਸ਼ਵ-ਵਿਆਪੀ ਬੇਚੈਨੀ ਦਾ ਰੂਪ ਧਾਰ ਲਿਆ ਹੈ। ਜਦੋਂ ਮਿਹਨਤ ਅਤੇ ਇਨਸਾਫ਼ ਦੀ ਉਮੀਦ ਟੁੱਟਦੀ ਹੈ ਤਾਂ ਨਿਰਾਸ਼ਾ ਵੱਡੇ ਜਨਤਕ ਰੋਸ ਦਾ ਰੂਪ ਲੈ ਲੈਂਦੀ ਹੈ। ਜੈੱਨ-ਜ਼ੀ ਮਹਿਸੂਸ ਕਰਦੀ ਹੈ ਕਿ ਰਵਾਇਤੀ ਲੀਡਰਸ਼ਿਪ ਅਤੇ ਸੰਸਥਾਵਾਂ ਉਨ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਨਹੀਂ ਹਨ। ਅਸੀਂ ਦੇਖਿਆ ਹੈ ਕਿ ਕਿਵੇਂ 2025 ਵਿੱਚ ਅਫ਼ਰੀਕਾ ਅਤੇ ਨੇਪਾਲ ਵਿੱਚ ਨੌਜਵਾਨਾਂ ਨੇ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਸੋਸ਼ਲ ਮੀਡੀਆ ਪਾਬੰਦੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਇਸੇ ਤਰ੍ਹਾਂ ਬੰਗਲਾਦੇਸ਼ ਦੇ 2024 ਅਤੇ ਸ੍ਰੀਲੰਕਾ ਦੇ 2022 ਦੇ ਅੰਦੋਲਨਾਂ ਵਿੱਚ ਵਿਦਿਆਰਥੀਆਂ ਨੇ ਸੜਕਾਂ ’ਤੇ ਉੱਤਰ ਕੇ ਸਿਆਸੀ ਢਾਂਚੇ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ।

ਮੈਕਸੀਕੋ ਵਿੱਚ ਵੀ ਨੌਜਵਾਨਾਂ ਨੇ ਆਪਣੇ ਹੱਕਾਂ ਲਈ ਆਵਾਜ਼ ਉਠਾਈ। ਭਾਰਤ ਵਿੱਚ ਜੰਤਰ ਮੰਤਰ ’ਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੀਆਂ ਬੇਨਿਯਮੀਆਂ ਖ਼ਿਲਾਫ਼ ਨੌਜਵਾਨਾਂ ਦਾ ਰੋਸ ਇਸੇ ਕੜੀ ਦਾ ਹਿੱਸਾ ਸੀ। ਇਨ੍ਹਾਂ ਸਾਰੇ ਇਕੱਠਾਂ ਵਿੱਚ ਇੱਕ ਗੱਲ ਸਾਂਝੀ ਸੀ ਕਿ ਇਹ ਸਭ ਸੋਸ਼ਲ ਮੀਡੀਆ ਰਾਹੀਂ ਜੁੜੇ ਹੋਏ ਨੌਜਵਾਨ ਸਨ ਜੋ ਆਪਣੇ ਭਵਿੱਖ ਨੂੰ ਬਚਾਉਣ ਲਈ ਸਿਸਟਮ ਨੂੰ ਜਵਾਬਦੇਹ ਬਣਾਉਣ ਦਾ ਯਤਨ ਕਰ ਰਹੇ ਸਨ। ਇਸੇ ਆਲਮੀ ਸੰਦਰਭ ਅਤੇ ਭਰੋਸੇ ਦੇ ਸੰਕਟ ਵਿੱਚ ਪੰਜਾਬ ਦੀਆਂ ਚਿਤਕਾਰਾ ਅਤੇ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ’ਚ ਵਾਪਰੀਆਂ ਘਟਨਾਵਾਂ ਨੂੰ ਸਮਝਣ ਦੀ ਲੋੜ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿੱਚ ਵਿਦਿਆਰਥਣਾਂ ਨਾਲ ਜੁੜੀਆਂ ਅਪੁਸ਼ਟ ਖ਼ਬਰਾਂ ਸੋਸ਼ਲ ਮੀਡੀਆ ਰਾਹੀਂ ਜੰਗਲ ਦੀ ਅੱਗ ਵਾਂਗ ਫੈਲੀਆਂ, ਜਿਸ ਤੋਂ ਬਾਅਦ ਵੱਡੀ ਪੱਧਰ ’ਤੇ ਰੋਹ ਦੇਖਣ ਨੂੰ ਮਿਲਿਆ। ਪੁਲਿਸ ਜਾਂ ਪ੍ਰਸ਼ਾਸਨ ਨੇ ਭਾਵੇਂ ਇਨ੍ਹਾਂ ਦਾਅਵਿਆਂ ਨੂੰ ਨਕਾਰਿਆ ਪਰ ਵਿਦਿਆਰਥੀਆਂ ਨੇ ਸੌਖਿਆਂ ਯਕੀਨ ਨਹੀਂ ਕੀਤਾ। ਪੁਰਾਣੀ ਪੀੜ੍ਹੀ ਇਸ ਨੂੰ ‘ਅਫ਼ਵਾਹਾਂ ਮਗਰ ਲੱਗਣਾ’ ਕਹਿੰਦੀ ਹੈ ਪਰ ਜੈੱਨ-ਜ਼ੀ ਦੀ ਦਲੀਲ ਹੈ ਕਿ ਸੰਸਥਾਵਾਂ ਆਪਣੇ ਵੱਕਾਰ ਨੂੰ ਬਚਾਉਣ ਲਈ ਜਾਣਕਾਰੀ ਛੁਪਾਉਂਦੀਆਂ ਹਨ। ਉਨ੍ਹਾਂ ਦਾ ਅਧਿਕਾਰਤ ਬਿਆਨਾਂ ਤੋਂ ਭਰੋਸਾ ਇੰਨਾ ਉੱਠ ਚੁੱਕਾ ਹੈ ਕਿ ਉਹ ਆਪਣੇ ਸਾਥੀਆਂ ਦੇ ਡਿਜੀਟਲ ਨੈੱਟਵਰਕ ਨੂੰ ਜ਼ਿਆਦਾ ਪ੍ਰਮਾਣਿਕ ਮੰਨਦੇ ਹਨ। ਜਦੋਂ ਵਿਸ਼ਵਾਸ ਦਾ ਸੰਕਟ ਇੰਨਾ ਡੂੰਘਾ ਹੋਵੇ ਤਾਂ ਭੀੜ-ਮਨੋਵਿਗਿਆਨ ਬਹੁਤ ਜਲਦੀ ਹਾਵੀ ਹੋ ਜਾਂਦਾ ਹੈ। ਨੌਜਵਾਨਾਂ ਲਈ ਡਿਜੀਟਲ ਦੁਨੀਆ ਦਾ ਅਤਿ-ਯਥਾਰਥ ਜ਼ਮੀਨੀ ਸਚਾਈ ਨਾਲੋਂ ਵੱਧ ਅਸਲੀ ਬਣ ਜਾਂਦਾ ਹੈ। ਇੱਥੇ ਇੱਕ ਵੱਡਾ ਸਵਾਲ ਪੈਦਾ ਹੁੰਦਾ ਹੈ ਕਿ ਕੀ ਨਵੀਂ ਪੀੜ੍ਹੀ ਦਾ ਇਹ ਬੇਚੈਨ ਅਤੇ ਤੁਰੰਤ ਪ੍ਰਤੀਕਿਰਿਆ ਦੇਣ ਵਾਲਾ ਵਤੀਰਾ ਸਿਰਫ਼ ਇੱਕ ਸਮੱਸਿਆ ਹੈ? ਜਾਂ ਕੀ ਇਹ ਬਦਲਦੇ ਸਮੇਂ ਦੀ ਮੰਗ ਹੈ? ਜੇਕਰ ਅਸੀਂ ਡੂੰਘਾਈ ਵਿੱਚ ਜਾਈਏ ਤਾਂ ਸਾਨੂੰ ਸਮਝ ਆਵੇਗਾ ਕਿ ਨਵੀਂ ਪੀੜ੍ਹੀ ਦੀ ਇਹ ਪਹੁੰਚ ਰਵਾਇਤੀ ਪ੍ਰਸ਼ਾਸਨਿਕ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਕਾਰਗਰ ਵੀ ਸਾਬਤ ਹੋ ਰਹੀ ਹੈ। ਜੇਕਰ ਜੈੱਨ-ਜ਼ੀ ਪਿਛਲੀਆਂ ਪੀੜ੍ਹੀਆਂ ਵਾਂਗ ਖਾਮੋਸ਼ ਰਹਿੰਦੀ ਅਤੇ ਹਰ ਚੀਜ਼ ਨੂੰ ਬਿਨਾਂ ਸਵਾਲ ਕੀਤੇ ਸਵੀਕਾਰ ਕਰ ਲੈਂਦੀ ਤਾਂ ਸ਼ਾਇਦ ਬਹੁਤ ਸਾਰੀਆਂ ਬੁਨਿਆਦੀ ਸਮੱਸਿਆਵਾਂ ਕਦੇ ਸਾਹਮਣੇ ਹੀ ਨਾ ਆਉਂਦੀਆਂ। ਉਨ੍ਹਾਂ ਦੀ ਸਵਾਲ ਕਰਨ ਦੀ ਆਦਤ ਅਸਲ ਵਿੱਚ ਰਵਾਇਤੀ ਢਾਂਚੇ ਦੀ ਸੁਸਤੀ ਦੀ ਤਿੱਖੀ ਆਲੋਚਨਾ ਹੈ। ਜਦੋਂ ਸੰਸਥਾਵਾਂ ਜਾਣਕਾਰੀ ਸਪੱਸ਼ਟ ਨਹੀਂ ਕਰਦੀਆਂ ਤਾਂ ਨੌਜਵਾਨਾਂ ਦਾ ਸੋਸ਼ਲ ਮੀਡੀਆ ’ਤੇ ਤੁਰੰਤ ਇਕੱਠੇ ਹੋਣਾ ਅਤੇ ਅਦਾਰਿਆਂ ਤੋਂ ਜਵਾਬ ਮੰਗਣਾ ਲੋਕਤੰਤਰ ਦਾ ਇੱਕ ਨਵਾਂ ਡਿਜੀਟਲ ਰੂਪ ਹੈ। ਉਹ ਕਿਸੇ ਨਿਆਂ ਲਈ ਲੰਮੀ ਉਡੀਕ ਨਹੀਂ ਕਰਨਾ ਚਾਹੁੰਦੇ, ਉਹ ਤੁਰੰਤ ਜਵਾਬਦੇਹੀ ਮੰਗਦੇ ਹਨ ਅਤੇ ਇੱਕ ਪਾਰਦਰਸ਼ੀ ਸਮਾਜ ਲਈ ਇਹ ਜ਼ਰੂਰੀ ਵੀ ਹੈ। ਪਰ ਇਸ ਕਾਹਲੀ ਦੀ ਇੱਕ ਬਹੁਤ ਵੱਡੀ ਮਾਨਸਿਕ ਕੀਮਤ ਵੀ ਚੁਕਾਉਣੀ ਪੈ ਰਹੀ ਹੈ। ਤੁਰੰਤ ਪ੍ਰਤੀਕਿਰਿਆ ਦੇਣ ਦੀ ਆਦਤ ਕਾਰਨ ਨੌਜਵਾਨ ਆਪਣਾ ਮਾਨਸਿਕ ਸੰਤੁਲਨ ਗੁਆ ਰਹੇ ਹਨ ਅਤੇ ਅਕਸਰ ਅਪੁਸ਼ਟ ਜਾਣਕਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਇੱਥੇ ਲੋੜ ਉਨ੍ਹਾਂ ਨੂੰ ਦਬਾਉਣ ਦੀ ਨਹੀਂ ਸਗੋਂ ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣ ਦੀ ਹੈ, ਜਿਸ ਲਈ ਸਰਕਾਰ, ਸਮਾਜ, ਸਿੱਖਿਆ ਅਦਾਰਿਆਂ ਅਤੇ ਮਾਪਿਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਣਗੀਆਂ। ਸਰਕਾਰਾਂ ਨੂੰ ਇਹ ਸਮਝਣਾ ਪਵੇਗਾ ਕਿ ਇੰਟਰਨੈੱਟ ਪਾਬੰਦੀਆਂ ਨਾਲ ਆਵਾਜ਼ਾਂ ਨਹੀਂ ਦਬਾਈਆਂ ਜਾ ਸਕਦੀਆਂ। ਸਰਕਾਰ ਦੀ ਵੱਡੀ ਜ਼ਿੰਮੇਵਾਰੀ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਉਨ੍ਹਾਂ ਐਲਗੋਰਿਦਮਾਂ ਨੂੰ ਨਿਯਮਤ ਕਰਨਾ ਹੈ ਜੋ ਨੌਜਵਾਨਾਂ ਨੂੰ ਡਰ ਅਤੇ ਉਦਾਸੀ ਵਾਲੀ ਸਮੱਗਰੀ ਦਿਖਾਉਂਦੇ ਹਨ। ਇਸਦੇ ਨਾਲ ਹੀ ਸਿਸਟਮ ਵਿੱਚ ਵੱਧ ਤੋਂ ਵੱਧ ਪਾਰਦਰਸ਼ਤਾ ਲਿਆਉਣੀ ਪਵੇਗੀ ਤਾਂ ਜੋ ਨੌਜਵਾਨਾਂ ਦਾ ਭਰੋਸਾ ਬਹਾਲ ਹੋ ਸਕੇ।

ਸਰਕਾਰਾਂ ਦੇ ਨਾਲ-ਨਾਲ ਸਮਾਜ ਅਤੇ ਸਿੱਖਿਆ ਢਾਂਚੇ ਦੀ ਵੀ ਬਰਾਬਰ ਜ਼ਿੰਮੇਵਾਰੀ ਬਣਦੀ ਹੈ। ਸਮਾਜ ਨੂੰ ਨਵੀਂ ਪੀੜ੍ਹੀ ਦੇ ਠੱਪਾ ਲਾਉਣਾ ਬੰਦ ਕਰਕੇ ਇੱਕ ਅਜਿਹਾ ਮਾਹੌਲ ਸਿਰਜਣਾ ਪਵੇਗਾ, ਜਿੱਥੇ ਨੌਜਵਾਨ ਆਪਣੀ ਮਾਨਸਿਕ ਸਿਹਤ, ਉਦਾਸੀ ਅਤੇ ਚਿੰਤਾ ਬਾਰੇ ਖੁੱਲ੍ਹ ਕੇ ਗੱਲ ਕਰ ਸਕਣ। ਸਿੱਖਿਆ ਅਦਾਰਿਆਂ ਨੂੰ ਸਿਰਫ਼ ਕਿਤਾਬੀ ਗਿਆਨ ਦੇਣ ਤੋਂ ਅੱਗੇ ਵਧਣਾ ਪਵੇਗਾ। ਸਕੂਲਾਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਡਿਜੀਟਲ ਸਾਖਰਤਾ ਅਤੇ ਆਲੋਚਨਾਤਮਕ ਸੋਚ ਨੂੰ ਲਾਜ਼ਮੀ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਸਿਖਾਇਆ ਜਾਵੇ ਕਿ ਫਰਜ਼ੀ ਖ਼ਬਰਾਂ ਕਿਵੇਂ ਪਛਾਣਨੀਆਂ ਹਨ ਅਤੇ ਆਪਣੀ ਭਾਵਨਾਤਮਕ ਪ੍ਰਤੀਕਿਰਿਆ ’ਤੇ ਕਿਵੇਂ ਕਾਬੂ ਰੱਖਣਾ ਹੈ। ਜੇਕਰ ਕਾਲਜਾਂ ਵਿੱਚ ਕੋਈ ਅਫ਼ਵਾਹ ਫੈਲਦੀ ਹੈ ਤਾਂ ਪ੍ਰਸ਼ਾਸਨ ਨੂੰ ਗੱਲ ਛੁਪਾਉਣ ਦੀ ਬਜਾਏ ਵਿਦਿਆਰਥੀਆਂ ਨਾਲ ਖੁੱਲ੍ਹਾ ਅਤੇ ਪਾਰਦਰਸ਼ੀ ਸੰਵਾਦ ਰਚਣਾ ਚਾਹੀਦਾ ਹੈ। ਇਸ ਸਾਰੀ ਪ੍ਰਕਿਰਿਆ ਵਿੱਚ ਮਾਪਿਆਂ ਦੀ ਭੂਮਿਕਾ ਸਭ ਤੋਂ ਅਹਿਮ ਹੈ, ਕਿਉਂਕਿ ਬਦਲਾਅ ਦੀ ਸ਼ੁਰੂਆਤ ਘਰੋਂ ਹੀ ਹੁੰਦੀ ਹੈ। ਮਾਪਿਆਂ ਨੂੰ ਬੱਚਿਆਂ ਨਾਲ ਹੁਕਮਰਾਨਾਂ ਵਾਂਗ ਨਹੀਂ ਸਗੋਂ ਸਹਿਯੋਗੀਆਂ ਵਾਂਗ ਪੇਸ਼ ਆਉਣਾ ਪਵੇਗਾ। ਜਦੋਂ ਬੱਚਾ ਕੋਈ ਸਮੱਸਿਆ ਦੱਸੇ ਤਾਂ ਤੁਰੰਤ ਭਾਸ਼ਣ ਦੇਣ ਦੀ ਬਜਾਏ ਉਸ ਨੂੰ ਚੁੱਪ-ਚਾਪ ਸੁਣਨਾ ਬਹੁਤ ਜ਼ਰੂਰੀ ਹੈ। ਇਸਦੇ ਨਾਲ ਹੀ ਘਰ ਵਿੱਚ ਡਿਜੀਟਲ ਹੱਦਾਂ ਤੈਅ ਕਰਨੀਆਂ ਪੈਣਗੀਆਂ, ਜਿਸ ਦੀ ਸ਼ੁਰੂਆਤ ਮਾਪਿਆਂ ਨੂੰ ਆਪਣੇ ਫ਼ੋਨ ਛੱਡ ਕੇ ਕਰਨੀ ਪਵੇਗੀ। ਪਰਿਵਾਰ ਨਾਲ ਬਿਤਾਇਆ ਗਿਆ ਸਮਾਂ ਬੱਚਿਆਂ ਨੂੰ ਸਕਰੀਨ ਦੇ ਅਸਰ ਤੋਂ ਬਾਹਰ ਕੱਢ ਸਕਦਾ ਹੈ। ਬੱਚਿਆਂ ਨੂੰ ਉਨ੍ਹਾਂ ਕੰਮਾਂ ਵਿੱਚ ਲਾਉਣਾ ਪਵੇਗਾ, ਜਿਨ੍ਹਾਂ ਦਾ ਨਤੀਜਾ ਤੁਰੰਤ ਨਹੀਂ ਮਿਲਦਾ, ਜਿਵੇਂ ਕਿ ਬਾਗਬਾਨੀ, ਕਿਤਾਬਾਂ ਪੜ੍ਹਨਾ ਜਾਂ ਕਲਾ ਸਿੱਖਣਾ ਤਾਂ ਜੋ ਉਨ੍ਹਾਂ ਅੰਦਰ ਠਹਿਰਾਅ ਅਤੇ ਸਬਰ ਆ ਸਕੇ। ਅੰਤ ਵਿੱਚ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਅਸਲ ਸਮੱਸਿਆ ਇਹ ਨਹੀਂ ਹੈ ਕਿ ਨਵੀਂ ਪੀੜ੍ਹੀ ਭਟਕ ਗਈ ਹੈ; ਸਮੱਸਿਆ ਇਹ ਹੈ ਕਿ ਦੁਨੀਆ ਮਨੁੱਖੀ ਵਿਕਾਸ ਦੀ ਰਫ਼ਤਾਰ ਤੋਂ ਕਿਤੇ ਵੱਧ ਤੇਜ਼ੀ ਨਾਲ ਬਦਲ ਗਈ ਹੈ ਅਤੇ ਦੋਵਾਂ ਪੀੜ੍ਹੀਆਂ ਵਿਚਕਾਰ ਸੰਵਾਦ ਟੁੱਟ ਗਿਆ ਹੈ। ਨੌਜਵਾਨਾਂ ਦੀ ਇਹ ਬੇਚੈਨੀ ਅਤੇ ਸਵਾਲ ਕਰਨ ਦੀ ਪ੍ਰਵਿਰਤੀ ਅਸਲ ਵਿੱਚ ਸਮਾਜਿਕ ਸੁਧਾਰਾਂ ਲਈ ਇੱਕ ਅਹਿਮ ਕੜੀ ਹੈ ਤਾਂ ਜੋ ਰਵਾਇਤੀ ਢਾਂਚੇ ਨੂੰ ਸਮੇਂ ਦਾ ਹਾਣੀ ਅਤੇ ਵਧੇਰੇ ਜਵਾਬਦੇਹ ਬਣਾਇਆ ਜਾ ਸਕੇ। ਪਰ ਇਸ ਬਦਲਾਅ ਦੇ ਦੌਰ ਵਿੱਚ ਉਨ੍ਹਾਂ ਨੂੰ ਮਾਨਸਿਕ ਤੌਰ ’ਤੇ ਟੁੱਟਣ ਤੋਂ ਬਚਾਉਣਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਸਹੀ ਜਾਣਕਾਰੀ, ਤਰਕਸ਼ੀਲ ਸੋਚ, ਖੁੱਲ੍ਹਾ ਸੰਵਾਦ ਅਤੇ ਪਰਿਵਾਰਕ ਸਾਥ ਹੀ ਉਹ ਪੁਲ ਹੈ ਜੋ ਇਸ ਊਰਜਾਵਾਨ ਪੀੜ੍ਹੀ ਨੂੰ ਇੱਕ ਬਿਹਤਰ, ਸੁਰੱਖਿਅਤ ਅਤੇ ਸੰਤੁਲਿਤ ਭਵਿੱਖ ਵੱਲ ਲੈ ਕੇ ਜਾ ਸਕਦਾ ਹੈ।

# ਲੋਕਤੰਤਰ ਦੀ ਮਰਿਆਦਾ ਅਤੇ ਚੋਣ ਪ੍ਰਣਾਲੀ 'ਤੇ ਲੋਕਾਂ ਦਾ ਵਿਸ਼ਵਾਸ ਬਹਾਲ ਕਰੇ ਸਰਕਾਰ



ਆਸ਼ੂਤੋਸ਼
ਸੀਨੀਅਰ ਪੱਤਰਕਾਰ

ਨਰਿੰਦਰ ਮੋਦੀ ਸਰਕਾਰ ਗ਼ਲਤੀ 'ਤੇ ਗ਼ਲਤੀ ਕਰਦੀ ਜਾ ਰਹੀ ਹੈ। ਉਹ ਇਹ ਗ਼ਲਤੀਆਂ ਜ਼ਿੱਦ ਵਿੱਚ ਕਰ ਰਹੀ ਹੈ ਜਾਂ ਨਾਸਮਝੀ ਕਾਰਨ, ਇਹ ਕਹਿਣਾ ਮੁਸ਼ਕਿਲ ਹੈ; ਪਰ ਇਹ ਤੈਅ ਹੈ ਕਿ ਇਹ ਸਭ ਗ਼ਲਤੀਆਂ ਸਰਕਾਰ ਨੂੰ ਬਹੁਤ ਮਹਿੰਗੀਆਂ ਪੈ ਸਕਦੀਆਂ ਹਨ। ਮੋਦੀ ਸਰਕਾਰ ਉਹੀ ਗ਼ਲਤੀਆਂ ਦੁਹਰਾ ਰਹੀ ਹੈ ਜੋ ਮਨਮੋਹਨ ਸਿੰਘ ਸਰਕਾਰ ਨੇ ਅੰਨਾ ਹਜ਼ਾਰੇ ਦੇ ਅੰਦੋਲਨ ਦੌਰਾਨ ਕੀਤੀਆਂ ਸਨ ਅਤੇ 2014 ਵਿੱਚ ਕਾਂਗਰਸ ਪਾਰਟੀ ਨੂੰ ਇਸ ਦੀ ਕੀਮਤ ਚੁਕਾਉਣੀ ਪਈ ਸੀ। 2011 ਵਿੱਚ ਵੀ ਅੰਦੋਲਨ ਕਿਸੇ ਰਾਜਨੀਤਕ ਪਾਰਟੀ ਵੱਲੋਂ ਨਹੀਂ, ਸਗੋਂ ਸਿਵਲ ਸੁਸਾਇਟੀ ਦੇ ਕੁਝ ਕਾਰਕੁੰਨਾਂ ਵੱਲੋਂ ਸ਼ੁਰੂ ਕੀਤਾ ਗਿਆ ਸੀ। ਲੋਕ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਅਤੇ ਇੱਕ ਸੁਚਾਰੂ ਵਿਵਸਥਾ ਕਾਇਮ ਕਰਨ ਲਈ ਸੜਕਾਂ 'ਤੇ ਉਤਰ ਆਏ ਸਨ। ਲੋਕਪਾਲ ਬਿੱਲ ਨੂੰ ਕਾਨੂੰਨ ਬਣਾਉਣ ਅਤੇ ਇਸ ਦੇ ਦਾਇਰੇ ਵਿੱਚ ਪ੍ਰਧਾਨ ਮੰਤਰੀ ਨੂੰ ਵੀ ਲਿਆਉਣ ਦੀ ਵਕਾਲਤ ਕੀਤੀ ਗਈ ਸੀ। ਉਸ ਵੇਲੇ ਦੀ ਸਰਕਾਰ ਨੇ ਉਸ ਅੰਦੋਲਨ ਨੂੰ ਸੰਜੀਦਗੀ ਨਾਲ ਨਹੀਂ ਲਿਆ ਅਤੇ ਲੋਕਾਂ ਦੇ ਗੁੱਸੇ ਨੂੰ ਕਿਵੇਂ ਸ਼ਾਂਤ ਕਰਨਾ ਹੈ, ਇਹ ਸਮਝਣ ਵਿੱਚ ਨਾਕਾਮ ਰਹੀ। ਇਸ ਸੰਘਰਸ਼ ਸਦਕਾ ਹੋਂਦ ਵਿੱਚ ਆਇਆ ਲੋਕਪਾਲ ਕਾਨੂੰਨ ਪਹਿਲਾਂ ਹੀ ਬਹੁਤਾ ਅਸਰਦਾਰ ਨਹੀਂ ਸੀ, ਪਰ ਮੋਦੀ ਸਰਕਾਰ ਨੇ ਉਸ ਕਾਨੂੰਨ ਨੂੰ ਹੋਰ ਵੀ ਕਮਜ਼ੋਰ ਕਰ ਦਿੱਤਾ, ਜਿਸ ਕਾਰਨ ਅੱਜ ਕਿਸੇ ਨੂੰ ਯਾਦ ਵੀ ਨਹੀਂ ਕਿ ਦੇਸ਼ ਵਿੱਚ ਕੋਈ ਲੋਕਪਾਲ ਵੀ ਹੈ। ਲੋਕਪਾਲ ਲਿਆਉਣ ਲਈ ਜੇਲ੍ਹ ਜਾਣ ਵਾਲੇ ਅੱਜ ਖ਼ੁਦ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਹੁਣ ਤਾਂ ਕੇਜਰੀਵਾਲ ਤੇ ਉਨ੍ਹਾਂ ਦੀ ਪਾਰਟੀ ਲੋਕਪਾਲ ਦੀ ਪਰਵਾਹ ਨਹੀਂ ਕਰਦੀ ਅਤੇ ਨਾ ਹੀ ਭ੍ਰਿਸ਼ਟਾਚਾਰ ਹੁਣ ਉਨ੍ਹਾਂ ਲਈ ਕੋਈ ਵੱਡਾ ਮੁੱਦਾ ਰਿਹਾ ਹੈ। ਅੱਜ ਸਵਾਲ ਸਿਰਫ਼ ਵਿੱਤੀ ਭ੍ਰਿਸ਼ਟਾਚਾਰ ਦਾ ਨਹੀਂ, ਸਗੋਂ ਮੁੱਦਾ ਉਸ ਤੋਂ ਵੀ ਕਿਤੇ ਵੱਧ ਗੰਭੀਰ ਹੈ। ਚੋਣ ਕਮਿਸ਼ਨ 'ਤੇ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਪੂਰੀ ਚੋਣ ਪ੍ਰਕਿਰਿਆ ਨੂੰ ਦੂਸ਼ਿਤ ਕਰਨ ਦੇ ਗੰਭੀਰ ਦੋਸ਼ ਲੱਗ ਰਹੇ ਹਨ। ਲੋਕ ਇਹ ਦੇਖ ਕੇ ਹੈਰਾਨ ਹਨ ਕਿ ਸਰਕਾਰ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਬਚਾਉਣ ਲਈ ਆਪਣੀ ਪੂਰੀ ਤਾਕਤ ਝੋਕ ਦਿੱਤੀ ਹੈ, ਜਿਨ੍ਹਾਂ 'ਤੇ ਐੱਸ.ਆਈ.ਆਰ. ਜ਼ਰੀਏ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਦੇ ਦੋਸ਼ ਹਨ। ਤਿੰਨ-ਮੈਂਬਰੀ ਚੋਣ ਕਮਿਸ਼ਨ ਦੇ ਦੋ ਚੋਣ ਕਮਿਸ਼ਨਰਾਂ ਨੇ ਦੋਸ਼ ਲਾਏ ਹਨ ਕਿ ਗਿਆਨੇਸ਼ ਕੁਮਾਰ ਗ਼ੈਰ-ਕਾਨੂੰਨੀ ਕਾਰਵਾਈਆਂ ਕਰ ਰਹੇ ਹਨ; ਵੋਟਰ ਸੂਚੀਆਂ ਵਿੱਚੋਂ ਵੋਟਰਾਂ ਦੇ ਨਾਂ ਮਨਮਾਨੇ ਢੰਗ ਨਾਲ ਹਟਾਏ ਅਤੇ ਜੋੜੇ ਜਾ ਰਹੇ ਹਨ। 'ਇੰਡੀਅਨ ਐਕਸਪ੍ਰੈੱਸ' ਦੀ ਰਿਪੋਰਟ ਆਉਣ ਤੋਂ ਬਾਅਦ ਲੋਕਾਂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਹੈ। ਵਿਰੋਧੀ ਧਿਰਾਂ ਸੜਕਾਂ 'ਤੇ ਉਤਰ ਕੇ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਹਨ ਅਤੇ ਸਰਕਾਰ ਉਨ੍ਹਾਂ ਨਾਲ ਨਜਿੱਠਣ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਰਹੀ ਹੈ। ਜਿਸ ਤਰ੍ਹਾਂ 10 ਅਕਤੂਬਰ ਨੂੰ ਦਿੱਲੀ ਨੂੰ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ, ਉਸ ਨੇ ਇੰਦਰਾ ਗਾਂਧੀ ਦੀ ਐਮਰਜੈਂਸੀ ਦੇ ਦੌਰ ਨੂੰ ਵੀ ਪਿੱਛੇ ਛੱਡ ਦਿੱਤਾ ਹੈ।

ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਨੂੰ ਅੱਖੀਂ ਦੇਖਣ ਵਾਲੇ ਸੀਨੀਅਰ ਪੱਤਰਕਾਰ ਪ੍ਰਭੂ ਚਾਵਲਾ ਨੇ ਕਿਹਾ ਕਿ ਮੌਜੂਦਾ ਹਕੂਮਤ ਦੁਆਰਾ ਸੱਤਾ ਦੀ ਜਿੰਨੀ ਦੁਰਵਰਤੋਂ ਕੀਤੀ ਜਾ ਰਹੀ ਹੈ, ਅਜਿਹਾ ਦਮਨ ਉਨ੍ਹਾਂ ਨੇ ਪਹਿਲਾਂ ਕਦੇ ਨਹੀਂ ਦੇਖਿਆ। ਦਿੱਲੀ ਦੇ ਹਾਲਾਤ ਅਜਿਹੇ ਕਦੇ ਨਹੀਂ ਬਣੇ ਸਨ ਕਿ ਆਮ ਲੋਕਾਂ ਦਾ ਦੋ ਕਦਮ ਤੁਰਨਾ ਵੀ ਮੁਹਾਲ ਹੋ ਜਾਵੇ। ਦੇਸ਼ ਭਰ ਵਿੱਚ 250 ਤੋਂ ਵੱਧ ਰੇਲ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ, 45 ਮੈਟਰੋ ਸਟੇਸ਼ਨ ਬੰਦ ਕੀਤੇ ਗਏ ਅਤੇ ਦਿੱਲੀ ਵੱਲ ਆਉਣ ਵਾਲੇ 37 ਰਸਤੇ ਸੀਲ ਕਰ ਦਿੱਤੇ ਗਏ। ਦਿੱਲੀ ਵਿੱਚ 40,000 ਪੁਲਿਸ ਤੇ ਨੀਮ-ਫ਼ੌਜੀ ਬਲਾਂ ਦੇ ਜਵਾਨ ਤਾਇਨਾਤ ਕਰਕੇ ਥਾਂ-ਥਾਂ ਬੈਰੀਕੇਡ



ਲਗਾਏ ਗਏ। ਪ੍ਰਦਰਸ਼ਨਕਾਰੀਆਂ ਨੂੰ ਜ਼ਬਰਦਸਤੀ ਹਿਰਾਸਤ ਵਿੱਚ ਲੈ ਕੇ ਬੱਸਾਂ ਵਿੱਚ ਤੁੰਨਿਆ ਗਿਆ ਅਤੇ ਪੱਤਰਕਾਰਾਂ ਤੱਕ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਮਨਮੋਹਨ ਸਿੰਘ ਸਰਕਾਰ ਨੇ ਪੁਲਿਸ ਦੀ ਅਜਿਹੀ ਬੇਲੋੜੀ ਵਰਤੋਂ ਨਹੀਂ ਕੀਤੀ ਸੀ; ਉਨ੍ਹਾਂ ਦੀ ਸਰਕਾਰ ਦੇ ਨੁਮਾਇੰਦੇ ਅੰਨਾ ਹਜ਼ਾਰੇ ਅਤੇ ਰਾਮਦੇਵ ਦੀ ਟੀਮ ਨਾਲ ਲਗਾਤਾਰ ਰਾਬਤੇ ਵਿੱਚ ਸਨ। ਜਦੋਂ ਰਾਮਦੇਵ ਨੇ ਵਿਰੋਧ ਦਾ ਐਲਾਨ ਕੀਤਾ ਸੀ ਤਾਂ ਇੱਕ ਕੈਬਨਿਟ ਮੰਤਰੀ ਉਨ੍ਹਾਂ ਨੂੰ ਮਨਾਉਣ ਲਈ ਹਵਾਈ ਅੱਡੇ 'ਤੇ ਗਿਆ ਸੀ। ਇਸ ਦੇ ਉਲਟ, ਮੋਦੀ ਸਰਕਾਰ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਨ ਨੂੰ ਆਪਣੀ ਕਮਜ਼ੋਰੀ ਸਮਝਦੀ ਹੈ। ਇਸ ਕਾਲਮ ਦੇ ਲਿਖੇ ਜਾਣ ਤੱਕ ਵਿਰੋਧੀ ਧਿਰਾਂ ਨਾਲ ਕੋਈ ਸੰਪਰਕ ਨਹੀਂ ਕੀਤਾ ਗਿਆ ਸੀ। ਸਰਕਾਰੀ ਦਮਨ ਇੰਨਾ ਜ਼ਿਆਦਾ ਹੈ ਕਿ ਅਭਿਜੀਤ ਦੀਪਕੇ, ਆਸ਼ੂਤੋਸ਼ ਰਾਂਕਾ ਅਤੇ ਸੌਰਵ ਦਾਸ ਨੂੰ ਜਹਾਜ਼ ਤੋਂ ਹੇਠਾਂ ਉਤਰਨ ਤੱਕ ਨਹੀਂ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਜਹਾਜ਼ ਅੰਦਰੋਂ ਹੀ ਹਿਰਾਸਤ ਵਿੱਚ ਲੈ ਲਿਆ ਗਿਆ, ਜਿਵੇਂ ਕਿ ਉਹ ਕੋਈ ਖ਼ਤਰਨਾਕ ਅੱਤਵਾਦੀ ਹੋਣ। ਹੈਰਾਨੀ ਦੀ ਗੱਲ ਇਹ ਰਹੀ ਕਿ ਪੁਲਿਸ ਅਗਲੇ ਦਿਨ ਮੈਜਿਸਟ੍ਰੇਟ ਅੱਗੇ ਇਹ ਸਪੱਸ਼ਟ ਨਹੀਂ ਕਰ ਸਕੀ ਕਿ ਉਨ੍ਹਾਂ ਨੂੰ ਕਿਉਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਕਾਰਨ ਉਹ ਪੁਲਿਸ ਹਿਰਾਸਤ 'ਚੋਂ ਰਿਹਾਅ ਹੋ ਗਏ।

ਸਰਕਾਰ ਇਸ ਵੇਲੇ ਤਿੰਨ ਵੱਡੀਆਂ ਗ਼ਲਤੀਆਂ ਕਰ ਰਹੀ ਹੈ:

ਪ੍ਰਦਰਸ਼ਨਾਂ ਨੂੰ ਸਿਰਫ਼ ਕਾਨੂੰਨ-ਵਿਵਸਥਾ ਦਾ ਮਸਲਾ ਸਮਝਣਾ: ਸਰਕਾਰ ਨੂੰ ਲੱਗਦਾ ਹੈ ਕਿ ਉਹ ਪੁਲਿਸ ਦੇ ਡੰਡਿਆਂ ਨਾਲ ਲੋਕ ਰੋਹ ਨੂੰ ਦਬਾ ਸਕਦੀ ਹੈ। ਹਕੂਮਤ ਭੁੱਲ ਗਈ ਹੈ ਕਿ ਲੋਕਾਂ ਦੀ ਆਵਾਜ਼ ਨੂੰ ਡੰਡੇ ਦੇ ਜ਼ੋਰ 'ਤੇ ਦਬਾਇਆ ਨਹੀਂ ਜਾ ਸਕਦਾ ਅਤੇ ਗੱਲਬਾਤ ਹੀ ਅੱਗੇ ਵਧਣ ਦਾ ਇਕੋ-ਇੱਕ ਲੋਕਤੰਤਰੀ ਰਾਹ ਹੈ। ਪੁਲਿਸ ਦਾ ਜਬਰ ਅੰਦੋਲਨ ਨੂੰ ਹੋਰ ਭੜਕਾਉਂਦਾ ਹੈ ਅਤੇ ਇਹ ਇੱਕ ਦਿਨ ਅਜਿਹੇ ਜਵਾਲਾਮੁਖੀ ਵਾਂਗ ਫੁੱਟਦਾ ਹੈ ਜੋ ਤਖ਼ਤ ਪਲਟ ਦਿੰਦਾ ਹੈ; ਦੇਸ਼ 1977 ਵਿੱਚ ਅਜਿਹਾ ਇਤਿਹਾਸ ਦੇਖ ਚੁੱਕਾ ਹੈ।

ਲੋਕਤੰਤਰ ਦੀ ਮੂਲ ਆਤਮਾ 'ਤੇ ਸੱਟ: ਦੋਸ਼ ਹਨ ਕਿ ਮੁੱਖ ਚੋਣ ਕਮਿਸ਼ਨਰ ਸੱਤਾਧਾਰੀ ਧਿਰ ਨੂੰ ਲਾਭ ਪਹੁੰਚਾਉਣ ਲਈ ਪੂਰੀ ਚੋਣ ਪ੍ਰਣਾਲੀ ਨੂੰ ਹੀ ਸ਼ੱਕ ਦੇ ਘੇਰੇ ਵਿੱਚ ਖੜ੍ਹਾ ਕਰ ਰਹੇ ਹਨ। ਜੇਕਰ ਇਸ ਸਮੱਸਿਆ ਦਾ ਪਾਰਦਰਸ਼ੀ ਹੱਲ ਨਾ ਕੱਢਿਆ ਗਿਆ ਤਾਂ ਲੋਕਾਂ ਦਾ ਚੋਣ ਪ੍ਰਣਾਲੀ ਤੋਂ ਭਰੋਸਾ ਉੱਠ ਜਾਵੇਗਾ। ਅਤੀਤ ਵਿੱਚ ਵੀ ਚੋਣਾਂ ਦੌਰਾਨ ਬੂਥ ਲੁੱਟਣ, ਧਾਂਦਲੀਆਂ ਜਾਂ ਵੋਟਰ ਸੂਚੀਆਂ 'ਚੋਂ ਨਾਂ ਕੱਟੇ ਜਾਣ ਦੇ ਦੋਸ਼ ਲੱਗਦੇ ਰਹੇ ਹਨ, ਪਰ ਕਦੇ ਇਹ ਦੋਸ਼ ਨਹੀਂ ਲੱਗੇ ਸਨ ਕਿ ਖ਼ੁਦ ਚੋਣ ਕਮਿਸ਼ਨ ਇੱਕ ਪਾਰਟੀ ਦੀ ਜਿੱਤ ਲਈ ਯੋਜਨਾਬੱਧ ਤਰੀਕੇ ਨਾਲ ਹੇਰਾਫੇਰੀ ਕਰ ਰਿਹਾ ਹੈ। ਐੱਸ.ਆਈ.ਆਰ. ਲਾਗੂ ਕਰਕੇ ਵੱਡੇ ਪੱਧਰ 'ਤੇ ਵੋਟਰਾਂ ਦੇ ਨਾਂ ਹਟਾਏ ਜਾਣ ਅਤੇ ਪ੍ਰਮੁੱਖ ਅਖ਼ਬਾਰੀ ਰਿਪੋਰਟਾਂ ਵਿੱਚ ਇਹ ਗੱਲ ਸਾਹਮਣੇ ਆਉਣਾ ਕਿ ਇਹ ਸਭ ਮੁੱਖ ਚੋਣ ਕਮਿਸ਼ਨਰ ਦੀ ਦੇਖ-ਰੇਖ ਹੇਠ ਹੋਇਆ, ਕੋਈ ਸਾਧਾਰਨ ਮਾਮਲਾ ਨਹੀਂ ਹੈ। ਅਜਿਹੇ ਦੋਸ਼ਾਂ 'ਤੇ ਜਵਾਬਦੇਹ ਹੋਣ ਦੀ ਬਜਾਏ ਸਰਕਾਰ ਲੋਕਾਂ ਦੀ ਆਵਾਜ਼ ਨੂੰ ਜ਼ਬਰਦਸਤੀ ਦਬਾਉਣ ਦਾ ਰਾਹ ਫੜ ਰਹੀ ਹੈ।

ਸੰਵਿਧਾਨਕ ਸੰਸਥਾ ਦੀ ਬਜਾਏ ਵਿਅਕਤੀ ਵਿਸ਼ੇਸ਼ ਦਾ ਬਚਾਅ: ਜਿਸ ਤਰ੍ਹਾਂ ਸੱਤਾਧਾਰੀ ਧਿਰ ਮੁੱਖ ਚੋਣ ਕਮਿਸ਼ਨਰ ਦੇ ਬਚਾਅ ਵਿੱਚ ਨਿੱਤਰੀ ਹੈ, ਉਹ ਬੇਹੱਦ ਹੈਰਾਨੀਜਨਕ ਹੈ। ਲੋਕ ਪੁੱਛ ਰਹੇ ਹਨ ਕਿ ਆਖ਼ਰ ਅਜਿਹੀ ਕੀ ਮਜਬੂਰੀ ਹੈ ਕਿ ਸਰਕਾਰ ਸੰਵਿਧਾਨਕ ਸੰਸਥਾ (ਚੋਣ ਕਮਿਸ਼ਨ) ਦੀ ਮਰਿਆਦਾ ਅਤੇ ਨਿਰਪੱਖਤਾ ਬਹਾਲ ਕਰਨ ਦੀ ਬਜਾਏ ਇੱਕ ਵਿਅਕਤੀ ਦਾ ਪੱਖ ਪੂਰ ਰਹੀ ਹੈ? ਸਰਕਾਰ ਨੂੰ ਚਾਹੀਦਾ ਸੀ ਕਿ ਉਹ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਚੋਣ ਕਮਿਸ਼ਨ ਦੀ ਨਿਰਪੱਖਤਾ ਤੇ ਆਜ਼ਾਦੀ ਨੂੰ ਸਪੱਸ਼ਟ ਕਰਨ ਲਈ ਇੱਕ ਉੱਚ-ਪੱਧਰੀ ਨਿਰਪੱਖ ਜਾਂਚ ਕਰਵਾਉਂਦੀ। ਅਜਿਹਾ ਨਾ ਕਰਨ ਨਾਲ ਲੋਕਾਂ ਦੇ ਮਨਾਂ ਵਿੱਚ ਸ਼ੱਕ ਹੋਰ ਪੱਕਾ ਹੁੰਦਾ ਜਾ ਰਿਹਾ ਹੈ। ਸਰਕਾਰ ਨੂੰ ਇਹ ਸਮਝਣ ਦੀ ਲੋੜ ਹੈ ਕਿ ਰਾਜਨੀਤਕ ਪਾਰਟੀਆਂ ਅਤੇ ਲੀਡਰ ਲੋਕਤੰਤਰ ਤੋਂ ਉੱਚੇ ਨਹੀਂ ਹੁੰਦੇ। ਜੇਕਰ ਦੇਸ਼ ਵਿੱਚ ਲੋਕਤੰਤਰ ਜ਼ਿੰਦਾ ਰਹੇਗਾ, ਤਾਂ ਹੀ ਸਿਆਸੀ ਪਾਰਟੀਆਂ ਦੀ ਹੋਂਦ ਰਹੇਗੀ। ਭਾਜਪਾ ਨੂੰ ਆਪਣੀਆਂ ਗ਼ਲਤੀਆਂ ਸੁਧਾਰ ਕੇ ਅਜਿਹੇ ਠੋਸ ਕਦਮ ਚੁੱਕਣੇ ਚਾਹੀਦੇ ਹਨ ਜਿਸ ਨਾਲ ਦੇਸ਼ ਦੀ ਲੋਕਤੰਤਰੀ ਪ੍ਰਣਾਲੀ ਵਿੱਚ ਲੋਕਾਂ ਦਾ ਡਗਮਗਾ ਰਿਹਾ ਵਿਸ਼ਵਾਸ ਮੁੜ ਬਹਾਲ ਹੋ ਸਕੇ।

# ਕਿਵੇਂ ਹੱਲ ਹੋਣਗੇ ਪੰਜਾਬ ਦੇ ਮੁੱਖ ਮਸਲੇ?

ਜਗਤਾਰ ਸਿੰਘ

ਪੰਜਾਬ ਇੱਕ ਅਜੀਬ ਵਿਰੋਧਾਭਾਸ ਦਾ ਸਾਹਮਣਾ ਕਰ ਰਿਹਾ ਹੈ। ਇਹ ਉਹ ਖ਼ਿੱਤਾ ਹੈ ਜਿਸ ਨੂੰ ਮਿਹਨਤੀ ਲੋਕਾਂ ਅਤੇ ਉਦਾਰ ਸਮਾਜਿਕ-ਧਾਰਮਿਕ ਮਾਹੌਲ ਦੀ ਦਾਤ ਮਿਲੀ ਹੈ। ਹਰ ਤਰ੍ਹਾਂ ਦੇ ਦੁਸ਼ਮਣ ਦਾ ਸਾਹਮਣਾ ਕਰਨ ਦੀ ਇੱਥੋਂ ਦੇ ਲੋਕਾਂ ਦੀ ਇਤਿਹਾਸਕ ਮਜ਼ਬੂਤ ਇੱਛਾ ਸ਼ਕਤੀ ਨੂੰ ਪਾਣੀ ਦੇ ਭਰਪੂਰ ਸਾਧਨਾਂ ਵਾਲੀਆਂ ਉਪਜਾਊ ਜ਼ਮੀਨਾਂ ਨੇ ਹੋਰ ਵੀ ਬਲ ਦਿੱਤਾ ਹੈ। ਜੇ ਅੰਕੜਿਆਂ ਦੀ ਗੱਲ ਕਰੀਏ ਤਾਂ 1980ਵਿਆਂ ਤੱਕ ਇਹ ਭਾਰਤ ਦਾ ਸਭ ਤੋਂ ਵੱਧ ਉੱਨਤ ਰਾਜ ਸੀ, ਜਿੱਥੇ ਪ੍ਰਤੀ ਵਿਅਕਤੀ ਆਮਦਨ ਸਭ ਤੋਂ ਵੱਧ ਸੀ। ਇਹ ਉਹ ਲੋਕ ਹਨ, ਜਿਨ੍ਹਾਂ ਨੇ ਦੁਨੀਆ ਵਿੱਚ ਜਿੱਥੇ ਵੀ ਪਰਵਾਸ ਕੀਤਾ, ਉੱਥੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਹੁਣ ਅਸਲ ਵਿੱਚ ਦੁਨੀਆ ਵਿੱਚ ਤਿੰਨ ਪੰਜਾਬ ਹਨ- ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਕੈਨੇਡੀਅਨ ਪੰਜਾਬ। ਗੁਰੂ ਸਾਹਿਬਾਨ ਦੀ ਇਹ ਧਰਤੀ ਹੁਣ ਆਪਣੀ ਹੋਂਦ ਲਈ ਲੜ ਰਹੀ ਹੈ, ਪਰ ਲੋਕਾਂ ਦੇ ਕਿਸੇ ਕਸੂਰ ਕਰਕੇ ਨਹੀਂ ਸਗੋਂ ਉਨ੍ਹਾਂ ਨੂੰ ਸਿਆਸੀ ਕੁਲੀਨ ਵਰਗ ਨੇ ਧੋਖਾ ਦਿੱਤਾ ਹੈ। ਸਿਆਸੀ ਕੁਲੀਨ ਵਰਗ ਵਿੱਚ ਸਿਰਫ਼ ਸਿਆਸੀ ਜਮਾਤ ਹੀ ਨਹੀਂ, ਸੂਬੇ ਦੀ ਅਫ਼ਸਰਸ਼ਾਹੀ ਵੀ ਸ਼ਾਮਿਲ ਹੈ। ਪੰਜਾਬ ਜਿਸ ਦਲਦਲ ਵਿੱਚ ਧਸ ਰਿਹਾ ਹੈ, ਉਸ ਲਈ ਸਿਰਫ਼ ਕੇਂਦਰ ਵੱਲੋਂ ਕੀਤੇ ਜਾਂਦੇ ਅਖੌਤੀ 'ਮਤਰੇਏ ਰਵੱਈਏ' ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

ਤ੍ਰਾਸਦੀ ਇਹ ਹੈ ਕਿ ਸੱਤਾਧਾਰੀ ਪਾਰਟੀ ਬਦਲਦੀ ਰਹਿੰਦੀ ਹੈ, ਪਰ ਸੂਬੇ ਦੀ ਸਥਿਤੀ ਉਹੀ ਰਹਿੰਦੀ ਹੈ ਸਗੋਂ ਹੋਰ ਵਿਗੜਦੀ ਜਾਂਦੀ ਹੈ। ਹਰ ਵਿਧਾਨ ਸਭਾ ਚੋਣ ਅਤੇ ਕਈ ਵਾਰ ਲੋਕ ਸਭਾ ਚੋਣਾਂ ਵੀ ਇਸ ਗੱਲ ਦੀਆਂ ਗਵਾਹ ਹਨ ਕਿ ਸਿਆਸੀ ਪਾਰਟੀਆਂ ਦਹਾਕਿਆਂ ਤੋਂ ਉਨ੍ਹਾਂ ਹੀ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਦੇ ਵਾਅਦੇ ਕਰਦੀਆਂ ਆ ਰਹੀਆਂ ਹਨ। ਸਿਰਫ਼ ਇਹੀ ਨਹੀਂ, ਮਹਿਜ਼ ਥੋੜ੍ਹੇ ਜਿਹੇ ਫ਼ਰਕ ਨਾਲ ਕੁਝ ਘਟਨਾਵਾਂ ਵੀ ਸਮੇਂ ਦੇ ਨਾਲ ਦੁਹਰਾਈਆਂ ਜਾਂਦੀਆਂ ਹਨ। ਇਸ ਪਹਿਲੂ ਤੋਂ ਸ਼ੁਰੂ ਕਰਨਾ ਬਿਹਤਰ ਹੈ ਕਿਉਂਕਿ ਇਹ ਹਾਲ ਹੀ ਦੀ ਇੱਕ ਘਟਨਾ ਨਾਲ ਸਬੰਧਿਤ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਾਲ ਹੀ ਵਿੱਚ ਉਦੋਂ ਹਲਚਲ ਪੈਦਾ ਕਰ ਦਿੱਤੀ ਸੀ, ਜਦੋਂ ਉਹ ਗੁਰੂ ਨਾਨਕ ਕਾਲਜ ਮੋਗਾ ਦੇ ਵਿਦਿਆਰਥੀਆਂ ਸਾਹਮਣੇ ਆਪਣੇ ਆਪ ਨੂੰ ਇੱਕ ਆਧੁਨਿਕ ਆਗੂ ਵਜੋਂ ਪੇਸ਼ ਕਰਨ ਲਈ ਇੱਕ ਮਹਿਲਾ ਐਂਕਰ ਨਾਲ ਮੰਚ 'ਤੇ ਆਏ ਸਨ। ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਹੈ। ਇਹ ਸ਼ੋਅ ਸ਼੍ਰੋਮਣੀ ਅਕਾਲੀ ਦਲ ਦੀ ਡਿੱਗ ਰਹੀ ਸਾਖ਼ ਨੂੰ ਸੁਰਜੀਤ ਕਰਨ ਲਈ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਦੀ ਕਵਾਇਦ ਦਾ ਹਿੱਸਾ ਸੀ, ਜਿਸ ਦੀ ਉਹ ਅਗਵਾਈ ਕਰਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਇਸ 'ਜਵਾਨ' ਪ੍ਰਧਾਨ ਨੇ ਆਧੁਨਿਕ ਰੂਪ ਧਾਰਨ ਕੀਤਾ ਸੀ। ਨੌਜਵਾਨਾਂ ਨੂੰ ਲਾਮਬੰਦ ਕਰਨ ਲਈ ਕੀਤੇ ਗਏ ਅਜਿਹੇ ਇੱਕ ਹੋਰ ਸਮਾਗਮ 'ਤੇ ਗੌਰ ਕਰਨੀ ਬਣਦੀ ਹੈ, ਜੋ ਫਰਵਰੀ 1982 ਵਿੱਚ ਇਸੇ ਕਾਲਜ ਵਿੱਚ ਹੋਇਆ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੁਆਰਾ ਕਰਵਾਏ ਗਏ ਉਸ ਸਮਾਗਮ ਵਿੱਚ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਸੀ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਚਲਾਈ ਗਈ ਮੁਹਿੰਮ ਦਾ ਹਿੱਸਾ ਸੀ। ਹੁੰਗਾਰਾ ਨਾ ਸਿਰਫ਼ ਵੱਡਾ ਸੀ ਸਗੋਂ ਲੰਮੇ ਸਮੇਂ ਤੱਕ ਰਹਿਣ ਵਾਲਾ ਸੀ। ਇਹ ਕਾਲਜ ਉਦੋਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਗੜ੍ਹ ਹੁੰਦਾ ਸੀ। ਭਿੰਡਰਾਂਵਾਲਾ ਉਦੋਂ 35 ਸਾਲ ਦਾ ਸੀ, ਜੋ ਕ੍ਰਿਸ਼ਮਈ ਆਗੂ ਵਜੋਂ ਉੱਭਰ ਰਿਹਾ ਸੀ। ਉਦੋਂ ਸੋਸ਼ਲ ਮੀਡੀਆ ਦਾ ਦੌਰ ਨਹੀਂ ਸੀ ਅਤੇ ਇਸ ਘਟਨਾ ਬਾਰੇ ਜ਼ਿਆਦਾ ਚਰਚਾ ਨਹੀਂ ਹੋਈ ਸੀ, ਪਰ ਇਸ ਦਾ ਨੋਟਿਸ ਜ਼ਰੂਰ ਲਿਆ ਗਿਆ ਸੀ। ਹੁਣ ਧਿਆਨ ਨਸ਼ਿਆਂ ਤੋਂ ਨਸ਼ੀਲੇ ਪਦਾਰਥਾਂ (ਡਰੱਗਜ਼) 'ਤੇ ਹੈ ਅਤੇ ਪੰਜਾਬ 'ਤੇ ਰਾਜ ਕਰਨ ਵਾਲੀ ਹਰ ਪਾਰਟੀ ਇਸ ਨੂੰ ਕੰਟਰੋਲ ਕਰਨ ਵਿੱਚ ਨਾਕਾਮ ਰਹੀ ਹੈ।




ਇਹ ਵਾਅਦਾ ਅਕਾਲੀ ਦਲ ਵੱਲੋਂ ਉਦੋਂ ਕੀਤਾ ਗਿਆ ਸੀ, ਜਦੋਂ ਪੰਜਾਬ ਵਿੱਚ ਡਰੱਗਜ਼ ਵਾਲੇ ਨਸ਼ੇ ਉਸ ਸਮੇਂ ਸਾਹਮਣੇ ਆਏ ਸਨ ਜਦੋਂ ਨਾਬਰ ਸਿੱਖ ਸੰਘਰਸ਼ ਖ਼ਤਮ ਹੋ ਰਿਹਾ ਸੀ। ਪੰਜਾਬ ਵਿੱਚ ਨਸ਼ਿਆਂ ਦੇ ਸਾਹਮਣੇ ਆਉਣ ਅਤੇ ਇਸ ਦੌਰ ਵਿੱਚ ਪੰਜਾਬ ਪੁਲਿਸ ਦੀ ਸਰਪ੍ਰਸਤੀ ਹੇਠ ਚਲਾਈ ਗਈ ਅਖੌਤੀ ਸੱਭਿਆਚਾਰਕ ਪੁਨਰ-ਸੁਰਜੀਤੀ ਮੁਹਿੰਮ ਦੇ ਸਮੇਂ ਦਾ ਅਜੀਬ ਸੰਜੋਗ ਹੈ। ਸੱਭਿਆਚਾਰਕ ਸਮਾਗਮ ਕਰਨ ਦਾ ਤਰਕ ਇਹ ਸੀ ਕਿ ਸੂਬੇ ਨੂੰ ਡਰ ਦੇ ਬੱਦਲਾਂ 'ਚੋਂ ਬਾਹਰ ਕੱਢਣਾ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿੱਚ। ਉਦੋਂ ਤੱਕ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ 'ਤੇ ਵਾੜ ਲਾਈ ਜਾ ਚੁੱਕੀ ਸੀ ਅਤੇ ਸੁਰੱਖਿਆ ਏਜੰਸੀਆਂ ਨੇ ਨਸ਼ਿਆਂ ਨੂੰ ਨਾਰਕੋ-ਟੈਰਰਿਜ਼ਮ ਨਾਲ ਜੋੜ ਦਿੱਤਾ ਸੀ। ਕੁਝ ਵਰਗਾਂ ਨੂੰ ਨਸ਼ਿਆਂ ਦੇ ਫੈਲਾਅ ਪਿੱਛੇ ਡੂੰਘੀ ਸਾਜ਼ਿਸ਼ ਦਾ ਖ਼ਦਸ਼ਾ ਸੀ। ਇੱਕ ਹੋਰ ਮੁੱਦਾ ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਦਾ ਹੈ।

ਇਸ ਸਬੰਧ ਵਿੱਚ ਵੀ ਪਹਿਲ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਸੀ- ਉਹ ਵੀ 1996 ਦੀਆਂ ਲੋਕ ਸਭਾ ਚੋਣਾਂ ਦੌਰਾਨ। ਚੋਣ ਮਨੋਰਥ ਪੱਤਰ ਵਿੱਚ ਕਿਹਾ ਗਿਆ ਸੀ: 'ਸ਼੍ਰੋਮਣੀ ਅਕਾਲੀ ਦਲ ਪ੍ਰਸ਼ਾਸਨ ਵਿੱਚ ਭ੍ਰਿਸ਼ਟਾਚਾਰ ਅਤੇ ਸਿਆਸਤ ਦੇ ਅਪਰਾਧੀਕਰਨ ਨੂੰ ਲੈ ਕੇ ਚਿੰਤਤ ਹੈ। ਜਨਤਕ ਜੀਵਨ ਨੂੰ ਭ੍ਰਿਸ਼ਟਾਚਾਰ ਤੋਂ ਪੂਰੀ ਤਰ੍ਹਾਂ ਮੁਕਤ ਕੀਤਾ ਜਾਵੇਗਾ।' ਬੇਰੁਜ਼ਗਾਰੀ ਖ਼ਤਮ ਕਰਨ ਦੇ ਸੰਦਰਭ ਵਿੱਚ ਵੀ ਇਸ ਚੋਣ ਮਨੋਰਥ ਪੱਤਰ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਵੀ 1992 ਦੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਭ੍ਰਿਸ਼ਟਾਚਾਰ ਖ਼ਤਮ ਕਰਨ ਦਾ ਦਾਅਵਾ ਕਰਦਿਆਂ ਕਿਹਾ ਸੀ, 'ਉਹ ਉੱਚ ਅਹੁਦਿਆਂ ਉੱਤੇ ਭ੍ਰਿਸ਼ਟਾਚਾਰ ਦੀਆਂ ਗੰਭੀਰ ਸ਼ਿਕਾਇਤਾਂ ਦੀ ਮੁੱਢਲੀ ਜਾਂਚ ਲਈ ਲੋਕ ਆਯੁਕਤ ਨਿਯੁਕਤ ਕਰਨ ਸਮੇਤ ਹਰ ਉਚਿਤ ਢੰਗ ਨਾਲ ਸਿਆਸੀ ਭ੍ਰਿਸ਼ਟਾਚਾਰ ਦੀ ਚੁਣੌਤੀ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰੇਗੀ।' ਲਗਭਗ ਦੋ ਦਹਾਕਿਆਂ ਬਾਅਦ ਆਮ ਆਦਮੀ ਪਾਰਟੀ ਦਾ ਗਠਨ ਭ੍ਰਿਸ਼ਟਾਚਾਰ ਦੇ ਖ਼ਾਤਮੇ ਅਤੇ ਜਨਤਕ ਜੀਵਨ ਵਿੱਚ ਪਾਰਦਰਸ਼ਤਾ ਦੇ ਇੱਕੋ-ਇੱਕ ਮੁੱਦੇ 'ਤੇ ਹੋਇਆ। ਇਹ ਦੱਸਣਾ ਵੀ ਉੱਚਿਤ ਹੋਵੇਗਾ ਕਿ ਭਾਰਤੀ ਜਨਤਾ ਪਾਰਟੀ, ਜੋ ਆਪਣੇ ਆਪ ਨੂੰ ਮੁੱਖ ਪਾਰਟੀਆਂ ਵਿੱਚ ਗਿਣ ਰਹੀ ਹੈ, ਅਕਾਲੀਆਂ ਨਾਲ ਛੋਟੇ ਭਾਈਵਾਲ ਵਜੋਂ ਸ਼ੁਰੂ ਤੋਂ ਹੀ ਸੱਤਾ ਵਿੱਚ ਹਿੱਸੇਦਾਰ ਰਹੀ ਹੈ। ਫਰਵਰੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਤਿੰਨ ਮੁੱਖ ਮੁੱਦੇ ਉੱਭਰ ਕੇ ਸਾਹਮਣੇ ਆਏ ਹਨ- ਨਸ਼ੇ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ।

(ਬਾਕੀ ਸਫ਼ਾ 27 'ਤੇ)

# ਅਮਰੀਕਾ ਲਈ ਕੁਸੈਲੀ ਹਕੀਕਤ ਬਣੀ ਇਰਾਨ ਜੰਗ

**ਦਿਵਿਆ ਕੁਮਾਰ ਸੋਤੀ**

ਭਾਵੇਂ ਰੂਸ-ਯੂਕ੍ਰੇਨ ਜੰਗ ਤੇ ਇਜ਼ਰਾਇਲ-ਅਮਰੀਕਾ-ਇਰਾਨ ਜੰਗ ਵੱਖ-ਵੱਖ ਖੇਤਰਾਂ 'ਚ, ਵੱਖ-ਵੱਖ ਕਾਰਨਾਂ ਕਰ ਕੇ ਅਤੇ ਵੱਖ-ਵੱਖ ਸਮਿਆਂ 'ਤੇ ਸ਼ੁਰੂ ਹੋਈਆਂ ਸਨ ਪਰ ਜਿਵੇਂ-ਜਿਵੇਂ ਇਹ ਲੰਮੀਆਂ ਖਿੱਚਦੀਆਂ ਜਾ ਰਹੀਆਂ ਹਨ, ਉਵੇਂ-ਉਵੇਂ ਇੱਕ-ਦੂਜੀ ਨਾਲ ਜੁੜਦੀਆਂ ਜਾ ਰਹੀਆਂ ਹਨ। ਹੁਣ ਇਹ ਇੱਕੋ ਭੂ-ਸਿਆਸੀ ਸ਼ਤਰੰਜ ਦੀ ਬਿਸਾਤ ਦਾ ਹਿੱਸਾ ਬਣਦੀਆਂ ਦਿਖਾਈ ਦੇ ਰਹੀਆਂ ਹਨ। ਗ਼ੈਰ-ਰਸਮੀ ਤੌਰ 'ਤੇ ਇਹ ਜੰਗਾਂ ਇੱਕ-ਦੂਜੀ ਨਾਲ ਜੁੜ ਚੁੱਕੀਆਂ ਹਨ। ਹੁਣ ਇਨ੍ਹਾਂ ਨੂੰ ਖੇਤਰੀ ਜੰਗਾਂ ਜਾਂ ਟਕਰਾਅ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਨ੍ਹਾਂ ਜੰਗਾਂ ਦਾ ਅਸਰ ਉੱਤਰੀ ਰੂਸ ਤੋਂ ਲੈ ਕੇ ਕੈਸਪੀਅਨ ਸਾਗਰ ਅਤੇ ਫ਼ਾਰਸ ਦੀ ਖਾੜੀ ਤੋਂ ਲੈ ਕੇ ਓਮਾਨ ਦੀ ਖਾੜੀ ਤੱਕ ਪੈ ਚੁੱਕਾ ਹੈ। ਰੂਸ ਤੇ ਇਰਾਨ ਨੇ ਭਾਵੇਂ ਮਿਲ ਕੇ ਅਮਰੀਕਾ ਵਿਰੁੱਧ ਸਿੱਧੇ ਤੌਰ 'ਤੇ ਜੰਗ ਦਾ ਐਲਾਨ ਨਹੀਂ ਕੀਤਾ ਪਰ ਦੋਵੇਂ ਦੇਸ਼ ਆਪਸੀ ਸਹਿਯੋਗ ਨਾਲ ਹੀ ਇਹ ਜੰਗ ਲੜ ਰਹੇ ਹਨ। ਫਰਵਰੀ 2026 'ਚ ਇਰਾਨ 'ਤੇ ਇਜ਼ਰਾਇਲ ਤੇ ਅਮਰੀਕਾ ਦੇ ਸਾਂਝੇ ਹਮਲੇ ਤੋਂ ਪਹਿਲਾਂ ਤੱਕ ਇਰਾਨ ਵੱਡੀ ਮਾਤਰਾ 'ਚ ਸਸਤੇ ਪਰ ਮਾਰੂ ਡਰੋਨ ਰੂਸ ਨੂੰ ਸਪਲਾਈ ਕਰ ਰਿਹਾ ਸੀ। ਅਮਰੀਕਾ ਨਾਲ ਜੰਗ ਛਿੜਨ ਤੋਂ ਬਾਅਦ ਆਪਣੀਆਂ ਲੋੜਾਂ ਕਾਰਨ ਜਦੋਂ ਇਰਾਨ ਅਜਿਹਾ ਕਰਨ 'ਚ ਅਸਮਰੱਥ ਹੋ ਗਿਆ ਤਾਂ ਰੂਸ ਨੇ ਇਰਾਨ ਨੂੰ ਖ਼ਤਰਨਾਕ ਗ੍ਰਾਨ ਡਰੋਨਾਂ ਦੀ ਸਪਲਾਈ ਸ਼ੁਰੂ ਕਰ ਦਿੱਤੀ। ਅਮਰੀਕਾ ਤੇ ਪੱਛਮੀ ਦੇਸ਼ਾਂ ਨੇ ਯੂਕ੍ਰੇਨ 'ਚ ਜਿਹੜੀਆਂ ਹਵਾਈ ਰੱਖਿਆ ਪ੍ਰਣਾਲੀਆਂ ਤਾਇਨਾਤ ਕੀਤੀਆਂ ਸਨ, ਉਨ੍ਹਾਂ ਨਾਲ ਲੰਮੇ ਸਮੇਂ ਤੱਕ ਜੂਝਣ ਦੇ ਤਜਰਬੇ ਦੇ ਆਧਾਰ 'ਤੇ ਰੂਸ ਨੇ ਇਨ੍ਹਾਂ ਡਰੋਨਾਂ ਨੂੰ ਹੋਰ ਉੱਨਤ ਬਣਾਇਆ ਸੀ, ਤਾਂ ਜੋ ਇਹ ਪੱਛਮੀ ਰੱਖਿਆ ਪ੍ਰਣਾਲੀਆਂ ਨੂੰ ਝਕਾਨੀ ਦੇ ਕੇ ਉਨ੍ਹਾਂ ਨੂੰ ਆਪਣੇ ਨਿਸ਼ਾਨੇ ਰਾਹੀਂ ਫੁੰਡ ਸਕਣ। ਪਿਛਲੇ ਕਈ ਮਹੀਨਿਆਂ ਤੋਂ ਇਰਾਨ-ਅਮਰੀਕਾ ਜੰਗ 'ਚ ਇਸ ਦਾ ਅਸਰ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ।



ਅਮਰੀਕੀ ਤੇ ਇਜ਼ਰਾਇਲੀ ਹਵਾਈ ਰੱਖਿਆ ਪ੍ਰਣਾਲੀਆਂ ਇਰਾਨੀ ਡਰੋਨ ਹਮਲਿਆਂ ਨੂੰ ਨਾਕਾਮ ਕਰਨ 'ਚ ਸਫ਼ਲ ਨਹੀਂ ਹੋ ਰਹੀਆਂ, ਜਿਸ ਕਾਰਨ ਜੰਗ ਖ਼ਤਮ ਹੋਣ ਦਾ ਨਾਂਅ ਨਹੀਂ ਲੈ ਰਹੀ। ਇਰਾਨ ਤੇ ਰੂਸ ਵਿਚਾਲੇ ਤਾਲਮੇਲ ਸਿਰਫ਼ ਜੰਗ ਦੇ ਮੈਦਾਨ ਤੱਕ ਹੀ ਸੀਮਤ ਨਹੀਂ ਹੈ। ਪੱਛਮੀ ਖ਼ੁਫ਼ੀਆ ਏਜੰਸੀਆਂ ਦੇ ਮੁਲਾਂਕਣ ਅਨੁਸਾਰ, ਪੁਲਾੜ 'ਚ ਗਸ਼ਤ ਕਰ ਰਹੇ ਰੂਸ ਦੇ ਘੱਟੋ-ਘੱਟ 14 ਉਪਗ੍ਰਹਿ (ਸੈਟੇਲਾਈਟ) ਇਰਾਨ ਨਾਲ ਭੂਗੋਲਿਕ ਸਥਿਤੀਆਂ, ਰਡਾਰ ਤੇ ਸੰਕੇਤਾਂ ਤੋਂ ਪ੍ਰਾਪਤ ਖ਼ੁਫ਼ੀਆ ਜਾਣਕਾਰੀ ਲਗਾਤਾਰ ਸਾਂਝੀ ਕਰ ਰਹੇ ਹਨ। ਇਹ ਜਾਣਕਾਰੀ ਅਸਲ ਸਮੇਂ 'ਚ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਦੇ ਸਿੱਟੇ ਵਜੋਂ ਇਰਾਨੀ ਫ਼ੌਜ ਖਾੜੀ ਦੇਸ਼ਾਂ 'ਚ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ ਨੂੰ ਲਗਾਤਾਰ ਨਿਸ਼ਾਨਾ ਬਣਾਉਣ 'ਚ ਸਫ਼ਲ ਰਹੀ ਹੈ। ਇਸ ਕਾਰਨ ਅਮਰੀਕੀ ਫ਼ੌਜ ਨੂੰ ਕਾਫ਼ੀ ਨੁਕਸਾਨ ਝੱਲਣਾ ਪਿਆ ਹੈ। ਰੂਸ ਨੇ ਅਜਿਹਾ ਇਸ ਲਈ ਕੀਤਾ ਹੈ, ਤਾਂ ਜੋ ਯੂਕ੍ਰੇਨ ਰਾਹੀਂ ਅਮਰੀਕਾ ਤੇ ਪੱਛਮੀ ਦੇਸ਼ਾਂ ਵੱਲੋਂ ਰੂਸ ਦੇ ਬੇਹੱਦ ਅਹਿਮ ਟਿਕਾਣਿਆਂ 'ਤੇ ਕਰਵਾਏ ਗਏ ਹਮਲਿਆਂ ਦਾ ਬਦਲਾ ਲਿਆ ਜਾ ਸਕੇ। ਇਸ ਦੇ ਨਾਲ ਹੀ ਅਮਰੀਕਾ ਦੇ ਹਥਿਆਰਾਂ ਦੇ ਭੰਡਾਰ ਨੂੰ ਇੰਨਾ ਘਟਾਇਆ ਜਾ ਸਕੇ ਕਿ ਉਹ ਯੂਕ੍ਰੇਨ ਨੂੰ ਵਧੇਰੇ ਸਹਾਇਤਾ ਨਾ ਦੇ ਸਕੇ।

ਇਸ ਦਾ ਅਸਰ ਹੁਣ ਦਿਖਾਈ ਦੇਣ ਲੱਗ ਪਿਆ ਹੈ। ਰੂਸ-ਯੂਕ੍ਰੇਨ ਜੰਗ ਤੇ ਅਮਰੀਕਾ-ਇਰਾਨ ਟਕਰਾਅ ਇੱਕੋ ਸਮੇਂ ਜਾਰੀ ਰਹਿਣ ਕਾਰਨ ਅਮਰੀਕੀ ਫ਼ੌਜ ਕੋਲ ਰੱਖਿਆ ਸਾਜ਼ੋ-ਸਾਮਾਨ ਦੀ ਭਾਰੀ ਕਿੱਲਤ ਹੋ ਗਈ ਹੈ। ਪੈਂਟਾਗਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਸਮੇਂ ਕੋਈ ਹੋਰ ਵੱਡੀ ਆਲਮੀ ਜੰਗ ਛਿੜ ਗਈ ਤਾਂ ਅਮਰੀਕਾ ਦੇ ਹਥਿਆਰਾਂ ਦਾ ਭੰਡਾਰ ਪੂਰੀ ਤਰ੍ਹਾਂ ਖ਼ਤਮ ਹੋਣ ਦਾ ਖ਼ਤਰਾ ਪੈਦਾ ਹੋ ਸਕਦਾ ਹੈ।

ਇਰਾਨ ਅਤੇ ਉਸ ਦੀ ਹਮਾਇਤ ਪ੍ਰਾਪਤ ਧਿਰਾਂ ਵੱਲੋਂ ਕੀਤੇ ਜਾ ਰਹੇ ਡਰੋਨ ਤੇ ਬੈਲਿਸਟਿਕ ਮਿਜ਼ਾਈਲ ਹਮਲਿਆਂ ਨੂੰ ਰੋਕਣ ਲਈ ਅਮਰੀਕੀ ਫ਼ੌਜ ਨੂੰ ਆਪਣੀਆਂ ਸਭ ਤੋਂ ਆਧੁਨਿਕ ਮਿਜ਼ਾਈਲਾਂ ਦੀ ਵਰਤੋਂ ਕਰਨੀ ਪਈ ਹੈ। ਇਸ ਦੇ ਨਤੀਜੇ ਵਜੋਂ ਅਮਰੀਕਾ ਆਪਣੀ ਐਂਟੀ-ਬੈਲਿਸਟਿਕ ਮਿਜ਼ਾਈਲ ਪ੍ਰਣਾਲੀ ਦੇ ਲਗਭਗ 80 ਫ਼ੀਸਦੀ ਭੰਡਾਰ ਦੀ ਵਰਤੋਂ ਕਰ ਚੁੱਕਾ ਹੈ। ਇਸੇ ਤਰ੍ਹਾਂ ਅਮਰੀਕਾ ਦੀਆਂ ਆਧੁਨਿਕ ਪੈਟ੍ਰੀਅਟ ਮਿਜ਼ਾਈਲ ਇੰਟਰਸੈਪਟਰਾਂ ਦਾ 50 ਤੋਂ 60 ਫ਼ੀਸਦੀ ਭੰਡਾਰ ਖ਼ਤਮ ਹੋ ਚੁੱਕਾ ਹੈ।

ਪੱਛਮੀ ਏਸ਼ੀਆ 'ਚ ਅਮਰੀਕਾ ਲਈ ਉਹੀ ਸਥਿਤੀ ਪੈਦਾ ਹੋ ਗਈ ਹੈ, ਜਿਹੜੀ ਉਸ ਨੇ ਯੂਕ੍ਰੇਨ 'ਚ ਰੂਸ ਲਈ ਪੈਦਾ ਕੀਤੀ ਸੀ। ਇਸ ਸੰਕਟ ਪਿੱਛੇ ਘੱਟ ਲਾਗਤ ਵਾਲੇ ਆਧੁਨਿਕ ਹਾਈਬ੍ਰਿਡ ਯੁੱਧ ਦਾ ਗਣਿਤ ਕੰਮ ਕਰ ਰਿਹਾ ਹੈ। ਰੂਸ ਤੇ ਇਰਾਨ ਬਹੁਤ ਘੱਟ ਲਾਗਤ 'ਤੇ ਹਰ ਮਹੀਨੇ ਹਜ਼ਾਰਾਂ ਦੀ ਗਿਣਤੀ 'ਚ ਆਤਮਘਾਤੀ ਡਰੋਨ ਅਤੇ ਬੈਲਿਸਟਿਕ ਮਿਜ਼ਾਈਲਾਂ ਤਿਆਰ ਕਰ ਰਹੇ ਹਨ। ਇਸ ਦੇ ਉਲਟ, ਇਨ੍ਹਾਂ ਹਮਲਿਆਂ ਨੂੰ ਨਾਕਾਮ ਕਰਨ ਲਈ ਅਮਰੀਕਾ ਦੇ ਪੈਟ੍ਰੀਅਟ ਵਰਗੇ ਰੱਖਿਆ ਪ੍ਰਬੰਧ ਤਿਆਰ ਕਰਨ ਵਾਸਤੇ ਬੇਹੱਦ ਗੁੰਝਲਦਾਰ ਤਕਨੀਕ ਤੇ ਉੱਨਤ ਮਾਰਗਦਰਸ਼ਨ ਪ੍ਰਣਾਲੀਆਂ ਦੀ ਲੋੜ ਹੁੰਦੀ ਹੈ। ਅਮਰੀਕੀ ਕੰਪਨੀਆਂ ਇਨ੍ਹਾਂ ਮਿਜ਼ਾਈਲਾਂ ਦਾ ਉਤਪਾਦਨ ਉਸ ਰਫ਼ਤਾਰ ਨਾਲ ਨਹੀਂ ਕਰ ਪਾ ਰਹੀਆਂ, ਜਿਸ ਰਫ਼ਤਾਰ ਨਾਲ ਜੰਗ ਦੇ ਮੈਦਾਨ 'ਚ ਇਨ੍ਹਾਂ ਦੀ ਵਰਤੋਂ ਹੋ ਰਹੀ ਹੈ।

ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਅਨੁਸਾਰ, ਪੱਛਮੀ ਏਸ਼ੀਆ 'ਚ ਮਿਜ਼ਾਈਲਾਂ ਭੇਜਣ ਕਾਰਨ ਯੂਕ੍ਰੇਨ ਨੂੰ ਪਹਿਲਾਂ ਦੇ ਮੁਕਾਬਲੇ ਸਿਰਫ਼ ਇੱਕ-ਤਿਹਾਈ ਹਵਾਈ ਰੱਖਿਆ ਮਿਜ਼ਾਈਲਾਂ ਹੀ ਮਿਲ ਰਹੀਆਂ ਹਨ। ਇਸ ਦਾ ਅਸਰ ਹੁਣ ਚੀਨ ਨਾਲ ਜੁੜੇ ਮੋਰਚੇ 'ਤੇ ਵੀ ਦਿਖਾਈ ਦੇਣ ਲੱਗਾ ਹੈ, ਜਿੱਥੇ ਅਮਰੀਕਾ ਨੇ ਆਪਣੇ ਸਹਿਯੋਗੀ ਦੇਸ਼ਾਂ ਨੂੰ ਹਥਿਆਰਾਂ ਦੀ ਸਪਲਾਈ 'ਚ ਪੰਜ ਸਾਲ ਤੱਕ ਦੀ ਦੇਰੀ ਹੋਣ ਦੀ ਚਿਤਾਵਨੀ ਦਿੱਤੀ ਹੈ। ਜਾਪਾਨ ਨੂੰ ਮਿਲਣ ਵਾਲੀਆਂ ਟੋਮਾਹਾਕ ਮਿਜ਼ਾਈਲਾਂ ਦੀ ਸਪਲਾਈ 'ਚ ਦੋ ਸਾਲ ਦੀ ਦੇਰੀ ਹੋ ਚੁੱਕੀ ਹੈ। ਤਾਈਵਾਨ ਨੂੰ ਭੇਜੀ ਜਾਣ ਵਾਲੀ 14 ਅਰਬ ਡਾਲਰ ਦੀ ਹਥਿਆਰਾਂ ਦੀ ਖੇਪ ਵੀ ਵਿਚਾਲੇ ਹੀ ਰੋਕਣੀ ਪਈ ਹੈ, ਤਾਂ ਜੋ ਅਮਰੀਕੀ ਫ਼ੌਜ ਆਪਣੇ ਹਥਿਆਰਾਂ ਦੇ ਭੰਡਾਰ ਨੂੰ ਬਚਾ ਸਕੇ।

ਇੱਕ ਪਾਸੇ ਇਰਾਨ ਪਹਿਲਾਂ ਹੀ ਹੋਰਮੁਜ਼ ਜਲ ਮਾਰਗ ਬੰਦ ਕਰਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰ ਚੁੱਕਾ ਹੈ, ਉੱਥੇ ਹੁਣ ਉਸ ਨੇ ਆਪਣੇ ਸਮਰਥਕ ਯਮਨ ਦੇ ਹੂਤੀ ਬਾਗ਼ੀਆਂ ਰਾਹੀਂ ਬਾਬ ਅਲ-ਮੰਡੇਬ ਜਲ ਮਾਰਗ 'ਤੇ ਕਬਜ਼ਾ ਕਰਕੇ ਦੁਨੀਆ ਦੇ ਦੋ ਸਭ ਤੋਂ ਮਹੱਤਵਪੂਰਨ ਸਮੁੰਦਰੀ ਊਰਜਾ ਮਾਰਗਾਂ 'ਤੇ ਆਪਣੀ ਪਕੜ ਮਜ਼ਬੂਤ ਕਰ ਲਈ ਹੈ। ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਅਮਰੀਕਾ ਨੂੰ ਹੂਤੀਆਂ 'ਤੇ ਹਮਲੇ ਕਰਨ ਦੀ ਅਪੀਲ ਕੀਤੀ ਸੀ ਪਰ ਟਰੰਪ ਪ੍ਰਸ਼ਾਸਨ ਨੇ ਇਰਾਨ ਨਾਲ ਚੱਲ ਰਹੀ ਜੰਗ ਅਤੇ ਯੂਕ੍ਰੇਨ 'ਚ ਖੁੱਲ੍ਹੇ ਮੋਰਚੇ ਕਾਰਨ ਹਥਿਆਰਾਂ ਦੀ ਕਿੱਲਤ ਦਾ ਹਵਾਲਾ ਦਿੰਦਿਆਂ ਯਮਨ 'ਚ ਨਵਾਂ ਮੋਰਚਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਕੋਲ ਹੁਣ ਇੰਨੇ ਉੱਨਤ ਹਥਿਆਰ ਤੇ ਰੱਖਿਆ ਪ੍ਰਣਾਲੀਆਂ ਨਹੀਂ ਬਚੀਆਂ ਕਿ ਉਹ ਇੱਕੋ ਸਮੇਂ ਇਰਾਨ ਨਾਲ ਲੜ ਸਕੇ, ਯੂਕ੍ਰੇਨ ਦੀ ਮਦਦ ਕਰ ਸਕੇ ਤੇ ਯਮਨ 'ਚ ਵੀ ਨਵਾਂ ਮੋਰਚਾ ਸੰਭਾਲ ਸਕੇ।

ਭਾਵੇਂ ਰੂਸ ਯਮਨ ਵਿੱਚ ਪੈਦਾ ਹੋਏ ਇਸ ਉਥਲ-ਪੁਥਲ ਵਾਲੇ ਹਾਲਾਤ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹੈ, ਪਰ ਇਸ ਸਥਿਤੀ ਨਾਲ ਮਾਸਕੋ ਨੂੰ ਵੱਡਾ ਲਾਭ ਹੋ ਰਿਹਾ ਹੈ।

ਲਾਲ ਸਾਗਰ ਦਾ ਰਸਤਾ ਅਸੁਰੱਖਿਅਤ ਹੋਣ ਕਾਰਨ ਕੱਚੇ ਤੇਲ ਦੀਆਂ ਕੀਮਤਾਂ 106 ਡਾਲਰ ਪ੍ਰਤੀ ਬੈਰਲ ਤੋਂ ਪਾਰ ਚਲੀਆਂ ਗਈਆਂ ਹਨ। ਇਸ ਨਾਲ ਆਰਥਿਕ ਪਾਬੰਦੀਆਂ ਦਾ ਸਾਹਮਣਾ ਕਰ ਰਹੇ ਰੂਸ ਦੇ ਤੇਲ ਬਰਾਮਦ ਦੀ ਕੀਮਤ 'ਚ ਕਾਫ਼ੀ ਵਾਧਾ ਹੋ ਗਿਆ ਹੈ। ਇਸ ਦਾ ਸਿੱਧਾ ਆਰਥਿਕ ਨੁਕਸਾਨ ਪੱਛਮੀ ਦੇਸ਼ਾਂ ਨੂੰ ਝੱਲਣਾ ਪੈ ਰਿਹਾ ਹੈ, ਜਿੱਥੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ। ਇਸ ਤਰ੍ਹਾਂ ਇਹ ਜੰਗ ਨਾ ਸਿਰਫ਼ ਅਮਰੀਕੀ ਫ਼ੌਜੀ ਤਾਕਤ ਦੀਆਂ ਹੱਦਾਂ ਨੂੰ ਜੱਗ-ਜ਼ਾਹਰ ਕਰ ਰਹੀ ਹੈ, ਸਗੋਂ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਅਤੇ ਸੋਵੀਅਤ ਸੰਘ ਦੇ ਵਿਘਟਨ ਤੋਂ ਬਾਅਦ ਕਾਇਮ ਹੋਏ ਵਿਸ਼ਵ ਪ੍ਰਬੰਧ ਨੂੰ ਵੀ ਖੇਰੂੰ-ਖੇਰੂੰ ਕਰਦੀ ਜਾਪ ਰਹੀ ਹੈ।

**(ਲੇਖਕ ਕੌਂਸਲ ਆਫ਼ ਸਟ੍ਰੈਟੇਜਿਕ ਅਫੇਅਰਜ਼ ਨਾਲ ਜੁੜੇ ਹੋਏ ਰਣਨੀਤਕ ਮਾਮਲਿਆਂ ਦੇ ਵਿਸ਼ਲੇਸ਼ਕ ਹਨ)।**

# ਜੰਗਾਂ, ਪ੍ਰਮਾਣੂ ਖ਼ਤਰੇ ਅਤੇ ਡੂੰਘਾ ਹੁੰਦਾ ਵਿਸ਼ਵ ਜਲਵਾਯੂ ਸੰਕਟ



**ਡਾ. ਅਰੁਣ ਮਿਤਰਾ**

ਜਲਵਾਯੂ ਸੰਕਟ ਦੀ ਤੀਬਰਤਾ, ਲਗਾਤਾਰ ਜਾਰੀ ਜੰਗਾਂ ਅਤੇ ਪ੍ਰਮਾਣੂ ਟਕਰਾਅ ਦਾ ਵਧਦਾ ਖ਼ਤਰਾ ਹੁਣ ਦੁਨੀਆ ਲਈ ਮਹਿਜ਼ ਆਮ ਚੁਣੌਤੀਆਂ ਹੀ ਨਹੀਂ, ਸਗੋਂ ਸਮੁੱਚੀ ਮਨੁੱਖੀ ਹੋਂਦ ਲਈ ਵੱਡੇ ਖ਼ਤਰੇ ਬਣ ਚੁੱਕੇ ਹਨ। ਦੁਨੀਆ ਇਨ੍ਹਾਂ ਸਮੱਸਿਆਵਾਂ ਨੂੰ ਇੱਕ-ਦੂਜੇ ਤੋਂ ਵੱਖ ਕਰਕੇ ਹੱਲ ਨਹੀਂ ਕਰ ਸਕਦੀ। ਸੈਨਿਕ ਸਰਗਰਮੀਆਂ ਨਾਲ ਜੁੜੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ (ਉਤਸਰਜਨ) ਨੂੰ ਮਾਪਣ ਲਈ ਇੱਕ ਪਾਰਦਰਸ਼ੀ ਅਤੇ ਵਿਆਪਕ ਪ੍ਰਣਾਲੀ ਵਿਕਸਿਤ ਕਰਨੀ ਲਾਜ਼ਮੀ ਹੈ, ਤਾਂ ਜੋ ਇਸ ਸੰਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕੀਤਾ ਜਾ ਸਕੇ।

ਯੂਰੋਪ ਦੇ ਵੱਖ-ਵੱਖ ਹਿੱਸਿਆਂ ਵਿੱਚ ਲੱਗ ਰਹੀ ਜੰਗਲੀ ਅੱਗ, ਪੱਛਮੀ ਦੇਸ਼ਾਂ ਵਿੱਚ ਪੈ ਰਹੀ ਵਿਨਾਸ਼ਕਾਰੀ ਗਰਮੀ, ਐਲ ਨੀਨੋ ਵਰਗੀਆਂ ਮੌਸਮੀ ਤਬਦੀਲੀਆਂ ਬਾਰੇ ਵਧ ਰਹੀ ਚਿੰਤਾ ਅਤੇ ਗਲੇਸ਼ੀਅਰਾਂ ਦਾ ਤੇਜ਼ੀ ਨਾਲ ਪਿਘਲਣਾ—ਇਹ ਸਭ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੀ ਸਾਡੀ ਧਰਤੀ ਲਈ ਚਿੰਤਾਜਨਕ ਸੰਕੇਤ ਹਨ। ਗਲੇਸ਼ੀਅਰ ਪਿਘਲਣ ਨਾਲ ਬਣ ਰਹੀਆਂ ਵੱਡੀਆਂ ਬਰਫ਼ੀਲੀਆਂ ਝੀਲਾਂ ਇੱਕ ਹੋਰ ਵੱਡਾ ਖ਼ਤਰਾ ਪੈਦਾ ਕਰ ਰਹੀਆਂ ਹਨ। ਜੇ ਇਨ੍ਹਾਂ ਝੀਲਾਂ ਦੇ ਬੰਨ੍ਹ ਟੁੱਟ ਜਾਣ ਤਾਂ ਪਾਣੀ ਦੀ ਭਾਰੀ ਮਾਤਰਾ ਭਿਆਨਕ ਤਬਾਹੀ ਮਚਾ ਸਕਦੀ ਹੈ; ਹਿਮਾਲਿਆਈ ਖੇਤਰ ਵਿੱਚ ਨੇਪਾਲ ਅੰਦਰ ਆਈ ਤਾਜ਼ਾ ਆਫ਼ਤ ਇਸੇ ਖ਼ਤਰੇ ਦੀ ਮਿਸਾਲ ਹੈ। ਇਹ ਸਭ ਹਾਲਾਤ ਤੁਰੰਤ ਸਾਂਝੀ ਅੰਤਰਰਾਸ਼ਟਰੀ ਕਾਰਵਾਈ ਦੀ ਮੰਗ ਕਰਦੇ ਹਨ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਸ ਵਾਰ-ਵਾਰ ਚਿਤਾਵਨੀ ਦੇ ਚੁੱਕੇ ਹਨ ਕਿ ਗਲੋਬਲ ਤਾਪਮਾਨ ਦੇ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਰੱਖਣ ਲਈ ਦੁਨੀਆ ਕੋਲ ਸਮਾਂ ਤੇਜ਼ੀ ਨਾਲ ਘਟ ਰਿਹਾ ਹੈ। ਉਨ੍ਹਾਂ ਨੇ ਜੀਵਾਸ਼ਮ ਬਾਲਣ (ਪਥਰਾਟੀ ਬਾਲਣ) 'ਤੇ ਨਿਰਭਰਤਾ ਨੂੰ ਤੁਰੰਤ ਖ਼ਤਮ ਕਰਨ ਦੀ ਅਪੀਲ ਕੀਤੀ ਹੈ। ਜਲਵਾਯੂ ਪਰਿਵਰਤਨ ਬਾਰੇ ਜ਼ਿਆਦਾਤਰ ਚਰਚਾ ਹੁਣ ਤੱਕ ਉਦਯੋਗ, ਆਵਾਜਾਈ, ਊਰਜਾ ਉਤਪਾਦਨ ਅਤੇ ਕੋਲੇ-ਤੇਲ ਦੀ ਖ਼ਪਤ ਨਾਲ ਜੁੜੀਆਂ ਸਰਗਰਮੀਆਂ 'ਤੇ ਹੀ ਕੇਂਦਰਿਤ ਰਹੀ ਹੈ। ਹਾਲ ਹੀ ਵਿੱਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਡਾਟਾ ਸੈਂਟਰਾਂ ਦੀਆਂ ਵੱਡੀਆਂ ਊਰਜਾ ਲੋੜਾਂ ਅਤੇ ਉਨ੍ਹਾਂ ਦੇ ਕਾਰਬਨ ਨਿਕਾਸ ਵੱਲ ਵੀ ਧਿਆਨ ਖਿੱਚਿਆ ਗਿਆ ਹੈ। ਪਰ ਇਸ ਨਿਕਾਸ ਦੇ ਸਭ ਤੋਂ ਅਹਿਮ ਅਤੇ ਅਣਗੌਲੇ ਸਰੋਤਾਂ ਵਿੱਚੋਂ ਇੱਕ—ਫ਼ੌਜੀ ਅਤੇ ਸੈਨਿਕ ਸਰਗਰਮੀਆਂ ਹਨ।

ਨੇਟਾ ਸੀ. ਕ੍ਰਾਫ਼ਰਡ ਨੇ 24 ਅਗਸਤ 2024 ਨੂੰ ਪ੍ਰਕਾਸ਼ਿਤ ਆਪਣੇ ਖੋਜ-ਪੱਤਰ ਮਿਸ਼ਨ ਇੰਪੌਸੀਬਲ? ਕੁਆਂਟੀਫ਼ਾਇੰਗ ਮਿਲਟਰੀ ਐਮਿਸ਼ਨਜ਼ ਵਿੱਚ ਇੱਕ ਬੁਨਿਆਦੀ ਸਵਾਲ ਉਠਾਇਆ ਹੈ ਕਿ ਜੰਗਾਂ, ਜੰਗ ਦੀਆਂ ਤਿਆਰੀਆਂ, ਸੈਨਿਕ ਸਾਜ਼ੋ-ਸਾਮਾਨ ਦਾ ਉਤਪਾਦਨ ਅਤੇ ਜੰਗ ਤੋਂ ਬਾਅਦ ਦੀ ਮੁੜ ਉਸਾਰੀ ਜਲਵਾਯੂ ਸੰਕਟ ਵਿੱਚ ਕਿੰਨਾ ਯੋਗਦਾਨ ਪਾਉਂਦੇ ਹਨ? ਇਸ ਦਾ ਜਵਾਬ ਬੇਹੱਦ ਚਿੰਤਾਜਨਕ ਹੈ, ਕਿਉਂਕਿ ਦੁਨੀਆ ਭਰ ਦੀਆਂ ਫ਼ੌਜਾਂ, ਸੈਨਿਕ ਉਦਯੋਗਾਂ ਅਤੇ ਜੰਗਾਂ ਰਾਹੀਂ ਪੈਦਾ ਹੁੰਦੀਆਂ ਗ੍ਰੀਨਹਾਊਸ ਗੈਸਾਂ ਦਾ ਕੋਈ ਪੁਖ਼ਤਾ ਹਿਸਾਬ-ਕਿਤਾਬ ਹੀ ਨਹੀਂ ਰੱਖਿਆ ਜਾਂਦਾ। ਸੰਨ 1997 ਵਿੱਚ ਜਾਪਾਨ ਦੇ ਸ਼ਹਿਰ ਕਿਓਟੋ ਵਿਖੇ ਹੋਈ ਜਲਵਾਯੂ ਕਾਨਫ਼ਰੰਸ—ਯੂ.ਐੱਨ.ਐੱਫ.ਸੀ.ਸੀ.ਸੀ. ਦੀ ਤੀਜੀ ਕਾਨਫ਼ਰੰਸ ਰਾਹੀਂ ਇਤਿਹਾਸਕ 'ਕਿਓਟੋ ਪ੍ਰੋਟੋਕੋਲ' ਹੋਂਦ ਵਿੱਚ ਆਇਆ ਸੀ। ਵੱਖ-ਵੱਖ ਦੇਸ਼ਾਂ ਵੱਲੋਂ ਆਪਣੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਦਾ ਲੇਖਾ-ਜੋਖਾ ਰੱਖਣ ਅਤੇ ਉਸ ਨੂੰ ਘਟਾਉਣ ਲਈ ਕਈ ਰਿਪੋਰਟਿੰਗ ਢਾਂਚੇ ਸਥਾਪਿਤ ਕੀਤੇ ਗਏ, ਪਰ ਇਸ ਦੇ ਬਾਵਜੂਦ ਸੈਨਿਕ ਖੇਤਰ ਦੇ ਕਾਰਬਨ ਨਿਕਾਸ ਨੂੰ ਇਸ ਦਾਇਰੇ ਤੋਂ ਬਾਹਰ ਰੱਖਿਆ ਗਿਆ ਅਤੇ ਅਜੇ ਤੱਕ ਨਿਯਮਿਤ ਨਹੀਂ ਕੀਤਾ ਗਿਆ।

ਨਾਗਰਿਕ ਉਦਯੋਗਾਂ ਨੂੰ ਤਾਂ ਕਾਰਬਨ ਨਿਕਾਸ ਘਟਾਉਣ ਲਈ ਲਗਾਤਾਰ ਪਾਬੰਦ ਕੀਤਾ ਜਾਂਦਾ ਹੈ, ਪਰ ਫ਼ੌਜੀ ਕਾਰਵਾਈਆਂ ਵਿੱਚ ਜੀਵਾਸ਼ਮ ਬਾਲਣ ਦੀ ਅੰਨ੍ਹੇਵਾਹ ਵਰਤੋਂ ਨੂੰ ਰਾਸ਼ਟਰੀ ਸੁਰੱਖਿਆ, ਖੇਤਰੀ ਪ੍ਰਭੂਸੱਤਾ ਅਤੇ ਅਮਨ-ਕਾਨੂੰਨ ਦੇ ਨਾਂ ਹੇਠ ਛੋਟ ਦਿੱਤੀ ਜਾਂਦੀ ਹੈ। ਅਮਰੀਕਾ 80 ਤੋਂ ਵੱਧ ਦੇਸ਼ਾਂ ਵਿੱਚ ਫੈਲੇ ਆਪਣੇ 750 ਤੋਂ ਵੱਧ ਸੈਨਿਕ ਅੱਡਿਆਂ ਦੇ ਨਾਲ ਦੁਨੀਆ ਦਾ ਸਭ ਤੋਂ ਵੱਧ ਰੱਖਿਆ ਬਜਟ ਖ਼ਰਚਣ ਵਾਲਾ ਦੇਸ਼ ਹੈ। ਉਸ ਦਾ ਹਥਿਆਰ ਨਿਰਮਾਣ ਉਦਯੋਗ ਬਹੁਤ ਵਿਸ਼ਾਲ ਹੈ—ਦੁਨੀਆ ਦੀਆਂ 10 ਸਭ ਤੋਂ ਵੱਡੀਆਂ ਹਥਿਆਰ ਕੰਪਨੀਆਂ ਵਿੱਚੋਂ 6 ਅਤੇ ਸਿਖਰਲੀਆਂ 100 ਵਿੱਚੋਂ 39 ਕੰਪਨੀਆਂ ਇਕੱਲੇ ਅਮਰੀਕਾ ਦੀਆਂ ਹਨ। ਇਸ ਤੋਂ ਇਲਾਵਾ ਉਹ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਬਰਾਮਦਕਾਰ ਵੀ ਹੈ। ਇਸ ਦੇ ਬਾਵਜੂਦ ਉਸ ਦੀਆਂ ਵਿਸ਼ਵ ਵਿਆਪੀ ਸੈਨਿਕ ਕਾਰਵਾਈਆਂ ਤੋਂ ਹੋਣ ਵਾਲੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਬਾਰੇ ਕੋਈ ਪਾਰਦਰਸ਼ੀ ਅੰਕੜੇ ਉਪਲਬਧ ਨਹੀਂ ਹਨ, ਕਿਉਂਕਿ ਜੇ ਇਹ ਅੰਕੜੇ ਨਸ਼ਰ ਹੁੰਦੇ ਹਨ ਤਾਂ ਉਸ ਦੀ ਵਿਸ਼ਵ ਸੈਨਿਕ ਚੌਧਰ ਦੀ ਭਾਰੀ ਵਾਤਾਵਰਨਿਕ ਕੀਮਤ ਸਾਹਮਣੇ ਆ ਜਾਵੇਗੀ ਜੰਗ ਦੀ ਵਾਤਾਵਰਨਿਕ ਲਾਗਤ ਵਿੱਚ ਜੰਗ ਦੀ ਤਿਆਰੀ, ਹਥਿਆਰਾਂ ਦਾ ਨਿਰਮਾਣ, ਫ਼ੌਜੀ ਗਤੀਵਿਧੀਆਂ, ਜੰਗੀ ਤਬਾਹੀ ਅਤੇ ਜੰਗ ਮਗਰੋਂ ਹੋਣ ਵਾਲਾ ਮੁੜ-ਨਿਰਮਾਣ—ਸਭ ਕੁਝ ਸ਼ਾਮਲ ਹੁੰਦਾ ਹੈ। ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਨਿਕਾਸ ਨੂੰ ਮਾਪਣ ਲਈ ਇੱਕ ਪਾਰਦਰਸ਼ੀ ਪ੍ਰਣਾਲੀ ਤੁਰੰਤ ਲਾਗੂ ਕਰਨੀ ਚਾਹੀਦੀ ਹੈ। ਇਹ ਮਾਮਲਾ ਸਿਰਫ਼ ਰਵਾਇਤੀ ਹਥਿਆਰਾਂ ਤੱਕ ਹੀ ਸੀਮਤ ਨਹੀਂ, ਸਗੋਂ ਪ੍ਰਮਾਣੂ ਹਥਿਆਰਾਂ ਦਾ ਪ੍ਰੋਗਰਾਮ ਵਾਤਾਵਰਨ ਲਈ ਉਸ ਤੋਂ ਵੀ ਘਾਤਕ ਹੈ। ਲੰਬੀਆਂ ਚੱਲਦੀਆਂ ਜੰਗਾਂ ਕਾਰਨ ਪ੍ਰਮਾਣੂ ਤਾਕਤਾਂ ਵਿਚਕਾਰ ਸਿੱਧੇ ਟਕਰਾਅ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਇੱਥੋਂ ਤੱਕ ਕਿ ਹੋਰਮੁਜ਼ ਜਲਡਮਰੂ ਵਰਗੇ ਰਣਨੀਤਕ ਖੇਤਰਾਂ ਵਿੱਚ ਵੀ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਚਰਚਾਵਾਂ ਚਿੰਤਾ ਵਧਾ ਰਹੀਆਂ ਹਨ। 'ਇੰਟਰਨੈਸ਼ਨਲ ਫ਼ਿਜ਼ੀਸ਼ੀਅਨਜ਼ ਫ਼ਾਰ ਦ ਪ੍ਰੀਵੈਨਸ਼ਨ ਆਫ਼ ਨਿਊਕਲੀਅਰ ਵਾਰ' ਨੇ ਚਿਤਾਵਨੀ ਦਿੱਤੀ ਹੈ ਕਿ ਇੱਕ ਸੀਮਤ ਪ੍ਰਮਾਣੂ ਟਕਰਾਅ ਵੀ ਪੂਰੀ ਦੁਨੀਆ ਦੀ ਸਿਹਤ ਪ੍ਰਣਾਲੀ, ਖ਼ੁਰਾਕ ਸੁਰੱਖਿਆ ਅਤੇ ਮੌਸਮ ਚੱਕਰ ਨੂੰ ਤਹਿਸ-ਨਹਿਸ ਕਰ ਸਕਦਾ ਹੈ ਵੱਡੇ ਪੱਧਰ ਦੀ ਪ੍ਰਮਾਣੂ ਜੰਗ ਦੀ ਮਾਰ ਸਿਰਫ਼ ਜੰਗੀ ਮੈਦਾਨਾਂ ਤੱਕ ਸੀਮਤ ਨਹੀਂ ਰਹੇਗੀ; ਪ੍ਰਮਾਣੂ ਸਰਦੀ (ਨਿਊਕਲੀਅਰ ਵਿੰਟਰ), ਰੇਡੀਓਧਰਮੀ ਪ੍ਰਦੂਸ਼ਣ ਅਤੇ ਖੇਤੀਬਾੜੀ ਦੇ ਤਬਾਹ ਹੋਣ ਨਾਲ ਵਿਸ਼ਵ ਪੱਧਰ 'ਤੇ ਭੁੱਖਮਰੀ ਫੈਲੇਗੀ ਅਤੇ ਮਨੁੱਖੀ ਹੋਂਦ ਖ਼ਤਰੇ ਵਿੱਚ ਪੈ ਜਾਵੇਗੀ। ਇਸ ਲਈ ਪ੍ਰਮਾਣੂ ਨਿਸ਼ਸਤਰੀਕਰਨ ਨੂੰ ਕੇਵਲ ਸਿਆਸੀ ਮਸਲਾ ਨਹੀਂ, ਸਗੋਂ ਜਲਵਾਯੂ ਸੁਰੱਖਿਆ ਅਤੇ ਧਰਤੀ ਦੀ ਰਾਖੀ ਦਾ ਅਟੁੱਟ ਅੰਗ ਸਮਝਿਆ ਜਾਣਾ ਚਾਹੀਦਾ ਹੈ। ਜਲਵਾਯੂ ਪਰਿਵਰਤਨ ਨੂੰ ਅਕਸਰ ਸਿਰਫ਼ ਤਕਨੀਕੀ ਜਾਂ ਵਾਤਾਵਰਨਿਕ ਨਜ਼ਰੀਏ ਤੋਂ ਦੇਖਿਆ ਜਾਂਦਾ ਹੈ, ਪਰ ਅਸਲ ਵਿੱਚ ਇਹ ਰਾਜਨੀਤਕ ਤਰਜੀਹਾਂ ਦਾ ਮਸਲਾ ਹੈ। ਜਿਹੜੇ ਸਰੋਤ ਲੋਕਾਂ ਦੀ ਸਿਹਤ, ਗ਼ਰੀਬੀ ਦੇ ਖ਼ਾਤਮੇ, ਖ਼ੁਰਾਕ ਸੁਰੱਖਿਆ, ਨਵਿਆਉਣਯੋਗ ਊਰਜਾ ਅਤੇ ਜੰਗਲਾਂ ਦੀ ਸੰਭਾਲ 'ਤੇ ਖ਼ਰਚ ਹੋਣੇ ਚਾਹੀਦੇ ਹਨ, ਉਹ ਅਰਬਾਂ-ਖ਼ਰਬਾਂ ਡਾਲਰ ਹਥਿਆਰਾਂ ਦੇ ਅੰਬਾਰ ਲਾਉਣ 'ਤੇ ਬਰਬਾਦ ਕੀਤੇ ਜਾ ਰਹੇ ਹਨ ਅਸੀਂ ਜੰਗਾਂ ਵਿੱਚ ਜੰਗਲਾਂ, ਸ਼ਹਿਰਾਂ ਅਤੇ ਕੁਦਰਤੀ ਵਸੀਲਿਆਂ ਨੂੰ ਸਾੜ ਕੇ ਇਹ ਆਸ ਨਹੀਂ ਰੱਖ ਸਕਦੇ ਕਿ ਭਵਿੱਖ ਦੀ ਕੋਈ ਤਕਨਾਲੋਜੀ ਇਸ ਨੁਕਸਾਨ ਦੀ ਭਰਪਾਈ ਕਰ ਦੇਵੇਗੀ। ਦੁਨੀਆ ਭਰ ਵਿੱਚ ਫ਼ੌਜੀ ਖ਼ਰਚੇ ਆਸਮਾਨ ਛੂਹ ਰਹੇ ਹਨ, ਜਦਕਿ ਕਰੋੜਾਂ ਲੋਕ ਰੋਟੀ, ਕੱਪੜਾ, ਮਕਾਨ, ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ ਹੁਣ ਵੇਲਾ ਆ ਗਿਆ ਹੈ ਕਿ ਜਲਵਾਯੂ ਸੰਕਟ, ਪ੍ਰਮਾਣੂ ਖ਼ਤਰੇ ਅਤੇ ਸੈਨਿਕੀਕਰਨ ਦਾ ਸਾਹਮਣਾ ਇਕੱਠਿਆਂ ਕੀਤਾ ਜਾਵੇ। ਵਿਸ਼ਵ ਪੱਧਰ 'ਤੇ ਮੰਗ ਸਪੱਸ਼ਟ ਹੋਣੀ ਚਾਹੀਦੀ ਹੈ: ਸੈਨਿਕ ਕਾਰਵਾਈਆਂ ਤੋਂ ਹੁੰਦੇ ਕਾਰਬਨ ਨਿਕਾਸ ਨੂੰ ਜਨਤਕ ਕੀਤਾ ਜਾਵੇ, ਜੀਵਾਸ਼ਮ ਬਾਲਣ 'ਤੇ ਨਿਰਭਰਤਾ ਤੁਰੰਤ ਘਟਾਈ ਜਾਵੇ, ਅਤੇ ਕੂਟਨੀਤੀ ਰਾਹੀਂ ਜੰਗਾਂ ਰੋਕ ਕੇ ਸੈਨਿਕੀਕਰਨ ਦੇ ਸਰੋਤਾਂ ਨੂੰ ਮਨੁੱਖੀ ਭਲਾਈ ਤੇ ਧਰਤੀ ਦੀ ਸੁਰੱਖਿਆ ਵੱਲ ਮੋੜਿਆ ਜਾਵੇ।

# ਕੌਣ ਸੁਲਝਾਊ ਪੰਜਾਬ ਦੀ ਉਲਝੀ ਤਾਣੀ ?

ਦਰਬਾਰਾ ਸਿੰਘ ਕਾਹਲੋਂ

ਅੱਜ ਜਿੱਧਰ ਵੀ ਝਾਤ ਮਾਰੀਏ ਕਦੇ 'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਜਿਵੇਂ ਫ਼ੁੱਲਾਂ 'ਚੋਂ ਫ਼ੁੱਲ ਗੁਲਾਬ ਨੀ ਸਈਓ' ਵਜੋਂ ਜਾਣਿਆ ਜਾਂਦਾ ਇਹ ਪੰਜਾਬ ਹਰ ਪਾਸਿਓਂ ਬੁਰੀ ਤਰ੍ਹਾਂ ਵਲੂੰਧਰਿਆ ਨਜ਼ਰ ਆ ਰਿਹਾ ਹੈ। ਦੂਸਰੇ ਪਾਸੇ ਜਦੋਂ ਅਮਰੀਕਾ ਅਤੇ ਕੈਨੇਡਾ 'ਚ ਸ਼ਹਿਰਾਂ ਅਤੇ ਕਸਬਿਆਂ ਦੀ ਤਾਂ ਗੱਲ ਹੀ ਛੱਡੋ ,ਦੂਰ ਦਰਾਜ ਪਿੰਡਾਂ 'ਚ ਸਨਅਤਾਂ, ਵਪਾਰਕ ਅਦਾਰਿਆਂ, ਕਾਰੋਬਾਰਾਂ, ਆਵਾਜਾਈ ਅਤੇ ਸੰਚਾਰ ਸਾਧਨਾਂ ਦਾ ਜਾਲ ਵਿਛਿਆ ਵੇਖਦੇ ਹਾਂ, ਖੇਤਾਂ 'ਚ ਲਹਾਉਂਦੀਆਂ ਫ਼ਸਲਾਂ, ਉਹਨਾਂ ਦੀ ਉੱਤਮ ਮਾਰਕੀਟਿੰਗ ਅਤੇ ਸਾਂਭ ਸੰਭਾਲ ਦਾ ਆਧੁਨਿਕ ਪ੍ਰਬੰਧ ਦੇਖਦੇ ਹਾਂ ਤਾਂ ਅੱਖਾਂ ਨੀਰ ਨਾਲ ਭਰ ਆਉਂਦੀਆਂ ਹਨ ਕਿ ਜੇ ਪੰਜਾਬ ਅੰਗਰੇਜ਼ਾਂ ਅਤੇ ਹਿੰਦੁਸਤਾਨ ਦੀ ਬਸਤੀ ਨਾ ਬਣਿਆ ਹੁੰਦਾ ਤਾਂ ਅੱਜ ਵਿਸ਼ਵ ਦੇ ਵਿਕਸਿਤ ਦੇਸ਼ਾਂ ਦੀ ਮੋਹਰਲੀ ਕਤਾਰ 'ਚ ਖੜ੍ਹਾ ਵਿਖਾਈ ਦੇ ਸਕਦਾ ਸੀ। ਇਹ ਉਹ ਬਹਾਦਰੀ ਦਾ ਮੁਜਸਮਾ ਪੰਜਾਬ ਹੈ, ਜਿਸ ਨੇ ਵਿਸ਼ਵ ਜੇਤੂ ਸਿਕੰਦਰ ਮਹਾਨ ਨੂੰ ਇੱਥੋਂ ਵਾਪਸ ਪਰਤਣ ਲਈ ਮਜਬੂਰ ਕੀਤਾ ਸੀ। ਇਹ ਉਹ ਮਹਾਨ ਆਰਥਿਕ ਸ਼ਕਤੀ ਵਾਲਾ ਪੰਜਾਬ ਹੈ, ਜਿਸਦਾ ਰੁਪੱਈਆ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇੰਗਲੈਂਡ ਦੇ 13 ਪੌਂਡਾਂ ਬਰਾਬਰ ਸੀ ਪਰ ਸ਼ੇਰੇ ਪੰਜਾਬ ਦੀ ਮੌਤ ਤੋਂ ਬਾਅਦ ਉਸ ਦੇ ਨਲਾਇਕ ਉੱਤਰਾਧਿਕਾਰੀਆ ਅਤੇ ਦੇਸ਼ ਧਰੋਹੀ ਸਿੱਖ ਲੀਡਰਸ਼ਿਪ ਨੇ ਪਹਿਲਾਂ ਸੰਨ 1849 'ਚ ਅੰਗਰੇਜ਼ ਦੇ ਅਧੀਨ, ਫ਼ਿਰ ਦੂਰਅੰਦੇਸ਼ੀ ਰਹਿਤ ਲੀਡਰਸ਼ਿਪ ਨੇ 1947 'ਚ ਹਿੰਦੁਸਤਾਨ ਦੀ ਵੰਡ ਵੇਲੇ ਕਾਲੇ ਅੰਗਰੇਜ਼ਾਂ ਅਧੀਨ ਪਰੋਸ ਕੇ ਰੱਖ ਦਿੱਤਾ।

ਸਾਡਾ 100 ਫ਼ੀਸਦੀ ਪਰਪੱਕ ਦਾਅਵਾ ਹੈ ਕਿ ਜੇਕਰ ਅੱਜ ਪੰਜਾਬ ਦੇ ਹਵਾਲੇ ਇਸ ਦੀ ਰਾਜਧਾਨੀ ਚੰਡੀਗੜ੍ਹ ਕਰ ਦਿੱਤੀ ਜਾਵੇ ਤਾਂ ਇਸ ਰਾਜ ਦੀ ਸਲਾਨਾ ਆਮਦਨ 'ਚ 20 ਤੋਂ 25 ਪ੍ਰਤੀਸ਼ਤ ਵਾਧਾ ਹੋ ਜਾਵੇਗਾ ਕਿਉਂਕਿ ਹਰ ਰਾਜਧਾਨੀ ਕਿਸੇ ਵੀ ਦੇਸ਼ ਜਾਂ ਰਾਜ ਦੇ ਵਿਕਾਸ ਦੀ ਮੂਲ ਹਬ ਹੁੰਦੀ ਹੈ। ਜੇਕਰ ਅੱਜ ਪੰਜਾਬ ਦੇ ਪਾਕਿਸਤਾਨ ਦੀ 553 ਕਿਲੋਮੀਟਰ ਸਰਹੱਦ 'ਚ ਪੈਂਦੇ ਤਿੰਨੇ ਲਾਂਘੇ ਵਾਹਗਾ (ਅਟਾਰੀ ), ਹੁਸੈਨੀਵਾਲਾ ਤੇ ਸ੍ਰੀ ਕਰਤਾਰਪੁਰ ਸਾਹਿਬ ਖੋਲ੍ਹ ਦਿੱਤੇ ਜਾਣ ਤਾਂ ਇਸ ਦੀ ਸਲਾਨਾ ਆਮਦਨ 'ਚ 35 ਪ੍ਰਤੀਸ਼ਤ ਵਾਧਾ ਹੋ ਸਕਦਾ ਹੈ। ਜੋ ਮੁਕੇਸ਼ ਅੰਬਾਨੀ ਅਮਰੀਕਾ 'ਚ ਵਿਸ਼ਵ 'ਚ ਸਭ ਤੋਂ ਵੱਡੀ ਰਿਫ਼ਾਇਨਰੀ ਅਤੇ ਇਸਾਰ ਗਰੁੱਪ ਸਭ ਤੋਂ ਵੱਡਾ ਸਟੀਲ ਪਲਾਂਟ ਲਗਾ ਰਿਹਾ ਹੈ ਜੇਕਰ ਉਹ ਅਜਿਹੀਆਂ ਵੱਡੀਆਂ ਸਨਅਤਾਂ ਪੰਜਾਬ 'ਚ ਲਗਾਉਣ ਲਈ ਰਾਜ਼ੀ ਹੋ ਜਾਣ ਤਾਂ ਪੰਜਾਬ ਮੁੜ ਹਿੰਦੁਸਤਾਨ ਦਾ ਨੰਬਰ ਪ੍ਰਤੀ ਜੀਅ ਆਮਦਨ ਪੱਖੋਂ ਨੰਬਰ ਇੱਕ ਸੂਬਾ ਬਣ ਸਕਦਾ ਹੈ।



ਦਰਅਸਲ, ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਨੇ ਜਦੋਂ ਜਨਵਰੀ 2003 'ਚ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਸਮੇਤ ਪਹਾੜੀ ਰਾਜਾਂ ਨੂੰ ਵਿਸ਼ੇਸ਼ ਸਨਅਤੀ ਪੈਕੇਜ ਦਾ ਐਲਾਨ ਕੀਤਾ ਤਾਂ ਪੰਜਾਬ ਅੰਦਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਰਹੱਦੀ ਅਤੇ ਅਤੀ ਸੰਵੇਦਨਸ਼ੀਲ ਪੰਜਾਬ ਰਾਜ ਲਈ ਆਪਣੇ ਹੱਕ ਵਜੋਂ ਵਿਸ਼ੇਸ਼ ਸਨਅਤੀ ਪੈਕਜ ਲੈਣ ਲਈ ਦਬਾਅ ਬਣਾਉਣੋ ਬੁਰੀ ਤਰ੍ਹਾਂ ਨਾਕਾਮ ਰਹੀ। ਇਸ ਸਬੰਧੀ ਮੁਜੱਫ਼ਰ ਰਜਮੀ ਦੀਆਂ ਇਹ ਲਾਈਨਾਂ ਖ਼ੂਬ ਢੁਕਦੀਆਂ ਹਨ: 'ਯੇ ਜਬਰ ਵੀ ਦੇਖਾ ਹੈ ਤਾਰੀਖ ਕੀ ਨਜ਼ਰੋਂ ਨੇ, ਲਮਹੋ ਨੇ ਖਤਾ ਕੀ ਥੀ ਸਦੀਓ ਨੇ ਸਜ਼ਾ ਪਾਈ।

ਕੇਂਦਰ ਸਰਕਾਰ ਦੀ ਅਣਦੇਖੀ ਤੇ ਕੈਪਟਨ ਅਮਰਿੰਦਰ ਸਰਕਾਰ ਦੀ ਨਾਕਾਮੀ ਕਰ ਕੇ ਅੱਜ ਪੰਜਾਬ ਲਗਾਤਾਰ ਪਿਛਲੇ 23 ਸਾਲਾਂ ਤੋਂ ਸਨਅਤੀ ਪੈਕਜ ਦੀ ਅਣਹੋਂਦ ਕਰ ਕੇ ਨਾ ਸਿਰਫ਼ ਬਹੁਤ ਵੱਡਾ ਨੁਕਸਾਨ ਉਠਾ ਰਿਹਾ ਹੈ ਸਗੋਂ ਪੰਜਾਬੀ ਨੌਜਵਾਨ ਬੇਰੁਜ਼ਗਾਰੀ ਦੀ ਚੱਕੀ 'ਚ ਬੁਰੀ ਤਰ੍ਹਾਂ ਪਿਸ ਰਿਹਾ ਹੈ। ਦੂਸਰੇ ਪਾਸੇ ਹਰਿਆਣਾ ਪ੍ਰਦੇਸ਼ ਦੀ ਅਣਐਲਾਨੀ ਰਾਜਧਾਨੀ ਵਜੋਂ ਗੁਰੂਗ੍ਰਾਮ ਨੂੰ ਵਿਕਸਿਤ ਕਰਨ 'ਚ ਕੇਂਦਰ ਸਰਕਾਰਾਂ ਨੇ ਖੁੱਲ੍ਹੇ ਦਿਲ ਨਾਲ ਮਦਦ ਕਰ ਕੇ ਉਸ ਨੂੰ ਦੇਸ਼ ਦੀਆਂ ਮੋਹਰਲੀਆਂ ਸੂਬਾ ਸਰਕਾਰਾਂ ਦੀ ਕਤਾਰ 'ਚ ਖੜਾ ਕਰ ਦਿੱਤਾ ਹੈ।

ਕਰੀਬ 12 ਸਾਲਾ ਸਰਕਾਰੀ ਤੇ ਗੈਰ ਸਰਕਾਰੀ ਅੱਤਵਾਦ ਦੀ ਮਾਰ ਨਾਲ ਬੁਰੀ ਤਰ੍ਹਾਂ ਆਰਥਿਕ ਤੌਰ 'ਤੇ ਤੁੰਬੇ ਪੰਜਾਬ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਜਾਂ ਗਠਜੋੜ ਸਰਕਾਰਾਂ ਨੇ ਮੁੜ ਪੈਰੀ ਖੜ੍ਹਾ ਕਰਨ ਲਈ ਅਜੇ ਤੱਕ ਕੋਈ ਵੀ ਆਰਥਿਕ, ਵਪਾਰਕ, ਸਨਅਤੀ, ਖੇਤੀ, ਤਕਨੀਕੀ ਅਤੇ ਵਿਦਿਅਕ ਨੀਤੀ ਬਣਾਉਣ ਦਾ ਉਪਰਾਲਾ ਨਹੀਂ ਕੀਤਾ। ਬਸ ਸੱਤਾ ਅਤੇ ਸੱਤਾ ਪ੍ਰਾਪਤੀ ਬਾਅਦ ਪੰਜਾਬ ਨੂੰ ਦੋਹੀ ਦੋਹੀ ਹੱਥੀਂ ਲੁੱਟਣ, ਕੁੱਟਣ, ਸ਼ੋਸ਼ਣ ਕਾਰਨ ਅਤੇ ਇਸ ਦੇ ਕੁਦਰਤੀ ਸਰੋਤਾ ਨੂੰ ਨਾਜਾਇਜ਼ ਲਾਭਾਂ ਲਈ ਬਰਬਾਦ ਕਰਨ ਲਈ ਪੰਜਾਬ ਦੇ ਬਾਬੇ ਨਾਨਕ ਦੇ ਕਿਰਤ ਸਭਿਆਚਾਰ ਨੂੰ ਸਮਰਪਿਤ ਲੋਕਾਂ ਨੂੰ ਅਣਮੰਗੀਆਂ ਮੁਫ਼ਤਖੋਰੀਆਂ ਦੀ ਦਲਦਲ 'ਚ ਅਜਿਹਾ ਫ਼ਸਾ ਕੇ ਰੱਖਿਆ ਕਿ ਉਹ ਆਪਣੇ ਹੱਕਾਂ ਤੇ ਹਿੱਤਾਂ ਲਈ ਸੰਘਰਸ਼ ਕਰਨਾ ਵੀ ਭੁੱਲ ਗਏ। 1997 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਕਿਸੇ ਵਰਗ, ਜਾਤ, ਰੰਗ, ਫ਼ਿਰਕੇ ਜਾਂ ਖੇਤਰ ਦੇ ਲੋਕਾਂ ਨੂੰ ਉਨ੍ਹਾਂ ਦਾ ਅਤੇ ਉਹਨਾਂ ਦੀਆਂ ਭਵਿੱਖੀ ਪੀੜੀਆਂ ਦਾ ਭਵਿੱਖ ਨਿਗਲਣ ਵਾਲੀਆਂ ਮੁਫ਼ਤਖੋਰੀਆਂ ਦਾ ਚਿਤ-ਚੇਤਾ ਵੀ ਨਹੀਂ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਸਰਕਾਰਾਂ ਤੋਂ ਕਿਸੇ ਨੇ ਮੁਫ਼ਤਖੋਰੀਆਂ ਦੀ ਮੰਗ ਨਹੀਂ ਸੀ ਕੀਤੀ। ਪੰਜਾਬ ਅੰਦਰ ਲੈਂਡ, ਸੈਂਡ, ਸ਼ਰਾਬ, ਨਸ਼ਾ, ਫ਼ਿਰੌਤੀਬਾਜ ਗੈਂਗਸਟਰਵਾਦੀ, ਭ੍ਰਿਸ਼ਟਾਚਾਰਵਾਦੀ ਤਾਕਤਵਰ ਗਰੋਹ ਸਰਕਾਰਾਂ ਦੁਆਰਾ ਅਪਰਾਧਿਕਤਾ ਦੀ ਦੇਣ ਹਨ।

ਕੇਂਦਰ ਸਰਕਾਰਾਂ ਨੇ ਲਗਾਤਾਰ ਨਾ ਸਿਰਫ਼ ਪੰਜਾਬ ਨਾਲ ਬਸਤੀਵਾਦੀ ਵਿਵਹਾਰ ਕਰਦਿਆਂ ਇਸ ਦੀ ਰਾਜਧਾਨੀ, ਪੰਜਾਬੀ ਭਾਸ਼ੀ ਇਲਾਕੇ, ਦਰਿਆਈ ਪਾਣੀ ਤੇ ਹੈੱਡਵਰਕਸ ਖੋਹੇ ਸਗੋਂ 553 ਕਿਲੋਮੀਟਰ ਸਰਹੱਦ ਦੇ ਨਾਲ ਲੱਗਦੇ 50 ਕਿਲੋਮੀਟਰ ਤੱਕ ਦੇ ਇਲਾਕੇ ਸਿੱਧੇ ਸੁਰੱਖਿਆ ਕਾਰਨ ਦੇ ਢੁਚਰ ਰਾਹੀ ਆਪਣੇ ਅਧੀਨ ਕਰ ਲਏ ਪਰ ਨਸ਼ੀਲੇ ਪਦਾਰਥਾਂ ਦੀ ਘਰ-ਘਰ ਵਿਕਰੀ, ਗੈਂਗਸਟਰਵਾਦ, ਫ਼ਿਰੌਤੀਆਂ ਅਤੇ ਸੰਗੀਨ ਅਪਰਾਧ ਲਗਾਤਾਰ ਇੰਨਾ ਖੇਤਰਾਂ ਦਾ ਮਾਡਲ ਬਣੇ ਪਏ ਹਨ। ਇਹਨਾਂ ਖੇਤਰਾਂ ਨੂੰ ਵਿਕਸਿਤ ਕਰਨ ਲਈ ਉਹਨਾਂ ਨੇ ਕਿਸੇ ਵੀ ਤਰ੍ਹਾਂ ਦਾ ਖੇਤੀ, ਵਿਦਿਅਕ, ਸਨਅਤੀ, ਮੂਲ ਢਾਂਚੇ ਸਬੰਧੀ ਵਿਕਾਸ ਅਤੇ ਇਸ ਖੇਤਰ ਦੇ ਨੌਜਵਾਨਾਂ ਲਈ ਕੇਂਦਰੀ ਸੁਰੱਖਿਆ ਏਜੰਸੀਆਂ 'ਚ ਵਿਸ਼ੇਸ਼ ਭਰਤੀ ਦਾ ਕੋਈ ਪ੍ਰੋਗਰਾਮ ਚਾਲੂ ਨਹੀਂ ਕੀਤਾ। ਉਲਟਾ ਇਹ ਖੇਤਰ ਅਫ਼ਰੀਕਨ ਦੇਸ਼ਾਂ ਵਾਂਗ ਪੱਛੜਿਆ ਇਲਾਕਾ ਬਣ ਕੇ ਰਹਿ ਗਿਆ।

2022 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੇ ਅਕਾਲੀ ਭਾਜਪਾ ਗਠਜੋੜ ਅਤੇ ਕਾਂਗਰਸ ਪਾਰਟੀ ਸਬੰਧਿਤ ਸਰਕਾਰਾਂ ਤੋਂ ਦੁਖੀ ਦੇਸ਼ ਵਿਦੇਸ਼ ਦੇ ਪੰਜਾਬੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਦੇ ਅਜਿਹੇ ਕਾਇਲ ਹੋਏ ਕਿ ਉਹਨਾਂ ਕੁੱਲ 117 ਹਲਕਿਆਂ 'ਚੋਂ 92 'ਤੇ ਜਿਤਾ ਕੇ ਭਗਵੰਤ ਮਾਨ ਦੀ ਅਗਵਾਈ 'ਚ ਕਿਸੇ ਰੰਗਲੇ ਪੰਜਾਬ ਦਾ ਸੁਪਨਾ ਸਜਾਇਆ।

ਅੱਜ ਪੰਜਾਬ ਅਜੀਬ ਰਾਜਨੀਤਿਕ ਗਰਦਸ਼ ਦੀ ਜਕੜ 'ਚ ਫ਼ਸਿਆ ਨਜ਼ਰ ਆ ਰਿਹਾ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਖੜ੍ਹੀਆਂ ਹਨ। ਕਾਂਗਰਸ ਹਾਈ ਕਮਾਨ ਵੱਲੋਂ ਹਾਕੀ ਉਲੰਪਿਕਸ ਕਪਤਾਨ ਪ੍ਰਗਟ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਚੁਣਨ ਬਾਅਦ ਵੀ ਇਕਜੁੱਟ ਨਹੀਂ ਦਿਸ ਰਹੀ। ਪੰਜਾਬ ਅੰਦਰ ਜਨਤਕ ਆਧਾਰਹੀਨ ਭਾਜਪਾ ਸੱਤਾ ਦੇ ਦਾਅਵੇ ਠੋਕ ਰਹੀ ਹੈ। ਐਸੀ ਰਾਜਨੀਤਿਕ ਗਰਦਿਸ਼ ਭਰੀ ਸਥਿਤੀ 'ਚ ਦੇਖੋ ਕਿਹੜਾ ਹਾਲੋ-ਬੇਹਾਲ ਹੋਏ ਪੰਜਾਬ ਨੂੰ ਸੰਭਾਲ ਸਕੇਗਾ। ਇਹ ਤਾਂ ਰੱਬ ਹੀ ਜਾਣਦਾ ਹੈ।

(ਲੇਖਕ ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ ਹਨ )

# ਅਜੇ ਵੀ ਬਾਕੀ ਹੈ ਉਮੀਦ

ਜਸਪਾਲ ਲੋਹਾਮ

ਅੰਤਰਰਾਸ਼ਟਰੀ ਪੱਧਰ 'ਤੇ ਨਸ਼ਿਆਂ ਦਾ ਕਾਰੋਬਾਰ ਫੈਲਿਆ ਹੋਇਆ ਹੈ ਪਰ ਇਸ ਨੂੰ ਪੰਜਾਬ ਦੇ ਨਾਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਜਦੋਂ ਕਿ ਇਹ ਸਮੱਸਿਆ ਇਕੱਲੇ ਪੰਜਾਬ ਦੀ ਨਹੀਂ ਸਮੁੱਚੇ ਦੇਸ਼ ਦੀ ਹੈ ਇਸ ਕਾਰੋਬਾਰ ਵਿੱਚ ਛੋਟੇ ਵੱਡੇ ਕਾਰੋਬਾਰੀ ਜੁੜੇ ਹੋਏ ਹਨ। ਇਹ ਤਕੜਾ ਮੱਕੜ ਜਾਲ ਹੈ ਅਜੇ ਤੱਕ ਇਸ ਦੀ ਪਕੜ ਨਹੀਂ ਬਣੀ। ਇਹ ਵੱਖ ਵੱਖ ਦੇਸ਼ਾਂ ਦੀ ਕਹਾਣੀ ਹੈ ਅਤੇ ਵਿਕਸਿਤ ਦੇਸ਼ ਵੀ ਇਸ ਦੀ ਲਪੇਟ ਵਿੱਚ ਹਨ। ਅਜਿਹੇ ਕੰਮ ਕਰਨ ਵਾਲੇ ਲੋਕਾਂ ਨੂੰ ਫ਼ੜ ਕੇ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਹਨ ਪਰ ਫਿਰ ਵੀ ਉਹ ਬਾਹਰ ਆ ਕੇ ਉਸੇ ਤਰਾਂ ਦਾ ਕੰਮ ਜਾਰੀ ਰੱਖਦੇ ਹਨ। ਜਿਹੜੇ ਇਸ ਕਾਰੋਬਾਰ ਦਾ ਪਰਦਾਫਾਸ਼ ਕਰਦੇ ਹਨ। ਉਹ ਲੋਕ ਕਾਰੋਬਾਰੀਆਂ ਨਸ਼ਾ ਤਸਕਰਾਂ ਦਾ ਸ਼ਿਕਾਰ ਹੋ ਜਾਂਦੇ ਹਨ । ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਨਸ਼ੇ ਪਹੁੰਚਦੇ ਹਨ ਇਹ ਜਾਣਕਾਰੀ ਸੋਸ਼ਲ ਮੀਡੀਆ ਦੇ ਪਲੇਟਫਾਰਮ 'ਤੇ ਮਿਲਦੀ ਰਹਿੰਦੀ ਹੈ। ਇਹਨਾਂ ਨੇ ਆਮ ਨੌਜਵਾਨ ਬੱਚਿਆਂ ਨੂੰ ਆਪਣੀ ਚੁੰਗਲ ਵਿੱਚ ਫ਼ਸਾਇਆ ਹੋਇਆ ਹੈ ਅਤੇ ਇਹ ਸਾਡੇ ਬੱਚਿਆਂ ਨੂੰ ਘੁਣ ਵਾਂਗ ਖਾ ਰਿਹਾ।




ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਉਹਨਾਂ ਨੂੰ ਖੇਡਾਂ ਵੱਲ ਲਾਇਆ ਜਾਵੇ। ਪੇਂਡੂ ਅਤੇ ਸ਼ਹਿਰੀ ਖੇਡ ਕਲੱਬ ਵੀ ਆਪਣਾ ਅਹਿਮ ਯੋਗਦਾਨ ਪਾ ਸਕਦੀਆਂ ਹਨ। ਉਹ ਕਈ ਘੰਟੇ ਗਰਾਉਂਡ ਵਿੱਚ ਖੇਡਣ। ਸਰਕਾਰ ਅਤੇ ਸਮਾਜਿਕ ਸੰਸਥਾਵਾਂ ਵੀ ਵਧੀਆ ਕਾਰਜ ਨਿਭਾ ਸਕਦੀਆਂ ਹਨ। ਇਹ ਕੰਮ ਇਕੱਲੇ ਕਿਸੇ ਦਾ ਨਹੀਂ ਇਹ ਸਭ ਦਾ ਸਾਂਝਾ ਹੈ। ਆਮ ਜਨਤਾ, ਪੁਲਿਸ ਅਤੇ ਸਰਕਾਰ ਆਪਣੇ ਆਪਣੇ ਕਾਰਜ ਕਰਕੇ ਬੇਹਤਰ ਨਤੀਜੇ ਲਿਆ ਸਕਦੇ ਹਨ। ਪੁਰਾਣੀ ਦੰਦ ਕਥਾ ਹੈ ਕਿ ਕਿਸੇ ਨਾਲ ਦੁਸ਼ਮਣੀ ਕੱਢਣੀ ਹੋਵੇ ਤਾਂ ਉਹਨਾਂ ਦੇ ਬੱਚਿਆਂ ਨੂੰ ਮਾੜੇ ਕੰਮਾਂ ਵੱਲ ਲਗਾ ਦਿਓ, ਨਸ਼ੇ ਤੇ ਲਾ ਦਿਓ। ਪਰ ਇਹ ਸੋਚ ਸਿਰੇ ਦੀ ਮਾੜੀ ਹੈ। ਨਸ਼ੇ ਦਾ ਸ੍ਰੋਤ, ਵੇਚਣ ਵਾਲਾ ਅਤੇ ਖਰੀਦਣ ਵਾਲਾ ਵੀ ਇੱਕ ਲੰਬੀ ਲੜੀ ਹੈ ਇਸ ਲੜੀ ਦਾ ਖਾਤਮਾ ਕਰਨ ਦੀ ਲੋੜ ਹੈ। ਇਸ ਵਿੱਚੋਂ ਕਿਸੇ ਇੱਕ ਨੂੰ ਖਦੇੜ ਕੇ ਇਸ ਲੜੀ ਦਾ ਖਤਮਾ ਕੀਤਾ ਜਾ ਸਕਦਾ ਹੈ । ਸ਼ਰਾਬ ਵੀ ਇੱਕ ਨਸ਼ਾ ਹੈ ਘਰ ਕੋਈ ਮਹਿਮਾਨ ਆ ਜਾਵੇ ਤਾਂ ਫਿਰ ਦਾਰੂ ਨਾਲ ਸੇਵਾ ਕੀਤੀ ਜਾਂਦੀ ਹੈ ਇਹ ਕੈਸੀ ਮਹਿਮਾਨ ਨਿਵਾਜ਼ੀ ਹੈ। ਮੈਡੀਕਲ ਨਸ਼ਾ ਗੋਲੀਆਂ, ਕੈਪਸੂਲ, ਸਿਰਪ ਅਤੇ ਟੀਕੇ ਬਹੁਤ ਮਾੜੇ ਨਸ਼ੇ ਹਨ। ਅਫ਼ੀਮ, ਪੋਸਤ ਅਤੇ ਚਿੱਟਾ ਵੀ ਸਿਰੇ ਦੇ ਘਾਤਕ ਹਨ। ਚਿੱਟਾ ਤਾਂ ਬੰਦੇ ਦੇ ਲਹੂ ਨੂੰ ਹੀ ਚਿੱਟਾ ਕਰ ਦਿੰਦਾ ਹੈ। ਨਸ਼ਾ ਕੋਈ ਵੀ ਹੋਵੇ ਉਹ ਚੰਗਾ ਨਹੀਂ ਹੁੰਦਾ। ਜਿਸ ਕਿਸੇ ਕੋਲ ਤਿੰਨ ਗ੍ਰਾਮ ਨਸ਼ਾ ਵੀ ਹੈ ਉਹ ਵੀ ਕਾਨੂੰਨ ਦੇ ਘੇਰੇ ਵਿੱਚ ਆਉਂਦਾ ਹੈ ਤੇ ਉਹਨਾਂ ਲਈ ਕਾਨੂੰਨੀ ਸਜ਼ਾ ਵੀ ਉਪਲਬਧ ਹੈ। ਕਿਸੇ ਵੀ ਨਸ਼ੇ ਦੀ ਲਗਾਤਾਰ ਵਰਤੋਂ ਕਰਨ ਨਾਲ ਵਿਅਕਤੀ ਨਸ਼ੇ ਦਾ ਆਦੀ ਹੋ ਜਾਂਦਾ ਹੈ ਅਤੇ ਆਖਿਰਕਾਰ ਨਸ਼ੱਈ ਬਣ ਜਾਂਦਾ ਹੈ। ਬੱਚੇ, ਕਿਸ਼ੋਰ ਅਤੇ ਨੌਜਵਾਨਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਉਹਨਾਂ ਨੂੰ ਸੁਧਾਰਨ ਦੀ ਜਰੂਰਤ ਹੈ । ਉਹਨਾਂ ਵਿੱਚ ਲੀਡਰਸ਼ਿਪ ਦੇ ਗੁਣ ਭਰਨ ਦੀ ਲੋੜ ਹੈ ।

ਅੱਲ੍ਹੜ ਬੱਚਿਆਂ 'ਤੇ ਆਪਣੇ ਯਾਰਾਂ ਦੋਸਤਾਂ ਦਾ ਬੜਾ ਪ੍ਰਭਾਵ ਹੁੰਦਾ ਹੈ । ਕਈ ਵਾਰ ਨਸ਼ੱਈ ਆਪਣੀ ਯਾਰੀ ਦਾ ਵਾਸਤਾ ਪਾ ਕੇ ਨਸ਼ਾ ਕਰਨ ਲਈ ਜ਼ੋਰ ਪਾਉਂਦੇ ਹਨ। ਜਿਹੜੇ ਬੱਚੇ ਨਾ ਕਹਿਣਾ ਜਾਣਦੇ ਹਨ ਸਿਰਫ ਉਹ ਆਪਣੇ ਦੋਸਤਾਂ ਨੂੰ ਨਾ ਕਹਿ ਕੇ ਆਪਣੇ ਆਪ ਨੂੰ ਬਚਾ ਲੈਂਦੇ ਹਨ । ਜਿਹੜੇ ਨਾ ਨਹੀਂ ਕਹਿੰਦੇ ਹਾਂ ਕਰਦੇ ਹਨ ਉਹ ਨਸ਼ਿਆਂ ਦੇ ਦਰਿਆ ਵਿਚ ਵਹਿ ਪੈਂਦੇ ਹਨ । ਸਭ ਨੂੰ ਪਤਾ ਹੈ ਕਿ ਨਸ਼ਾ ਕਰਨ ਵਾਲੇ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ ਅਤੇ ਆਖਿਰਕਾਰ ਉਹ ਮੌਤ ਦੇ ਘੇਰੇ 'ਚ ਆ ਜਾਂਦਾ ਹੈ । ਥੋੜੇ ਸਮੇਂ ਵਿਚ ਉਹ ਜ਼ਿੰਦਗੀ ਤੋਂ ਹੱਥ ਧੋ ਲੈਂਦਾ ਹੈ । ਸਕੂਲਾਂ ਵਿੱਚ ਅਧਿਆਪਕ ਸਵੇਰ ਦੀ ਸਭਾ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਦੇ ਹਨ ਉਹਨਾਂ ਦਾ ਇਹ ਉਪਰਾਲਾ ਬਹੁਤ ਵਧੀਆ ਹੈ ।

ਮਾਪੇ ਵੀ ਚਾਹੁੰਦੇ ਹਨ ਕਿ ਸਾਡਾ ਬੱਚਾ ਨਸ਼ਿਆਂ ਤੋਂ ਨਿਰਲੇਪ ਹੋਵੇ। ਬੁੱਧੀਜੀਵੀ ਵਰਗ ਵੀ ਇਸ ਵਿਸ਼ੇ 'ਤੇ ਚਿੰਤਤ ਹਨ । ਗੱਲ ਕੀ ਸਮੁੱਚਾ ਪੰਜਾਬ ਹੀ ਦੁਖੀ ਹੈ । ਜਦੋਂ ਕੋਈ ਵੀ ਬੰਦਾ ਇਹ ਕਹਿੰਦਾ ਕਿ ਤੁਹਾਡਾ ਬੱਚਾ ਨਸ਼ਾ ਕਰਦਾ ਹੈ ਉਹਦੀ ਚਿੰਤਾ ਕਰੋ। ਇਹ ਗੱਲ ਸੁਣ ਕੇ ਆਪਣੇ ਬੱਚੇ ਨੂੰ ਸੁਧਾਰਨ ਦੀ ਥਾਂ ਸੱਚ ਦੱਸਣ ਵਾਲੇ ਨੂੰ ਹੀ ਬੁਰਾ ਭਲਾ ਕਹਿੰਦੇ ਹਨ। ਜਦੋਂ ਕਿ ਸਭ ਨੂੰ ਪਤਾ ਹੈ ਕਿ ਨਸ਼ੱਈ ਦਾ ਹਸ਼ਰ ਮਾੜਾ ਹੁੰਦਾ ਹੈ ਪਰ ਅਸਲ ਵਿੱਚ ਮਾਪੇ ਆਪਣੇ ਬੱਚਿਆਂ ਦੀਆਂ ਆਪ ਹੁਦਰੀਆਂ ਤੇ ਖੁਦ ਪਰਦਾ ਪਾਉਂਦੇ ਹਨ ਤੇ ਇਹ ਗੱਲ ਹੱਲਾਸ਼ੇਰੀ ਵੀ ਬਣ ਜਾਂਦੀ ਹੈ । ਇਸ ਨੂੰ ਠੱਲ ਪਾਉਣ ਵਾਸਤੇ ਸਾਰਥਿਕ ਕਦਮ ਚੁੱਕੇ ਜਾਣੇ ਚਾਹੀਦੇ ਹਨ। ਪਹਿਲੀ ਗੱਲ ਨਸ਼ੇ ਦੀ ਮੰਗ ਜੇ ਇਹ ਘਟ ਜਾਵੇ ਸਭ ਕੁੱਝ ਠੀਕ ਹੋ ਸਕਦਾ ਹੈ । ਇਸ ਨੂੰ ਠੱਲ ਪਾਉਣ ਲਈ ਸਾਰੇ ਵਰਗ ਆਪਣੇ ਬੱਚਿਆਂ ਪੁੱਤਰਾਂ ਅਤੇ ਵਿਦਿਆਰਥੀਆਂ ਨੂੰ ਸਮਝਾਉਣ ਤੇ ਨਸ਼ੇ ਨੂੰ ਨਾਂਹ ਕਰਨ। ਨਸ਼ੱਈ, ਸਮਗਲਰਾਂ ਅਤੇ ਮਾੜੇ ਅਨਸਰਾਂ ਤੋਂ ਕਿਨਾਰਾਕਸ਼ੀ ਕੀਤੀ ਜਾਵੇ। ਮਾੜੇ ਦੋਸਤਾਂ ਦਾ ਖਹਿੜਾ ਛੱਡ ਦਿੱਤਾ ਜਾਵੇ। ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਪੈੜਾਂ ਦਾ ਖਿਆਲ ਰੱਖਣਾ ਚਾਹੀਦਾ ਹੈ, ਸਮੇਂ ਸਮੇਂ ਤੇ ਉਹਨਾਂ ਨੂੰ ਚੈੱਕ ਕੀਤਾ ਜਾਵੇ । ਉਹਦੇ ਦੋਸਤ ਕਿਹੜੇ ਕਿਹੜੇ ਹਨ ? ਉਹ ਕਿਹੋ ਜਿਹੇ ਹਨ ? ਕਿਤੇ ਬੱਚੇ ਲੁਟੇਰੇ ਤਾਂ ਨਹੀਂ ਹਨ ? ਨਸ਼ੇ ਤਾਂ ਨਹੀਂ ਕਰਦੇ ? ਵਧੇਰੇ ਸਮਾਂ ਕਿੱਥੇ ਬਤੀਤ ਕਰਦੇ ਹਨ ? ਜਦੋਂ ਘਰ ਆਉਂਦੇ ਹਨ। ਮੂੰਹ ਵਿੱਚੋਂ ਕੋਈ ਬਦਬੂ ਤਾਂ ਨਹੀਂ ਆਉਂਦੀ ? ਉਹ ਝੂਲਦਾ ਤਾਂ ਨਹੀਂ ? ਉਹ ਅੱਖਾਂ ਤਾਂ ਹੋਰ ਤਰ੍ਹਾਂ ਨਹੀਂ ਕਰਦਾ। ਉਹਦਾ ਪੂਰਾ ਧਿਆਨ ਰੱਖੋ। ਬੱਚੇ ਨੂੰ ਚੰਗੀ ਤਰਾਂ ਚੈੱਕ ਕਰੋ । ਬੱਚੇ ਦੇ ਗਲਤ ਕੰਮਾਂ ਵਿਚ ਸਾਥ ਨਾ ਦਿਓ। ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰੋ । ਸਭ ਨੂੰ ਜਾਗਰੂਕ ਹੋਣ ਦੀ ਲੋੜ ਹੈ। ਬੱਚੇ ਨੂੰ ਚੰਗੀ ਮਾੜੀ ਦੀ ਜਾਂਚ ਕਰਨਾ ਸਿਖਾਓ। ਉਹਦੇ ਨਾਲ ਦੋਸਤਾਂ ਵਾਂਗ ਸਬੰਧ ਬਣਾਏ ਜਾਣ। ਯਾਦ ਰੱਖੋ ਨਸ਼ੇ ਨੂੰ ਨਫਰਤ ਕਰਨੀ ਹੈ, ਨਸ਼ੱਈ ਨੂੰ ਨਹੀਂ।

ਨੌਜਵਾਨ ਨਸ਼ੇ ਦੀ ਲੱਤ ਲੱਗਣ ਕਾਰਨ ਪੈਸੇ ਦੀ ਮੰਗ ਕਰਦੇ ਹਨ ਉਹ ਪਹਿਲਾਂ ਘਰੋਂ ਚੋਰੀ ਕਰਦੇ ਹਨ ਫਿਰ ਜਦੋਂ ਘਰੋਂ ਪੈਸੇ ਨਹੀਂ ਮਿਲਦੇ ਮਾਪਿਆਂ ਦੇ ਮੰਗਦੇ ਹਨ। ਜਦੋਂ ਮਾਪੇ ਪੈਸੇ ਨਹੀਂ ਦਿੰਦੇ ਹਨ ਤਾਂ ਮਾਂ ਬਾਪ ਦੀ ਕੁੱਟਮਾਰ ਕਰਦੇ ਹਨ। ਇਥੇ ਹੀ ਗੱਲ ਮੁੱਕਦੀ ਨਹੀਂ ਇਸ ਤੋਂ ਅੱਗੇ ਰਾਹ ਜਾਂਦੇ ਰਾਹਗੀਰਾਂ ਨੂੰ ਲੁੱਟਦੇ ਹਨ ਤੇ ਫਿਰ ਇਸ ਰਕਮ ਨਾਲ ਆਪਣੇ ਨਸ਼ੇ ਦੀ ਪੂਰਤੀ ਕਰਦੇ ਹਨ। ਇੱਕ ਸਰਿੰਜ ਨਾਲ ਕਈ ਕਈ ਨਸ਼ੇ ਨਾਲੇ ਟੀਕੇ ਲਗਾ ਕੇ ਲਾਇਲਾਜ ਬਿਮਾਰੀ ਨੂੰ ਸੱਦਾ ਦਿੰਦੇ ਹਨ। ਨਸ਼ਾ ਚੰਗੇ ਭਲੇ ਸਰੀਰ ਦਾ ਘਾਣ ਕਰ ਦਿੰਦਾ ਹੈ । ਸਮਾਜ ਵਿੱਚ ਹਿੰਸਕ ਘਟਨਾਵਾਂ, ਅਪਰਾਧ, ਬੇਰੁਜ਼ਗਾਰੀ ਅਤੇ ਗਰੀਬੀ ਨੇ ਆਪਣੇ ਪੈਰ ਪਸਾਰ ਲਏ ਹਨ । ਇਸ ਕਰਕੇ ਇੱਕ ਗੁੰਝਲਦਾਰ ਮਾਹੌਲ ਸਿਰਜਿਆ ਪਿਆ ਹੈ। ਬੱਚਿਆਂ ਨੂੰ ਸਖ਼ਤੀ ਨਾਲ ਨਹੀਂ, ਪਿਆਰ, ਸਤਿਕਾਰ ਅਤੇ ਨੇੜਤਾ ਬਣਾ ਕੇ ਉਹਨਾਂ ਨੂੰ ਸਮਝਾ ਕੇ ਉਹਨਾਂ ਨੂੰ ਹੱਲਾਸ਼ੇਰੀ ਦੇ ਕੇ ਇਸ ਦਲਦਲ ਵਿੱਚੋਂ ਕੱਢਣ ਦੀ ਲੋੜ ਹੈ । ਨਸ਼ਾ ਰਹਿਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ । ਅਸੀਂ ਆਪਣੇ ਨੌਜਵਾਨ ਬੱਚਿਆਂ ਨੂੰ ਬਚਾਉਣ ਲਈ ਸਫ਼ਲ ਹੋ ਜਾਵਾਂਗੇ । ਸਭ ਨੂੰ ਸਾਥ ਦੇਣਾ ਚਾਹੀਦਾ ਹੈ। ਨਸ਼ੱਈ ਦੀ ਸੋਚ ਅਤੇ ਜ਼ਰੂਰਤ ਬਣ ਜਾਂਦੀ ਹੈ ਜਿਸ ਕਰਕੇ ਉਹ ਚੋਰੀ ਜ਼ਬਰਜਨਾਹ ਅਤੇ ਕਤਲ ਵਰਗੀਆਂ ਘਟਨਾਵਾਂ ਦੋ ਜਨਮ ਦਿੰਦਾ ਹੈ । ਕੁੱਝ ਵੀ ਹੋਵੇ ਚੰਗਿਆਈ ਨਹੀਂ ਛੱਡਣੀ ਚਾਹੀਦੀ ਭਲਾ ਕਰਨ ਅੱਗੇ ਆਉਣ ਦੀ ਲੋੜ ਹੈ। ਉਮੀਦ ਅਜੇ ਬਾਕੀ ਹੈ। ਮਰਨਾ ਨਹੀਂ ਜਿਉਣਾ ਹੈ। ਜ਼ਿੰਦਗੀ ਖ਼ੂਬਸੂਰਤ ਹੈ । ਉਂਗਲੀ ਫੜੋ । ਦਲ ਦਲ ਵਿਚੋਂ ਬਾਹਰ ਆ ਜਾਓ । ਮੈਂ ਪਲ ਪਲ ਜ਼ਿੰਦਗੀ ਜਿਉਣੀ ਹੈ। ਮੇਰੇ ਚੰਗੇ ਮਿੱਤਰ ਉਡੀਕਦੇ ਹਨ। ਮੈਂ ਆਪਣੇ ਮਾਂ ਬਾਪ ਦਾ ਧਿਆਨ ਰੱਖਣਾ ਹੈ। ਜਦੋਂ ਅਜਿਹੇ ਪ੍ਰਸ਼ਨ ਉਹਦੇ ਮਨ ਵਿੱਚ ਉਭਰਨਗੇ ਹਨ ਤਾਂ ਉਹਦੇ ਵਿੱਚ ਬਹੁਤ ਵੱਡਾ ਬਦਲਾ ਆ ਸਕਦਾ ਹੈ। ਨਸ਼ੇ ਦਾ ਸ਼ੌਕ ਕੰਡਿਆਂ ਦੀ ਸੇਜ ਹੈ । ਬੰਦਾ ਪਲ ਪਲ ਮਰਦਾ ਹੈ।



# ਪੰਜਾਬ ਦੀਆਂ ਮਹਿਲਾਵਾਂ ਅੰਦਰ ਵਧਿਆ ਆਤਮ ਨਿਰਭਰ ਹੋਣ ਦਾ ਰੁਝਾਨ

**ਪੰਜਾਬ ਇੱਕ ਅਜਿਹਾ ਸੂਬਾ ਹੈ, ਜਿਥੋਂ ਦੇ ਵੱਡੀ ਗਿਣਤੀ ਲੋਕ ਆਪਣੀਆਂ ਧੀਆਂ ਨੂੰ ਆਪਣੇ ਪੁੱਤਰਾਂ ਵਾਂਗ ਲਾਡਾਂ ਨਾਲ ਪਾਲਦੇ ਅਤੇ ਪੜ੍ਹਾਉਂਦੇ ਹਨ। ਇਹ ਧੀਆਂ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਅਕਸਰ ਕੋਈ ਨਾ ਕੋਈ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਕਰ ਕੇ ਆਪਣੇ ਮਾਪਿਆਂ ਦਾ ਵੱਡਾ ਸਹਾਰਾ ਬਣਦੀਆਂ ਹਨ ਅਤੇ ਵਿਆਹ ਤੋਂ ਬਾਅਦ ਇਹ ਮਹਿਲਾਵਾਂ ਆਪਣੇ ਪਤੀ ਅਤੇ ਸਹੁਰਾ ਪਰਿਵਾਰ ਦੀ ਵਿੱਤੀ ਸੁਰੱਖਿਆ ਲਈ ਆਪਣਾ ਯੋਗਦਾਨ ਪਾਉਂਦੀਆਂ ਹਨ। ਕਈ ਖੇਤਰ ਤਾਂ ਅਜਿਹੇ ਹਨ ਜਿਥੇ ਮਹਿਲਾਵਾਂ ਹੀ 'ਬੌਸ' ਹੁੰਦੀਆਂ ਹਨ ਅਤੇ ਉਸ ਖੇਤਰ ਵਿੱਚ ਮਹਿਲਾਵਾਂ ਦੀ ਹੀ ਸਰਦਾਰੀ ਹੁੰਦੀ ਹੈ।**




ਜਗਮੋਹਨ ਸਿੰਘ 'ਲੱਕੀ'
9463819174

ਪੰਜਾਬ ਦੀਆਂ ਵੱਡੀ ਗਿਣਤੀ ਮਹਿਲਾਵਾਂ ਹੁਣ ਘਰ ਦੀ ਚਾਰ-ਦਿਵਾਰੀ ਤੱਕ ਸੀਮਿਤ ਨਹੀਂ ਰਹੀਆਂ ਸਗੋਂ ਉਹ ਹੁਣ ਹਰ ਖੇਤਰ ਵਿੱਚ ਮਰਦਾਂ ਬਰਾਬਰ ਕੰਮ ਕਰ ਰਹੀਆਂ ਹਨ। ਆਪਣੀ ਵਿਦਿਅਕ ਯੋਗਤਾ ਅਤੇ ਸਖ਼ਤ ਮਿਹਨਤ ਕਾਰਨ ਵੱਡੀ ਗਿਣਤੀ ਪੰਜਾਬਣਾਂ ਤਾਂ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਸਮੇਤ ਪ੍ਰਾਈਵੇਟ ਅਦਾਰਿਆਂ ਵਿੱਚ ਵੀ ਚੰਗੇ ਅਹੁਦਿਆਂ 'ਤੇ ਕੰਮ ਕਰ ਰਹੀਆਂ ਹਨ। ਕਈ ਕੰਪਨੀਆਂ ਅਤੇ ਹੋਰ ਅਦਾਰਿਆਂ ਦੀਆਂ ਮੁਖੀ ਵੀ ਮਹਿਲਾਵਾਂ ਹੀ ਹਨ, ਜਿਸ ਤੋਂ ਪਤਾ ਚਲਦਾ ਹੈ ਕਿ ਆਧੁਨਿਕ ਯੁੱਗ 'ਚ ਮਹਿਲਾਵਾਂ ਨੇ ਵੀ ਆਪਣੇ ਆਪ ਨੂੰ ਆਧੁਨਿਕਤਾ ਨਾਲ ਜੋੜ ਲਿਆ ਹੈ ਅਤੇ ਉਹ ਨੌਕਰੀ ਅਤੇ ਵਪਾਰ ਕਰਕੇ ਚੰਗੀ ਕਮਾਈ ਕਰ ਰਹੀਆਂ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਦੀਆਂ ਵੱਡੀ ਗਿਣਤੀ ਮਹਿਲਾਵਾਂ ਵਿੱਚ ਆਤਮ ਨਿਰਭਰ ਹੋਣ ਦਾ ਰੁਝਾਨ ਵਧਿਆ ਹੈ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਅਤੇ ਪਿੰਡਾਂ ਵਿੱਚ ਵੱਡੀ ਮਹਿਲਾਵਾਂ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਖਾਸ ਕਰਕੇ ਸਕੂਲ ਅਧਿਆਪਕਾਵਾਂ ਦੀਆਂ ਨੌਕਰੀਆਂ ਕਰ ਰਹੀਆਂ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਮਹਿਲਾਵਾਂ ਪ੍ਰਾਈਵੇਟ ਅਦਾਰਿਆਂ ਵਿੱਚ ਵੀ ਕੰਪਿਊਟਰ ਔਪਰੇਟਰ ਜਾਂ ਰਿਸੈਪਸ਼ਨ ਜਾਂ ਹੋਰ ਅਹੁਦਿਆਂ ਤੇ ਕੰਮ ਕਰ ਰਹੀਆਂ ਹਨ। ਵੱਡੀ ਗਿਣਤੀ ਮਹਿਲਾਵਾਂ ਤਾਂ ਆਪਣੇ ਪਤੀਆਂ ਨਾਲ ਦੁਕਾਨਾਂ ਤੇ ਹੋਟਲਾਂ ਜਾਂ ਢਾਬਿਆਂ ਦਾ ਕੰਮ ਵੀ ਸੰਭਾਲ ਰਹੀਆਂ ਹਨ। ਕਈ ਮਹਿਲਾਵਾਂ ਨੇ ਇਕੱਲੀਆਂ ਨੇ ਵੀ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ।



ਆਧੁਨਿਕ ਸਮੇਂ ਦੇ ਨਾਲ ਆਮ ਲੋਕਾਂ ਦੀ ਸੋਚ ਵਿੱਚ ਵੀ ਬਦਲਾਓ ਆਇਆ ਹੈ। ਪੰਜਾਬ ਦੇ ਕਈ ਪਿਛੜੇ ਕਹੇ ਜਾਂਦੇ ਇਲਾਕੇ ਅਜਿਹੇ ਹਨ, ਜਿਥੇ ਕਿ ਪਹਿਲਾਂ ਕੁੜੀਆਂ ਨੂੰ ਪੜਾਉਣ ਅਤੇ ਮਹਿਲਾਵਾਂ ਦੇ ਨੌਕਰੀ ਕਰਨ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ ਪਰ ਹੁਣ ਇਹਨਾਂ ਇਲਾਕਿਆਂ ਵਿੱਚ ਵੀ ਕੁੜੀਆਂ ਚੰਗੀ ਪੜਾਈ ਕਰ ਰਹੀਆਂ ਹਨ ਤੇ ਮਹਿਲਾਵਾਂ ਵੀ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਕਰ ਰਹੀਆਂ ਹਨ।



ਵੱਡੀ ਗਿਣਤੀ ਸ਼ਹਿਰਾਂ ਵਿੱਚ ਵੇਖਣ 'ਚ ਆਇਆ ਹੈ ਕਿ ਵੱਖ- ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਵਿਦਿਆਰਥਣਾਂ ਪੜਾਈ ਦੇ ਨਾਲ ਨਾਲ ਪਾਰਟ ਟਾਈਮ ਜੌਬ ਜਾਂ ਪ੍ਰਾਈਵੇਟ ਅਦਾਰਿਆਂ ਵਿੱਚ ਕੁਝ ਘੰਟੇ ਕੰਮ ਵੀ ਕਰ ਰਹੀਆਂ ਹਨ। ਇਸ ਤਰ੍ਹਾਂ ਉਹ ਆਪਣੀ ਪੜਾਈ ਦਾ ਖਰਚਾ ਖੁਦ ਚੁੱਕ ਰਹੀਆਂ ਹਨ ਅਤੇ ਉਹ ਕਿਸੇ ਵੀ ਤਰੀਕੇ ਨਾਲ ਆਪਣੇ ਮਾਪਿਆਂ 'ਤੇ ਬੋਝ ਬਣਨ ਦੀ ਥਾਂ ਵਿੱਤੀ ਸਹਾਰਾ ਬਣੀਆਂ ਹੋਈਆਂ ਹਨ। ਇਹ ਵਿਦਿਆਰਥਣਾਂ ਸਹੀ ਤਰੀਕੇ ਨਾਲ ਆਪਣੀ ਪੜਾਈ ਦੇ ਨਾਲ- ਨਾਲ ਆਪਣੇ ਰੁਜ਼ਗਾਰ ਨੂੰ ਵੀ ਸਫ਼ਲਤਾ ਪੂਰਵਕ ਚਲਾ ਰਹੀਆਂ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਕੁੜੀਆਂ ਅਤੇ ਮਹਿਲਾਵਾਂ ਆਪਣੇ ਵਾਹਨ ਵੀ ਖੁਦ ਚਲਾਉਂਦੀਆਂ ਹਨ। ਪੰਜਾਬ ਰੋਡਵੇਜ਼, ਪੀ.ਆਰ.ਟੀ.ਸੀ.ਅਤੇ ਸੀ.ਟੀ.ਯੂ. ਚੰਡੀਗੜ੍ਹ ਵਿੱਚ ਕਈ ਮਹਿਲਾਵਾਂ ਕੰਡਕਟਰ ਵਜੋਂ ਵੀ ਨੌਕਰੀ ਕਰ ਰਹੀਆਂ ਹਨ। ਇਸ ਤੋਂ ਇਲਾਵਾ ਕਈ ਮਹਿਲਾਵਾਂ ਸਰਕਾਰੀ ਬੱਸਾਂ ਦੀਆਂ ਡਰਾਇਵਰ ਵੀ ਬਣੀਆਂ ਹੋਈਆਂ ਹਨ। ਪਿਛੜੇ ਇਲਾਕਿਆਂ ਦੇ ਲੋਕ ਜਦੋਂ ਮਹਿਲਾਵਾਂ ਨੂੰ ਬੱਸਾਂ ਚਲਾਉਂਦੇ ਵੇਖਦੇ ਹਨ ਤਾਂ ਉਹ ਹੈਰਾਨ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਅਨੇਕਾਂ ਮਹਿਲਾਵਾਂ ਆਪਣੇ ਪਤੀਆਂ ਨਾਲ ਟਰਾਂਸਪੋਰਟ ਦੇ ਖੇਤਰ ਵਿੱਚ ਵੀ ਸਰਗਰਮ ਹਨ ਅਤੇ ਉਹ ਆਪਣੇ ਪਤੀ ਦੇ ਨਾਲ ਦਿਨ ਰਾਤ ਟਰੱਕ ਵੀ ਲੰਬੇ ਰੂਟਾਂ 'ਤੇ ਚਲਾਉਂਦੀਆਂ ਵੇਖੀਆਂ ਜਾਂਦੀਆਂ ਹਨ।

ਮਹਿਲਾਵਾਂ ਦੇ ਆਤਮ ਨਿਰਭਰ ਹੋਣ ਪਿੱਛੇ ਜਿਥੇ ਲੋਕਾਂ ਦੀ ਸੋਚ ਵਿੱਚ ਆਈ ਤਬਦੀਲੀ ਹੈ, ਉਥੇ ਇੱਕ ਕਾਰਨ ਮਹਿੰਗਾਈ ਨੂੰ ਵੀ ਦੱਸਿਆ ਜਾ ਰਿਹਾ ਹੈ। ਮਹਿੰਗਾਈ ਦੇ ਇਸ ਦੌਰ ਵਿੱਚ ਪਤੀ ਪਤਨੀ ਦੋਵਾਂ ਨੂੰ ਹੀ ਕਮਾਈ ਕਰਨੀ ਪੈ ਰਹੀ ਹੈ ਤਾਂ ਕਿ ਘਰ ਦਾ ਗੁਜਾਰਾ ਸਹੀ ਤਰੀਕੇ ਨਾਲ ਹੋ ਸਕੇ ਅਤੇ ਉਹਨਾਂ ਦੇ ਬੱਚੇ ਚੰਗੀ ਵਿਦਿਆ ਪ੍ਰਾਪਤ ਕਰ ਸਕਣ। ਮਹਿਲਾਵਾਂ ਦੇ ਪੜੇ ਲਿਖੇ ਹੋਣ ਅਤੇ ਨੌਕਰੀਆਂ ਜਾਂ ਕੋਈ ਕੰਮ ਧੰਦਾ ਕਰਨ ਨਾਲ ਉਹਨਾਂ ਦੀ ਸਹੁਰੇ ਘਰ ਵਿੱਚ ਵੀ ਇੱਜ਼ਤ ਹੁੰਦੀ ਹੈ ਅਤੇ ਇਹ ਮਹਿਲਾਵਾਂ ਆਪਣੇ ਹੱਕਾਂ ਲਈ ਵੀ ਜਾਗਰੂਕ ਹੁੰਦੀਆਂ ਹਨ। ਇਹਨਾਂ ਨੂੰ ਹੁਣ ਆਪਣੀਆਂ ਜਰੂਰਤਾਂ ਪੂਰੀਆਂ ਕਰਨ ਲਈ ਪਤੀ ਵੱਲ ਨਹੀਂ ਵੇਖਣਾ ਪੈਂਦਾ ਅਤੇ ਇੱਕ ਇੱਕ ਪੈਸਾ ਖਰਚ ਕਰਨ ਲਈ ਪਤੀ ਤੋਂ ਪੈਸੇ ਮੰਗਣ ਦੀ ਲੋੜ ਨਹੀਂ ਪੈਂਦੀ। ਉਹ ਖੁਦ ਕਮਾਉਂਦੀਆਂ ਹੋਣ ਕਰਕੇ ਆਪਣੀ ਮਨ ਮਰਜ਼ੀ ਨਾਲ ਪੈਸਾ ਖਰਚ ਕਰ ਸਕਦੀਆਂ ਹਨ ਅਤੇ ਆਪਣੇ ਸ਼ੌਕ ਪੂਰੇ ਕਰ ਸਕਦੀਆਂ ਹਨ।



ਸ਼ਹਿਰਾਂ ਵਿੱਚ ਤਾਂ ਮਹਿਲਾਵਾਂ ਦੇ ਨੌਕਰੀਆਂ ਕਰਨਾ ਤੇ ਹੋਰ ਕੰਮ ਕਰਨਾ ਆਮ ਗੱਲ ਹੈ ਪਰ ਹੁਣ ਤਾਂ ਪਿੰਡਾਂ ਦੀਆਂ ਮਹਿਲਾਵਾਂ ਵੀ ਕਈ ਤਰ੍ਹਾਂ ਦੇ ਕੰਮ ਕਾਰ ਕਰ ਰਹੀਆਂ ਹਨ। ਅਜਿਹੀਆਂ ਮਹਿਲਾਵਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਕਿ ਉਹਨਾਂ ਨੂੰ ਵੇਖ ਕੇ ਹੋਰ ਵੀ ਮਹਿਲਾਵਾਂ ਘਰ ਦੀ ਚਾਰ-ਦਿਵਾਰੀ ਤੱਕ ਸੀਮਿਤ ਨਾ ਰਹਿਣ ਅਤੇ ਉਹ ਵੀ ਖੁਦ ਆਤਮ ਨਿਰਭਰ ਹੋ ਕੇ ਆਪਣੀ ਜ਼ਿੰਦਗੀ ਨੂੰ ਸਹੀ ਤਰੀਕੇ ਨਾਲ ਜੀ ਸਕਣ ਅਤੇ ਆਪਣੇ ਸ਼ੌਕ ਪੂਰੇ ਕਰ ਸਕਣ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਦੋ-ਧਾਰੀ ਤਲਵਾਰ ਬਣਿਆ ਵਿਗਿਆਨ

## ਨੌਜਵਾਨ ਪੀੜ੍ਹੀ ਨੂੰ ਨੈਤਿਕ ਤੌਰ 'ਤੇ ਅੰਨ੍ਹਾ ਬਣਾ ਰਹੀ ਹੈ ਅੱਜ ਦੀ 'ਵਾਇਰਲ ਸੰਸਕ੍ਰਿਤੀ'

## ਜਰਮਨੀ 'ਚ 'ਰੋਬੋਟ' ਵੱਲੋਂ ਨਾਬਾਲਗ ਲੜਕੀ ਨਾਲ ਕੀਤੀ ਗਈ ਛੇੜਛਾੜ ਨੇ ਖੜ੍ਹੇ ਕੀਤੇ ਗੰਭੀਰ ਸਵਾਲ

ਅੰਮ੍ਰਿਤਸਰ ਟਾਈਮਜ਼ ਬਿਊਰੋ

ਇਸ ਸਮੇਂ ਚੱਲ ਰਹੀ 21ਵੀਂ ਸਦੀ ਨੂੰ 'ਵਿਗਿਆਨ ਦਾ ਯੁੱਗ' ਵੀ ਕਿਹਾ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਿਗਿਆਨਕ ਖੋਜਾਂ ਅਤੇ ਨਵੀਂ ਤਕਨਾਲੋਜੀ ਨੇ ਮਨੁੱਖ ਲਈ ਬਹੁਤ ਸਾਰੀਆਂ ਮਹੱਤਵਪੂਰਨ ਸਹੂਲਤਾਂ ਮੁਹੱਈਆ ਕਰਵਾਈਆਂ ਹਨ। ਧਰਤੀ ਤੋਂ ਲੈ ਕੇ ਬ੍ਰਹਿਮੰਡ ਤੱਕ ਪਤਾ ਨਹੀਂ ਕਿੰਨੇ ਕੁ ਰਹੱਸ ਲੁਕੇ ਹੋਏ ਹਨ, ਜਿਨ੍ਹਾਂ ਤੋਂ ਵਿਗਿਆਨ ਸਹਾਰੇ ਪਰਦਾ ਚੁੱਕਿਆ ਜਾ ਸਕਦਾ ਹੈ। ਯਕੀਨਨ ਵਿਗਿਆਨ ਸਿਰਫ਼ ਅਲਫਾ, ਬੀਟਾ ਜਾਂ ਗਾਮਾ ਦੇ ਸਮੀਕਰਨਾਂ ਤੱਕ ਹੀ ਨਹੀਂ ਸਿਮਟਿਆ, ਇਸ ਦਾ ਖੇਤਰ ਬਹੁਤ ਵਿਸ਼ਾਲ ਹੈ। ਵਿਗਿਆਨ ਦਾ ਮਤਲਬ ਕੁਦਰਤੀ ਸ਼ਕਤੀਆਂ ਦੇ ਤੱਥਾਂ 'ਤੇ ਅਧਾਰਿਤ ਵਿਸ਼ੇਸ਼ ਜਾਣਕਾਰੀ ਤੋਂ ਹੈ। ਮਨੁੱਖ ਨੇ ਅਗਿਆਨਤਾ ਦੇ ਹਨੇਰੇ 'ਚੋਂ ਨਿਕਲ ਕੇ ਗਿਆਨ ਦੇ ਪ੍ਰਕਾਸ਼ ਵਿੱਚ ਪਹਿਲਾ ਕਦਮ ਵਿਗਿਆਨ ਦੀ ਮਦਦ ਨਾਲ ਹੀ ਰੱਖਿਆ। ਇਸ ਦਿਸ਼ਾ ਵਿੱਚ ਉਹ ਦਿਨ-ਪ੍ਰਤੀ-ਦਿਨ ਅੱਗੇ ਵਧਦਾ ਗਿਆ।

ਜੇ ਤਸਵੀਰ ਦਾ ਦੂਜਾ ਪਾਸਾ ਵੇਖਿਆ ਜਾਵੇ ਤਾਂ ਵਿਗਿਆਨੀਆਂ ਵੱਲੋਂ ਕੀਤੀਆਂ ਗਈਆਂ 'ਯੁੱਗ ਪਲਟਾਊ ਖੋਜਾਂ' ਦੀ ਦੁਰਵਰਤੋਂ ਵੀ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ। ਵਿਗਿਆਨੀਆਂ ਨੇ ਜਿਹੜੀਆਂ ਖੋਜਾਂ ਅਤੇ ਨਵੀਆਂ ਕਾਢਾਂ ਮਨੁੱਖ ਦੀ ਭਲਾਈ ਲਈ ਕੀਤੀਆਂ ਸਨ, ਉਹਨਾਂ ਦੀ ਦੁਰਵਰਤੋਂ ਅਕਸਰ ਸਿਰਫਿਰੇ ਲੋਕਾਂ ਵੱਲੋਂ ਹੋਰਨਾਂ ਲੋਕਾਂ ਨੂੰ ਤੰਗ ਪ੍ਰੇਸ਼ਾਨ ਅਤੇ ਬਦਨਾਮ ਕਰਨ ਲਈ ਕੀਤੀ ਜਾਂਦੀ ਹੈ, ਜਿਸ ਕਾਰਨ ਇਹਨਾਂ ਵਿਗਿਆਨਕ ਖੋਜਾਂ 'ਤੇ ਵੱਡੇ ਸਵਾਲ ਖੜ੍ਹੇ ਹੋ ਜਾਂਦੇ ਹਨ। ਵਿਗਿਆਨ ਦੀ ਦੁਰਵਰਤੋਂ ਦਾ ਤਾਜ਼ਾ ਮਾਮਲਾ ਉਸ ਸਮੇਂ ਸੁਰਖ਼ੀਆਂ ਵਿੱਚ ਆਇਆ ਜਦੋਂ ਜਰਮਨੀ ਵਿੱਚ ਇੱਕ ਰੋਬੋਟ ਨੇ 16 ਸਾਲ ਦੀ ਨਾਬਾਲਗ ਕੁੜੀ ਨੂੰ ਅਸ਼ਲੀਲ ਤਰੀਕੇ ਨਾਲ ਛੂਹਿਆ। ਜਰਮਨੀ ਦੀ ਇਸ ਘਟਨਾ ਨੇ ਤਕਨਾਲੋਜੀ ਦੀ ਦੁਰਵਰਤੋਂ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।



ਲੰਘੇ ਦਿਨੀਂ ਜਰਮਨੀ ਦੇ ਕੋਲੋਨ ਸ਼ਹਿਰ ਵਿੱਚ ਇੱਕ ਇਨਸਾਨ ਵਰਗੇ 'ਰੋਬੋਟ' ਵੱਲੋਂ 16 ਸਾਲਾ ਨਾਬਾਲ਼ਗ ਕੁੜੀ ਨਾਲ ਕਥਿਤ ਤੌਰ 'ਤੇ ਜਿਨਸੀ ਛੇੜ-ਛਾੜ ਕਰਨ ਦਾ ਬੇਹੱਦ ਅਨੋਖਾ ਅਤੇ ਚਿੰਤਾਜਨਕ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਨੇ ਨਾ ਸਿਰਫ਼ ਸਥਾਨਕ ਪੁਲਿਸ ਨੂੰ ਹੈਰਾਨ ਕੀਤਾ ਹੈ, ਸਗੋਂ ਡਿਜੀਟਲ ਦੌਰ ਵਿੱਚ ਔਰਤਾਂ ਦੀ ਸੁਰੱਖਿਆ ਅਤੇ ਸੋਸ਼ਲ ਮੀਡੀਆ ਦੀ ਅੰਨ੍ਹੀ ਦੌੜ ਦੇ ਖ਼ਤਰਨਾਕ ਪ੍ਰਭਾਵਾਂ ਨੂੰ ਵੀ ਜਨਤਕ ਬਹਿਸ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਪੁਲਿਸ ਰਿਪੋਰਟਾਂ ਮੁਤਾਬਕ ਇਹ ਘਟਨਾ ਕੋਲੋਨ ਦੇ ਇੱਕ ਫਾਸਟ-ਫੂਡ ਰੈਸਟੋਰੈਂਟ ਦੇ ਬਾਹਰ ਅੱਧੀ ਰਾਤ ਦੇ ਕਰੀਬ ਵਾਪਰੀ, ਜਿਥੇ ਪੀੜਤ ਕੁੜੀ ਆਪਣੇ ਦੋਸਤਾਂ ਨਾਲ ਖੜੀ ਸੀ।

ਲਗਭਗ 4 ਫੁੱਟ ਉੱਚੇ, ਕੱਪੜੇ ਅਤੇ ਸਨਗਲਾਸ ਪਹਿਨੇ ਇਸ ਰੋਬੋਟ ਨੇ ਪਿੱਛੋਂ ਆ ਕੇ ਕੁੜੀ ਨੂੰ ਅਸ਼ਲੀਲ ਤਰੀਕੇ ਨਾਲ ਛੂਹਿਆ। ਸਭ ਤੋਂ ਖ਼ਤਰਨਾਕ ਪੱਖ ਇਹ ਰਿਹਾ ਕਿ ਰੋਬੋਟ ਦੇ 16 ਸਾਲਾ ਮਾਲਕ ਅਤੇ ਉਸ ਦੇ 19 ਸਾਲਾ ਸਾਥੀ ਨੇ ਇਸ ਪੂਰੀ ਘਟਨਾ ਨੂੰ ਸੋਸ਼ਲ ਮੀਡੀਆ (ਟਿਕਟੋਕ/ਟਵਿੱਚ) 'ਤੇ ਲਾਈਵ-ਸਟਰੀਮ ਕੀਤਾ। ਇਸ ਘਟਨਾ ਨੂੰ ਦੁਨੀਆ ਭਰ ਦੇ ਮੀਡੀਆ ਨੇ ਕਾਫ਼ੀ ਗੰਭੀਰਤਾ ਨਾਲ ਲਿਆ ਤੇ ਔਰਤਾਂ ਦੀ ਸੁਰੱਖਿਆ ਸਬੰਧੀ ਨਵੀਂ ਚੁਣੌਤੀ ਤੇ ਸਮੱਸਿਆ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।




ਔਰਤ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਇਹ ਘਟਨਾ ਸਿਰਫ਼ ਇੱਕ ਮਸ਼ੀਨ ਦੀ ਗ਼ਲਤ ਵਰਤੋਂ ਨਹੀਂ ਹੈ, ਬਲਕਿ ਇਹ ਮਨੁੱਖੀ ਮਾਨਸਿਕਤਾ ਦੇ ਉਸ ਨਿਘਾਰ ਨੂੰ ਦਰਸਾਉਂਦੀ ਹੈ ਜਿਥੇ 'ਲਾਈਕਸ' ਅਤੇ 'ਵਿਊਜ਼' ਬਟੋਰਨ ਲਈ ਕਿਸੇ ਦੀ ਇੱਜ਼ਤ ਤੇ ਮਾਨਸਿਕ ਪੀੜਾ ਨੂੰ 'ਮਨੋਰੰਜਨ' ਵਜੋਂ ਪਰੋਸਿਆ ਜਾ ਰਿਹਾ ਹੈ। ਅੱਜ ਦੀ 'ਵਾਇਰਲ ਸੰਸਕ੍ਰਿਤੀ' ਨੌਜਵਾਨ ਪੀੜ੍ਹੀ ਨੂੰ ਨੈਤਿਕ ਤੌਰ 'ਤੇ ਅੰਨ੍ਹਾ ਬਣਾ ਰਹੀ ਹੈ। ਸ਼ਿਕਾਇਤ ਮਿਲਣ 'ਤੇ ਕਾਰਵਾਈ ਕਰਦਿਆਂ ਕੋਲੋਨ ਪੁਲਿਸ ਨੇ ਦੋਵਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਰੋਬੋਟ ਅਤੇ ਉਨ੍ਹਾਂ ਦੇ ਮੋਬਾਈਲ ਫ਼ੋਨ ਜ਼ਬਤ ਕਰ ਲਏ ਹਨ।

ਪੁਲਿਸ ਦੇ ਬੁਲਾਰੇ ਨੇ ਮੰਨਿਆ ਕਿ ਇਹ ਜਾਂਚ ਉਨ੍ਹਾਂ ਲਈ ਬਿਲਕੁਲ 'ਨਵਾਂ ਖੇਤਰ' ਹੈ, ਕਿਉਂਕਿ ਰਵਾਇਤੀ ਕਾਨੂੰਨਾਂ ਮੁਤਾਬਕ ਜਿਨਸੀ ਛੇੜ-ਛਾੜ ਦੇ ਅਪਰਾਧ ਲਈ ਦੋ ਇਨਸਾਨਾਂ ਵਿਚਕਾਰ ਸਿੱਧੇ ਸਰੀਰਕ ਸੰਪਰਕ ਦੀ ਲੋੜ ਹੁੰਦੀ ਹੈ। ਪੁਲਿਸ ਹੁਣ ਡਾਟਾ ਦੀ ਜਾਂਚ ਕਰ ਰਹੀ ਹੈ ਕਿ ਕੀ ਰੋਬੋਟ ਨੂੰ ਰਿਮੋਟ ਰਾਹੀਂ ਚਲਾਇਆ ਜਾ ਰਿਹਾ ਸੀ? ਜਾਂ ਇਸ ਦੀ ਹਰਕਤ ਪਹਿਲਾਂ ਤੋਂ ਪ੍ਰੋਗਰਾਮਡ ਸੀ? ਫ਼ਿਲਹਾਲ ਮਾਮਲੇ ਦੀ ਜਾਂਚ 'ਜਿਨਸੀ ਤੌਰ 'ਤੇ ਪ੍ਰੇਰਿਤ ਅਪਮਾਨ' ਦੇ ਤਹਿਤ ਕੀਤੀ ਜਾ ਰਹੀ ਹੈ। ਸਾਈਬਰ ਤੇ ਏ.ਆਈ. ਮਾਹਿਰਾਂ ਦਾ ਮੰਨਣਾ ਹੈ ਕਿ ਇਹ ਖ਼ਬਰ ਦੁਨੀਆ ਭਰ ਦੀਆਂ ਸਰਕਾਰਾਂ ਲਈ ਇੱਕ 'ਵੇਕ-ਅੱਪ ਕਾਲ' ਹੈ।

> ਵਿਸ਼ਵ ਭਰ ਦੇ ਵਿਗਿਆਨੀ ਦਿਨ-ਰਾਤ ਮਨੁੱਖਤਾ ਦੀ ਭਲਾਈ ਲਈ ਮਹੱਤਵਪੂਰਨ ਖੋਜਾਂ ਕਰਨ ਵਿੱਚ ਲੱਗੇ ਹੋਏ ਹਨ। ਅਨੇਕਾਂ ਵਿਗਿਆਨੀਆਂ ਨੇ ਤਾਂ ਆਪਣੀ ਜ਼ਿੰਦਗੀ ਹੀ ਨਵੀਂਆਂ ਕਾਢਾਂ ਕਰਨ 'ਤੇ ਲਗਾ ਦਿੱਤੀ ਹੈ। ਵਿਗਿਆਨ ਦਾ ਇਤਿਹਾਸ ਗਵਾਹ ਹੈ ਕਿ ਵਿਗਿਆਨੀਆਂ ਵੱਲੋਂ ਹੁਣ ਤੱਕ ਮਨੁੱਖ ਦੀ ਵਰਤੋਂ ਲਈ ਬਹੁਤ ਕੁਝ ਕੀਤਾ ਗਿਆ ਹੈ ਪਰ ਜਦੋਂ ਵਿਗਿਆਨਕ ਖੋਜਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਖੋਜਾਂ ਅਰਥਹੀਣ ਹੋ ਜਾਂਦੀਆਂ ਹਨ।

ਵਿਗਿਆਨਕ ਖੋਜਾਂ ਦੀ ਦੁਰਵਰਤੋਂ ਦੇ ਮੁੱਖ ਰੂਪ ਦੀ ਗੱਲ ਕੀਤੀ ਜਾਵੇ ਤਾਂ ਸਾਡੇ ਸਾਹਮਣੇ ਬਹੁਤ ਕੁੱਝ ਆ ਜਾਂਦਾ ਹੈ। ਵਿਗਿਆਨਕ ਖੋਜਾਂ ਦੀ ਸਭ ਤੋਂ ਮਾੜੀ ਵਰਤੋਂ ਪਰਮਾਣੂ, ਰਸਾਇਣਿਕ ਅਤੇ ਜੈਵਿਕ ਹਥਿਆਰਾਂ ਨੂੰ ਬਣਾਉਣ ਵਿੱਚ ਕੀਤੀ ਜਾਂਦੀ ਹੈ, ਜਿਵੇਂ ਕਿ ਜੰਗਾਂ ਦੌਰਾਨ ਖਤਰਨਾਕ ਰਸਾਇਣਾਂ (ਜਿਵੇਂ ਕਿ ਏਜੰਟ ਔਰੇਂਜ) ਦੀ ਵਰਤੋਂ ਕਰਨਾ। ਉਦਯੋਗਿਕ ਅਤੇ ਤਕਨੀਕੀ ਖੋਜਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਪ੍ਰਦੂਸ਼ਣ, ਗਲੋਬਲ ਵਾਰਮਿੰਗ ਅਤੇ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਵਧਿਆ ਹੈ। ਐਂਟੀਬਾਇਓਟਿਕ ਦਵਾਈਆਂ ਅਤੇ ਰਸਾਇਣਾਂ ਦੀ ਗਲਤ ਜਾਂ ਬੇਲੋੜੀ ਵਰਤੋਂ ਨਾਲ ਸਰੀਰ 'ਤੇ ਮਾੜੇ ਪ੍ਰਭਾਵ ਪੈਂਦੇ ਹਨ ਅਤੇ ਰੋਗ-ਰੋਧਕ ਸ਼ਕਤੀ ਘਟਦੀ ਹੈ। ਜੈਨੇਟਿਕ ਖੋਜਾਂ ਦੀ ਗਲਤ ਵਰਤੋਂ ਅਤੇ ਜੈਨੇਟਿਕ ਤੌਰ 'ਤੇ ਸੋਧੇ ਹੋਏ ਜੀਵਾਂ ਨਾਲ ਜੁੜੇ ਵਿਵਾਦ ਨੈਤਿਕ ਅਤੇ ਸਿਹਤ ਸੰਬੰਧੀ ਚਿੰਤਾਵਾਂ ਪੈਦਾ ਕਰਦੇ ਹਨ। ਆਧੁਨਿਕ ਸੂਚਨਾ ਤਕਨੀਕ ਅਤੇ ਨਕਲੀ ਬੁੱਧੀ (ਏ.ਆਈ.) ਦੀ ਦੁਰਵਰਤੋਂ ਡਾਟਾ ਚੋਰੀ, ਸਾਈਬਰ ਹਮਲਿਆਂ ਅਤੇ ਝੂਠੀ ਜਾਣਕਾਰੀ ਫੈਲਾਉਣ ਲਈ ਕੀਤੀ ਜਾ ਰਹੀ ਹੈ।

ਡੀਪਫੇਕ (ਏ.ਆਈ.) ਦੀ ਮਦਦ ਨਾਲ ਕਿਸੇ ਵੀ ਵਿਅਕਤੀ ਦਾ ਨਕਲੀ ਵੀਡੀਓ ਜਾਂ ਆਡੀਓ ਬਣਾਇਆ ਜਾ ਸਕਦਾ ਹੈ, ਜੋ ਕਿ ਬਲੈਕਮੇਲਿੰਗ, ਅਪਰਾਧ ਅਤੇ ਸਮਾਜਿਕ ਅਸ਼ਾਂਤੀ ਫੈਲਾਉਣ ਲਈ ਵਰਤਿਆ ਜਾ ਰਿਹਾ ਹੈ। ਨਿੱਜੀ ਡਾਟਾ ਦੀ ਚੋਰੀ ਅਤੇ ਲੋਕਾਂ ਦੀ ਡਿਜੀਟਲ ਨਿਗਰਾਨੀ ਕਰਨਾ ਹੁਣ ਬਹੁਤ ਆਸਾਨ ਹੋ ਗਿਆ ਹੈ। ਬਿਨਾਂ ਮਨੁੱਖੀ ਦਖਲ ਦੇ ਚੱਲਣ ਵਾਲੇ ਡਰੋਨ ਅਤੇ ਹਥਿਆਰ ਜੰਗਾਂ ਨੂੰ ਹੋਰ ਘਾਤਕ ਬਣਾ ਰਹੇ ਹਨ।

ਜੀਨ ਐਡੀਟਿੰਗ ਦੀ ਵਰਤੋਂ ਬਿਮਾਰੀਆਂ ਠੀਕ ਕਰਨ ਲਈ ਹੋਣੀ ਸੀ, ਪਰ ਇਸ ਦੀ ਵਰਤੋਂ ਮਨੁੱਖੀ ਨਸਲ ਨੂੰ ਆਪਣੀ ਮਰਜ਼ੀ ਮੁਤਾਬਕ ਬਦਲਣ ਲਈ ਕਰਨ ਦੇ ਨੈਤਿਕ ਵਿਵਾਦ ਖੜ੍ਹੇ ਹੋ ਗਏ ਹਨ। ਲੈਬਾਰਟਰੀਆਂ ਵਿੱਚ ਖ਼ਤਰਨਾਕ ਵਾਇਰਸ ਜਾਂ ਬੈਕਟੀਰੀਆ ਤਿਆਰ ਕਰਕੇ ਉਨ੍ਹਾਂ ਨੂੰ ਹਥਿਆਰ ਵਜੋਂ ਵਰਤਣ ਦਾ ਖ਼ਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਫਸਲਾਂ ਦੀ ਪੈਦਾਵਾਰ ਵਧਾਉਣ ਲਈ ਬਣਾਏ ਗਏ ਰਸਾਇਣਾਂ ਨੇ ਜ਼ਮੀਨ ਨੂੰ ਬੰਜਰ ਕਰ ਦਿੱਤਾ ਹੈ ਅਤੇ ਇਹ ਮਨੁੱਖੀ ਸਰੀਰ ਵਿੱਚ ਪਹੁੰਚ ਕੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ। ਬਹੁ-ਰਾਸ਼ਟਰੀ ਕੰਪਨੀਆਂ ਵੱਲੋਂ ਅਜਿਹੇ ਜੈਨੇਟਿਕ ਬੀਜ ਤਿਆਰ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਕਿਸਾਨ ਦੁਬਾਰਾ ਨਹੀਂ ਵਰਤ ਸਕਦੇ, ਜਿਸ ਨਾਲ ਕਿਸਾਨਾਂ ਦੀ ਆਰਥਿਕ ਲੁੱਟ ਹੁੰਦੀ ਹੈ। ਹੁਣ ਅਜਿਹੇ ਐਲਗੋਰਿਦਮ ਤਿਆਰ ਕੀਤੇ ਗਏ ਹਨ ਜੋ ਇਨਸਾਨੀ ਦਿਮਾਗ ਨੂੰ ਸਕ੍ਰੀਨ ਨਾਲ ਬੰਨ੍ਹ ਕੇ ਰੱਖਦੇ ਹਨ। ਇਸ ਨਾਲ ਮਾਨਸਿਕ ਤਣਾਅ, ਇਕੱਲਤਾ ਅਤੇ ਡਿਪਰੈਸ਼ਨ ਵਧ ਰਿਹਾ ਹੈ। ਮਨੋਵਿਗਿਆਨਕ ਖੋਜਾਂ ਦੀ ਵਰਤੋਂ ਚੋਣਾਂ ਨੂੰ ਪ੍ਰਭਾਵਿਤ ਕਰਨ ਅਤੇ ਲੋਕਾਂ ਦੀ ਸੋਚ ਨੂੰ ਗਲਤ ਪਾਸੇ ਮੋੜਨ ਲਈ ਕੀਤੀ ਜਾਂਦੀ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਏ.ਆਈ., ਸਾਈਬਰ ਅਤੇ ਜੈਨੇਟਿਕ ਖੋਜਾਂ ਲਈ ਸਖ਼ਤ ਨਿਯਮ/ਕਾਨੂੰਨ ਹੋਣੇ ਚਾਹੀਦੇ ਹਨ। ਵਿਗਿਆਨੀਆਂ ਅਤੇ ਖੋਜਕਰਤਾਵਾਂ ਨੂੰ ਖੋਜ ਦੇ ਸ਼ੁਰੂਆਤੀ ਦੌਰ ਵਿੱਚ ਹੀ ਨੈਤਿਕਤਾ ਦਾ ਪਾਠ ਪੜ੍ਹਾਇਆ ਜਾਵੇ। ਆਮ ਲੋਕਾਂ ਨੂੰ ਤਕਨਾਲੋਜੀ ਦੇ ਫਾਇਦਿਆਂ ਦੇ ਨਾਲ-ਨਾਲ ਇਸ ਦੇ ਨੁਕਸਾਨਾਂ ਅਤੇ ਸੁਰੱਖਿਅਤ ਵਰਤੋਂ ਬਾਰੇ ਜਾਗਰੂਕ ਕੀਤਾ ਜਾਵੇ। ਵਿਗਿਆਨ ਆਪਣੇ ਆਪ ਵਿੱਚ ਬੁਰਾ ਨਹੀਂ ਹੈ, ਇਹ ਇੱਕ ਦੋ-ਧਾਰੀ ਤਲਵਾਰ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਸ ਨੂੰ ਚਲਾਉਣ ਵਾਲਾ ਹੱਥ ਕਿਸ ਦਾ ਹੈ—ਮਨੁੱਖਤਾ ਦੇ ਭਲੇ ਦਾ ਜਾਂ ਇਸ ਦੇ ਵਿਨਾਸ਼ ਦਾ? ਵਿਗਿਆਨਕ ਕਾਢਾਂ ਦੀ ਵਰਤੋਂ ਸਿਰਫ਼ ਮਨੁੱਖੀ ਭਲਾਈ ਅਤੇ ਵਾਤਾਵਰਣ ਦੀ ਸੰਭਾਲ ਲਈ ਕੀਤੀ ਜਾਣੀ ਚਾਹੀਦੀ ਹੈ। ਸਮਾਜ ਵਿੱਚ ਵਿਗਿਆਨਕ ਸੋਚ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣ ਦੀ ਲੋੜ ਹੈ। ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਘਾਤਕ ਖੋਜਾਂ ਦੀ ਵਰਤੋਂ ਨੂੰ ਕਾਬੂ ਕਰਨ ਲਈ ਸਖ਼ਤ ਨਿਯਮ ਬਣਾਉਣੇ ਚਾਹੀਦੇ ਹਨ।

## ਕੀ ਬਣੂ ਦੁਨੀਆ ਦਾ ? : ਕੰਗਨਾ ਰਣੌਤ

ਅਦਾਕਾਰਾ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਨਾਲ ਸਬੰਧਿਤ ਅਪਰਾਧਾਂ 'ਤੇ ਚਿੰਤਾ ਪ੍ਰਗਟ ਕੀਤੀ। ਉਸਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਇੱਕ ਖ਼ਬਰ ਸਾਂਝੀ ਕੀਤੀ। ਇਸ ਵਿੱਚ, ਜਰਮਨੀ ਵਿੱਚ ਇੱਕ ਰੋਬੋਟ 'ਤੇ ਇੱਕ ਕੁੜੀ ਨਾਲ ਛੇੜਛਾੜ ਕਰਨ ਦਾ ਦੋਸ਼ ਲਗਾਇਆ ਗਿਆ ਸੀ।



ਇਸ ਖ਼ਬਰ ਦੇ ਨਾਲ, ਕੰਗਨਾ ਨੇ ਲਿਖਿਆ, 'ਏ.ਆਈ. ਅਜੇ ਪੂਰੀ ਤਰ੍ਹਾਂ ਵਿਕਸਤ ਵੀ ਨਹੀਂ ਹੋਇਆ ਹੈ ਅਤੇ ਇਸ ਨਾਲ ਸਬੰਧਿਤ ਅਪਰਾਧ ਪਹਿਲਾਂ ਹੀ ਸ਼ੁਰੂ ਹੋ ਚੁੱਕੇ ਹਨ। ਜ਼ਿਆਦਾਤਰ ਅਪਰਾਧ ਇਸ ਲਈ ਨਹੀਂ ਹੁੰਦੇ ਕਿਉਂਕਿ ਅਪਰਾਧੀ ਜਾਂ ਤਾਂ ਫੜੇ ਜਾਣ ਤੋਂ ਡਰਦੇ ਹਨ ਜਾਂ ਉਨ੍ਹਾਂ ਨੂੰ ਅੰਜਾਮ ਦੇਣ ਵਿੱਚ ਅਸਮਰੱਥ ਹੁੰਦੇ ਹਨ।'

ਉਸਨੇ ਅੱਗੇ ਲਿਖਿਆ, 'ਪਰ ਜ਼ਰਾ ਸੋਚੋ, ਜਦੋਂ ਇਹ ਰੁਕਾਵਟਾਂ ਅਪਰਾਧੀਆਂ ਲਈ ਨਹੀਂ ਰਹਿਣਗੀਆਂ ਤਾਂ ਦੁਨੀਆਂ ਕਿਹੋ ਜਿਹੀ ਹੋਵੇਗੀ? ਕੀ ਹੋਵੇਗਾ, ਖਾਸ ਕਰਕੇ ਕਮਜ਼ੋਰ ਅਤੇ ਬੇਸਹਾਰਾ ਲੋਕਾਂ ਦਾ?'

## ਹਾਥਰਸ ਤੋਂ ਕਨੋਈ ਤੱਕ

# ਦਲਿਤਾਂ 'ਤੇ ਜਬਰ ਅਤੇ ਮ੍ਰਿਤਕ ਦੇਹਾਂ ਦੀ ਬੇਕਦਰੀ ਦਾ ਸਿਲਸਿਲਾ ਬਰਕਰਾਰ

## ਦਲਿਤ ਹੋ... ਚੁੱਪ ਰਹੋ': ਸੱਤਾ ਤੇ ਸਿਆਸੀ ਦਬਦਬੇ ਹੇਠ ਦਫ਼ਨ ਹੁੰਦੀ ਇਨਸਾਫ਼ ਦੀ ਅਵਾਜ਼

## ਤਸਵੀਰਾਂ ਅੰਬੇਡਕਰ ਦੀਆਂ, ਫ਼ੈਸਲੇ ਮਨੂੰਵਾਦ ਦੇ: ਇਕੀਵੀਂ ਸਦੀ ਵਿੱਚ ਵੀ ਬੇਗਮਪੁਰੇ ਦਾ ਸੁਪਨਾ ਅਧੂਰਾ



ਭਾਰਤ ਅੰਦਰ ਸਦੀਆਂ ਤੋਂ ਚੱਲੀ ਆ ਰਹੀ ਜਾਤ-ਪਾਤ ਦੀ ਕੁਰੀਤੀ ਧਰਮ ਬਦਲਣ ਜਾਂ ਦੇਸ਼ ਆਜ਼ਾਦ ਹੋਣ ਨਾਲ ਵੀ ਖ਼ਤਮ ਨਹੀਂ ਹੋਈ। ਇਕੀਵੀਂ ਸਦੀ ਵਿੱਚ ਵੀ ਜਦੋਂ ਦਲਿਤ ਵਰਗ ਆਪਣੀ ਹੋਂਦ ਅਤੇ ਹੱਕਾਂ ਦੀ ਗੱਲ ਕਰਦਾ ਹੈ, ਤਾਂ ਉਸ ਨੂੰ ਸੱਤਾ ਅਤੇ ਸਮਾਜ ਵੱਲੋਂ ਇੱਕੋ ਸੰਦੇਸ਼ ਦਿੱਤਾ ਜਾਂਦਾ ਹੈ—'ਚੁੱਪ ਰਹੋ, ਤੁਸੀਂ ਦਲਿਤ ਹੋ।' ਹਾਥਰਸ ਕਾਂਡ ਤੋਂ ਲੈ ਕੇ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਕਨੋਈ ਤੱਕ ਵਾਪਰੀਆਂ ਹੌਲਨਾਕ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਸਿਸਟਮ ਦਲਿਤਾਂ ਦੇ ਮਰਨ ਤੋਂ ਬਾਅਦ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਵੀ ਬਖ਼ਸ਼ਣ ਲਈ ਤਿਆਰ ਨਹੀਂ ਹੈ।

**ਹਾਥਰਸ ਤੋਂ ਕਨੋਈ: ਮ੍ਰਿਤਕ ਦੇਹਾਂ ਨਾਲ ਹੁੰਦਾ ਅਣਮਨੁੱਖੀ ਸਲੂਕ**

ਸਤੰਬਰ 2020 ਵਿੱਚ ਉੱਤਰ ਪ੍ਰਦੇਸ਼ ਦੇ ਹਾਥਰਸ ਵਿੱਚ ਇੱਕ 19 ਸਾਲਾ ਦਲਿਤ ਧੀ ਦਾ ਵਹਿਸ਼ੀਆਨਾ ਕਤਲ ਹੋਇਆ। ਉਸ ਦੀ ਰੀੜ੍ਹ ਦੀ ਹੱਡੀ ਭੰਨੀ ਗਈ ਅਤੇ ਜੀਭ ਕੱਟੀ ਗਈ। ਮੌਤ ਤੋਂ ਬਾਅਦ ਪੁਲੀਸ ਨੇ ਅੱਧੀ ਰਾਤ ਨੂੰ ਪਰਿਵਾਰ ਦੀ ਗ਼ੈਰਹਾਜ਼ਰੀ ਵਿੱਚ ਚੁੱਪ-ਚੁਪੀਤੇ ਉਸ ਦਾ ਸਸਕਾਰ ਕਰ ਦਿੱਤਾ। ਪਰਿਵਾਰ ਨੂੰ ਅੰਤਿਮ ਦਰਸ਼ਨ ਵੀ ਨਾ ਕਰਨ ਦਿੱਤੇ ਗਏ। ਉਦੋਂ ਪੀੜਤ ਕੁੜੀ ਦੀ ਭਾਬੀ ਨੇ ਰੋਂਦਿਆਂ ਕਿਹਾ ਸੀ, 'ਅਸੀਂ ਦਲਿਤ ਹਾਂ, ਏਹੀ ਹੈ ਸਾਡਾ ਗੁਨਾਹ।'

ਠੀਕ ਛੇ ਸਾਲ ਬਾਅਦ, ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਕਨੋਈ ਵਿੱਚ ਵੀ ਇਹੀ ਕਹਾਣੀ ਦੁਹਰਾਈ ਗਈ। 26 ਸਤੰਬਰ 2026 ਨੂੰ ਦਲਿਤ ਪਰਿਵਾਰ ਦੇ ਨੌਜਵਾਨ ਸਨਮਦੀਪ ਸਿੰਘ (ਸੰਨੀ) ਨੇ ਜਾਤੀ ਅਪਮਾਨ ਅਤੇ ਸਥਾਨਕ ਦਬਾਅ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਲਈ। ਜਦੋਂ ਪਰਿਵਾਰ ਨੇ ਸਰਪੰਚ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਧਰਨਾ ਦਿੱਤਾ, ਤਾਂ ਪੰਜਾਬ ਪੁਲਿਸ ਨੇ ਸਨਮਦੀਪ ਦੀ ਮਾਂ ਅਤੇ ਦਾਦੀ ਨੂੰ ਸੜਕਾਂ 'ਤੇ ਘਸੀਟਿਆ। ਪਰਿਵਾਰ ਦੇ ਅੱਠ ਮੈਂਬਰਾਂ ਸਮੇਤ ਬਾਰਾਂ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਹਾਥਰਸ ਵਾਂਗ ਹੀ, ਸਨਮਦੀਪ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪੇ ਬਿਨਾਂ ਹੀ ਪੁਲਿਸ ਤੇ ਪ੍ਰਸ਼ਾਸਨ ਨੇ ਆਪਣੇ ਪੱਧਰ 'ਤੇ ਅਗਨ ਭੇਟ ਕਰ ਦਿੱਤੀ।

ਹੱਦ ਤਾਂ ਉਦੋਂ ਹੋਈ ਜਦੋਂ ਪੁਲਿਸ ਨੇ ਉਲਟਾ ਪਰਿਵਾਰ 'ਤੇ ਹੀ ਐੱਫ਼.ਆਈ.ਆਰ. ਦਰਜ ਕਰ ਦਿੱਤੀ ਕਿ ਪਰਿਵਾਰ ਨੇ ਪੋਸਟ ਮਾਰਟਮ ਦਾ ਨੋਟਿਸ ਲੈਣ ਤੋਂ ਇਨਕਾਰ ਕਰਕੇ ਲਾਸ਼ ਦਾ 'ਨਿਰਾਦਰ' ਕੀਤਾ ਹੈ। ਆਧੁਨਿਕ ਸਿਹਤ ਸਹੂਲਤਾਂ ਦੇ ਦਾਅਵਿਆਂ ਵਾਲੇ ਸੂਬੇ ਵਿੱਚ ਪੁਲਿਸ ਨੇ ਬਹਾਨਾ ਬਣਾਇਆ ਕਿ ਮ੍ਰਿਤਕ ਦੇਹ ਖ਼ਰਾਬ ਹੋ ਰਹੀ ਸੀ, ਇਸ ਲਈ ਤੁਰੰਤ ਸਸਕਾਰ ਕਰਨਾ ਪਿਆ।

**ਪੰਜਾਬ ਵਿੱਚ ਫੈਲਿਆ ਜ਼ੁਲਮਾਂ ਦਾ ਜਾਲ**

ਕਨੋਈ ਕੋਈ ਇਕੱਲੀ ਘਟਨਾ ਨਹੀਂ ਹੈ। ਇਨ੍ਹਾਂ ਹੀ ਦਿਨਾਂ ਦੌਰਾਨ ਪੰਜਾਬ ਅੰਦਰ ਦਲਿਤਾਂ 'ਤੇ ਜਬਰ ਦੀਆਂ ਕਈ ਹੋਰ ਘਟਨਾਵਾਂ ਸਾਹਮਣੇ ਆਈਆਂ:

ਤੂਰ ਬੰਜਾਰਾ (ਸੰਗਰੂਰ): ਦਲਿਤ ਨੌਜਵਾਨ ਗੁਲਜ਼ਾਰ ਸਿੰਘ ਨੇ ਇੱਕ ਮੰਤਰੀ ਦੇ ਸਾਹਮਣੇ ਨਸ਼ਿਆਂ ਦਾ ਮੁੱਦਾ ਉਠਾਇਆ ਸੀ। ਇਸ ਤੋਂ ਬਾਅਦ ਸਥਾਨਕ ਆਪ ਪਾਰਟੀ ਦੇ ਆਗੂਆਂ ਅਤੇ ਸਰਪੰਚ ਨੇ ਉਸ ਨੂੰ ਜ਼ਲੀਲ ਕੀਤਾ ਅਤੇ ਧਮਕੀਆਂ ਦਿੱਤੀਆਂ। ਬੇਇੱਜ਼ਤੀ ਨਾ ਸਹਾਰਦਿਆਂ ਉਸ ਨੇ ਵੀਡੀਓ ਬਣਾ ਕੇ ਖ਼ੁਦਕੁਸ਼ੀ ਕਰ ਲਈ।

ਜ਼ਮੀਨੀ ਹੱਕਾਂ ਦਾ ਸੰਘਰਸ਼: ਪਿੰਡਾਂ ਦੀ ਸਾਂਝੀ ਸ਼ਾਮਲਾਟ ਜ਼ਮੀਨ ਵਿੱਚੋਂ ਦਲਿਤਾਂ ਦੇ ਬਣਦੇ ਤੀਜੇ ਹਿੱਸੇ ਦੇ ਹੱਕ ਨੂੰ ਕੁਚਲਣ ਲਈ ਧਨਾਢ ਧਿਰਾਂ ਲਗਾਤਾਰ ਡੰਮੀ ਬੋਲੀਆਂ ਅਤੇ ਬਾਈਕਾਟ ਦਾ ਸਹਾਰਾ ਲੈ ਰਹੀਆਂ ਹਨ। ਬਰਨਾਲੇ ਵਿੱਚ ਸਫ਼ਾਈ ਸੇਵਕਾਂ ਦੀ ਕੁੱਟਮਾਰ ਵੀ ਇਸੇ ਜਾਤੀ ਹੰਕਾਰ ਦਾ ਨਤੀਜਾ ਹੈ।

**ਹੱਲ ਕੀ ਹੈ?**

ਦਲਿਤ ਆਗੂ ਬਲਵਿੰਦਰ ਅੰਬੇਡਕਰ ਦਾ ਕਹਿਣਾ ਹੈ ਕਿ ਸੱਤਾ ਦਾ ਸੰਦੇਸ਼ ਸਾਫ਼ ਹੈ ਕਿ 'ਸਾਡੇ ਕੋਲ ਅੰਬੇਡਕਰ ਦੀ ਤਸਵੀਰ ਹੈ, ਸੱਤਾ ਦੀ ਤਹਿਰੀਰ ਹੈ, ਤੁਸੀਂ ਚੁੱਪ ਰਹੋ।' ਪਰ ਕੀ ਦਲਿਤਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਚੁੱਪ ਰਹਿਣਾ ਚਾਹੀਦਾ ਹੈ? ਬਿਲਕੁਲ ਨਹੀਂ।

**ਇਨਸਾਫ਼ ਲੈਣ ਲਈ ਹੇਠ ਲਿਖੇ ਕਦਮ ਚੁੱਕਣੇ ਲਾਜ਼ਮੀ ਹਨ:**

ਪੁਲਿਸ ਅਧਿਕਾਰੀਆਂ 'ਤੇ ਸਿੱਧੀ ਕਾਰਵਾਈ: ਜਿਨ੍ਹਾਂ ਪੁਲਿਸ ਅਧਿਕਾਰੀਆਂ ਨੇ ਹਾਥਰਸ ਜਾਂ ਕਨੋਈ ਵਿੱਚ ਪਰਿਵਾਰ ਦੀ ਮਰਜ਼ੀ ਤੋਂ ਬਿਨਾਂ ਸਸਕਾਰ ਕਰਵਾਇਆ ਅਤੇ ਪੀੜਤਾਂ 'ਤੇ ਹੀ ਪਰਚੇ ਦਰਜ ਕੀਤੇ, ਉਨ੍ਹਾਂ ਵਿਰੁੱਧ ਐੱਸਸੀ/ਐੱਸਟੀ ਐਕਟ ਤਹਿਤ ਸਿੱਧੇ ਅਪਰਾਧਿਕ ਮੁਕੱਦਮੇ ਦਰਜ ਹੋਣੇ ਚਾਹੀਦੇ ਹਨ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਅਤੇ ਦਲਿਤ ਜਥੇਬੰਦੀਆਂ ਦਾ ਸਾਂਝਾ ਮੋਰਚਾ ਬਣੇ। ਜਦੋਂ ਤੱਕ ਜਨਤਕ ਦਬਾਅ ਨਹੀਂ ਬਣਦਾ, ਸੱਤਾ ਧਿਰਾਂ ਦੋਸ਼ੀਆਂ ਨੂੰ ਬਚਾਉਂਦੀਆਂ ਰਹਿਣਗੀਆਂ।

ਚੁੱਪ ਰਹਿਣਾ ਜ਼ੁਲਮ ਨੂੰ ਕਬੂਲ ਕਰਨਾ ਹੈ। ਸਨਮਦੀਪ, ਗੁਲਜ਼ਾਰ ਅਤੇ ਹਾਥਰਸ ਦੀ ਧੀ ਨੂੰ ਸੱਚਾ ਇਨਸਾਫ਼ ਤਾਂ ਹੀ ਮਿਲੇਗਾ ਜੇਕਰ ਸਮਾਜ ਇਸ ਧੱਕੇਸ਼ਾਹੀ ਖ਼ਿਲਾਫ਼ ਬੇਖ਼ੌਫ਼ ਹੋ ਕੇ ਆਪਣੀ ਅਵਾਜ਼ ਬੁਲੰਦ ਕਰੇਗਾ।

ਸਮੁੰਦਰੋਂ ਪਾਰ ਪਹੁੰਚਿਆ ਜਾਤੀਵਾਦ: ਕਲਾਸ-ਰੂਮਾਂ ਤੋਂ ਕਾਰਪੋਰੇਟ ਤੱਕ ਪਿੱਛਾ ਕਰਦਾ ਪੱਖਪਾਤ

* ਪੱਛਮੀ ਡਿਗਰੀਆਂ, ਮਨੂੰਵਾਦੀ ਸੋਚ: ਵਿਦੇਸ਼ਾਂ ਵਿੱਚ ਦਲਿਤ ਵਿਦਿਆਰਥੀਆਂ ਨਾਲ ਵਧੀਕੀਆਂ

ਭਾਰਤ ਦੀਆਂ ਉੱਚ ਜਾਤਾਂ ਦੇ ਲੋਕ ਵਿਦੇਸ਼ਾਂ ਵਿੱਚ ਜਾ ਵਸੇ ਹਨ ਪਰ ਉਨ੍ਹਾਂ ਦੀ ਜਾਤੀਵਾਦੀ ਸੋਚ ਨਹੀਂ ਬਦਲੀ। ਉਹ ਆਪਣਾ ਜਾਤੀ ਹੰਕਾਰ ਅਤੇ ਨਫ਼ਰਤ ਵੀ ਨਾਲ ਲੈ ਗਏ। ਹੁਣ ਇਹ ਵਿਤਕਰਾ ਪੱਛਮੀ ਮੁਲਕਾਂ ਦੇ ਸਕੂਲਾਂ-ਕਾਲਜਾਂ ਤੱਕ ਪਹੁੰਚ ਚੁੱਕਾ ਹੈ। ਉੱਥੋਂ ਦੇ ਸਮਾਜਿਕ ਦਾਇਰਿਆਂ ਵਿੱਚ ਵੀ ਦਲਿਤਾਂ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ। ਸਰਹੱਦਾਂ ਬਦਲ ਗਈਆਂ, ਪਰ ਜਾਤ-ਪਾਤ ਦਾ ਜ਼ਹਿਰ ਉਵੇਂ ਹੀ ਕਾਇਮ ਹੈ।

'ਦਾ ਹਿੰਦੂ' ਵਿੱਚ ਛਪੀ ਤਾਜ਼ਾ ਰਿਪੋਰਟ ਅਨੁਸਾਰ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਵੀ ਜਾਤੀਵਾਦ ਪੈਰ ਪਸਾਰ ਚੁੱਕਾ ਹੈ। ਹੋਸਟਲਾਂ, ਲੈਬਾਂ ਅਤੇ ਸਾਂਝੀਆਂ ਰਸੋਈਆਂ ਵਿੱਚ ਅਕਸਰ ਗੋਤ ਪੁੱਛੇ ਜਾਂਦੇ ਹਨ। ਖਾਣ-ਪੀਣ ਦੇ ਆਧਾਰ 'ਤੇ ਵਿਤਕਰਾ ਕੀਤਾ ਜਾਂਦਾ ਹੈ। ਵਜ਼ੀਫ਼ੇ 'ਤੇ ਆਏ ਵਿਦਿਆਰਥੀਆਂ ਦੀ ਕਾਬਲੀਅਤ 'ਤੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ। ਪੜ੍ਹਾਈ ਦੇ ਗਰੁੱਪ ਬਣਾਉਣ ਵੇਲੇ ਦਲਿਤਾਂ ਨੂੰ ਬਾਹਰ ਰੱਖਿਆ ਜਾਂਦਾ ਹੈ। ਸਮਾਜਿਕ ਤੌਰ 'ਤੇ ਉਨ੍ਹਾਂ ਨੂੰ ਚੁੱਪ-ਚੁਪੀਤੇ ਅਲੱਗ-ਥਲੱਗ ਕਰ ਦਿੱਤਾ ਜਾਂਦਾ ਹੈ। ਸਿਲੀਕਾਨ ਵੈਲੀ ਦੀਆਂ ਕੰਪਨੀਆਂ ਤੋਂ ਬਾਅਦ ਹੁਣ ਇਹ ਬਿਮਾਰੀ ਕਾਲਜ ਕੈਂਪਸਾਂ ਵਿੱਚ ਵੀ ਫੈਲ ਗਈ ਹੈ। ਇਹ ਧੱਕੇਸ਼ਾਹੀ ਦਲਿਤ ਨੌਜਵਾਨਾਂ ਨੂੰ ਡੂੰਘੀ ਮਾਨਸਿਕ ਬੇਵੱਸੀ ਅਤੇ ਇਕੱਲਤਾ ਵੱਲ ਧੱਕ ਦਿੰਦੀ ਹੈ।

ਕੈਨੇਡਾ ਦੇ ਸਿੱਖ ਚਿੰਤਕ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਅਨੁਸਾਰ ਇਹ ਵਰਤਾਰਾ ਇਸ ਭਰਮ ਨੂੰ ਤੋੜਦਾ ਹੈ ਕਿ ਉੱਚ ਵਿੱਦਿਆ, ਆਧੁਨਿਕਤਾ ਅਤੇ ਆਰਥਿਕ ਖ਼ੁਸ਼ਹਾਲੀ ਮਨੁੱਖ ਨੂੰ ਆਪਣੇ ਆਪ ਜਾਤੀ ਮੁਕਤ ਬਣਾ ਦਿੰਦੀ ਹੈ। ਪੱਛਮੀ ਮੁਲਕਾਂ ਦੇ ਸੂਟ-ਬੂਟ ਪਹਿਨ ਕੇ ਅਤੇ ਵੱਡੀਆਂ ਬਹੁ-ਕੌਮੀ ਕੰਪਨੀਆਂ ਵਿੱਚ ਲੱਖਾਂ ਦੇ ਪੈਕੇਜ ਲੈ ਕੇ ਵੀ ਜੇਕਰ ਸੋਚ ਮਨੂੰਵਾਦੀ ਦਰਜਾਬੰਦੀ ਵਿੱਚ ਹੀ ਕੈਦ ਰਹਿੰਦੀ ਹੈ, ਤਾਂ ਅਜਿਹੀ ਪੜ੍ਹਾਈ ਮਹਿਜ਼ ਤਕਨੀਕੀ ਹੁਨਰ ਹੈ, ਚੇਤਨਾ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਸੁਆਗਤਯੋਗ ਗੱਲ ਇਹ ਹੈ ਕਿ ਦਲਿਤ ਵਿਦਿਆਰਥੀਆਂ ਅਤੇ ਕਾਰਕੁਨਾਂ ਦੇ ਦ੍ਰਿੜ੍ਹ ਸੰਘਰਸ਼ ਸਦਕਾ ਪੱਛਮੀ ਸੰਸਥਾਵਾਂ ਨੇ ਇਸ ਧੱਕੇਸ਼ਾਹੀ ਨੂੰ ਪਛਾਣਨਾ ਸ਼ੁਰੂ ਕੀਤਾ ਹੈ। ਸੀਐਟਲ ਸ਼ਹਿਰ ਵੱਲੋਂ ਜਾਤੀ ਵਿਤਕਰੇ ਨੂੰ ਗ਼ੈਰ-ਕਾਨੂੰਨੀ ਐਲਾਨਣਾ ਅਤੇ ਹਾਰਵਰਡ, ਬ੍ਰਾਊਨ ਤੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਵਰਗੇ ਅਦਾਰਿਆਂ ਵੱਲੋਂ ਆਪਣੀਆਂ ਨੀਤੀਆਂ ਵਿੱਚ 'ਜਾਤ' ਨੂੰ ਵਿਤਕਰੇ ਦੇ ਦਾਇਰੇ ਵਿੱਚ ਸ਼ਾਮਲ ਕਰਨਾ ਇਤਿਹਾਸਕ ਕਦਮ ਹਨ। ਕੈਨੇਡਾ ਦੀ ਦਲਿਤ ਆਗੂ ਕਮਲੇਸ਼ ਅਹੀਰ ਅਨੁਸਾਰ ਕਾਨੂੰਨ ਬਣਨ ਨਾਲ ਸਭ ਕੁਝ ਹੱਲ ਨਹੀਂ ਹੁੰਦਾ। ਅਸਲ ਲੜਾਈ ਤਾਂ ਲੋਕਾਂ ਦੀ ਸੋਚ ਵਿਰੁੱਧ ਹੈ। ਜਦੋਂ ਵੀ ਵਿਦੇਸ਼ਾਂ ਵਿੱਚ ਜਾਤ-ਵਿਰੋਧੀ ਕਾਨੂੰਨ ਬਣਦੇ ਹਨ, ਕੁਝ ਵੱਡੇ ਸੰਗਠਨ ਰੌਲਾ ਪਾਉਣ ਲੱਗਦੇ ਹਨ।

ਉਹ ਕਹਿੰਦੇ ਹਨ ਕਿ ਇਸ ਨਾਲ ਭਾਰਤ ਦਾ ਅਕਸ ਖ਼ਰਾਬ ਹੁੰਦਾ ਹੈ। ਪਰ ਅਸਲ ਸਵਾਲ ਬਹੁਤ ਸਿੱਧਾ ਹੈ। ਕੀ ਅਕਸ ਜ਼ੁਲਮ ਅਤੇ ਵਿਤਕਰੇ ਵਿਰੁੱਧ ਆਵਾਜ਼ ਉਠਾਉਣ ਨਾਲ ਖ਼ਰਾਬ ਹੁੰਦਾ ਹੈ?

ਜਾਂ ਵਿਦੇਸ਼ਾਂ ਵਿੱਚ ਬੈਠ ਕੇ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਨੀਵਾਂ ਦਿਖਾਉਣ ਨਾਲ?

ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਵਿਦੇਸ਼ ਜਾ ਕੇ ਵੀ ਸਾਡੀ ਸੋਚ ਨਾ ਬਦਲੀ, ਤਾਂ ਤਰੱਕੀ ਦੇ ਸਾਰੇ ਦਾਅਵੇ ਝੂਠੇ ਹਨ। ਮਨੂੰਵਾਦੀ ਗ਼ੁਲਾਮ ਮਾਨਸਿਕਤਾ ਸਾਨੂੰ ਕਦੇ ਅੱਗੇ ਨਹੀਂ ਵਧਣ ਦੇਵੇਗੀ। ਅੱਜ ਪਰਵਾਸੀ ਭਾਰਤੀਆਂ ਨੂੰ ਆਪਣੇ ਅੰਦਰ ਝਾਕਣ ਦੀ ਲੋੜ ਹੈ। ਉਨ੍ਹਾਂ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਪਵੇਗਾ। ਸਮੇਂ ਦੀ ਮੰਗ ਹੈ ਕਿ ਜਾਤ-ਪਾਤ ਦਾ ਇਹ ਜ਼ਹਿਰ ਹਮੇਸ਼ਾ ਲਈ ਖ਼ਤਮ ਕੀਤਾ ਜਾਵੇ। ਸੱਚੀ ਤਰੱਕੀ ਡਾਲਰਾਂ ਨਾਲ ਨਹੀਂ, ਬਰਾਬਰੀ ਵਾਲੀ ਸੋਚ ਨਾਲ ਹੁੰਦੀ ਹੈ।

# ਮੋਦੀ ਸਰਕਾਰ ਦਾ ਤੀਜਾ ਦੌਰ: ਵਧਦੀਆਂ ਚੁਣੌਤੀਆਂ ਤੇ ਲੜਖੜਾਉਂਦੇ ਫ਼ੈਸਲੇ

ਰਜਿੰਦਰ ਸਿੰਘ ਪੁਰੇਵਾਲ

ਸਿਆਸਤ ਵਿੱਚ ਲੰਬਾ ਸਮਾਂ ਰਹਿਣ ਨਾਲ ਤਜਰਬਾ ਜ਼ਰੂਰ ਮਿਲਦਾ ਹੈ, ਪਰ ਹੌਲੀ-ਹੌਲੀ ਸੱਤਾ ਵਿਰੋਧੀ ਰੋਸ ਅਤੇ ਨਵੇਂ ਸੰਕਟ ਵੀ ਵਧਣ ਲੱਗਦੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਨਤਕ ਅਹੁਦੇ 'ਤੇ ਆਪਣੇ 26ਵੇਂ ਸਾਲ ਵਿੱਚ ਪ੍ਰਵੇਸ਼ ਕਰ ਚੁੱਕੇ ਹਨ। ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸ਼ੁਰੂ ਹੋਇਆ ਇਹ ਸਫ਼ਰ ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਤੀਜੇ ਕਾਰਜਕਾਲ ਦੇ ਮਹੱਤਵਪੂਰਨ ਪੜਾਅ 'ਤੇ ਪਹੁੰਚ ਚੁੱਕਾ ਹੈ। ਸਮਰਥਕ ਇਸ ਪੰਝੀ ਸਾਲਾ ਪੈਂਡੇ ਨੂੰ ਬੇਮਿਸਾਲ ਅਗਵਾਈ ਵਜੋਂ ਪੇਸ਼ ਕਰ ਰਹੇ ਹਨ, ਪਰ ਬੇਲਾਗ ਸਿਆਸੀ ਵਿਸ਼ਲੇਸ਼ਣ ਦੱਸਦਾ ਹੈ ਕਿ ਕੇਂਦਰ ਸਰਕਾਰ ਇਸ ਵੇਲੇ ਬਹੁਪੱਖੀ ਸੰਕਟਾਂ ਦੇ ਘੇਰੇ ਵਿੱਚ ਹੈ। ਇਤਿਹਾਸ ਗਵਾਹ ਹੈ ਕਿ ਭਾਰਤੀ ਸਿਆਸਤ ਵਿੱਚ ਕਿਸੇ ਵੀ ਸ਼ਾਸਕ ਦੇ ਤੀਜੇ ਕਾਰਜਕਾਲ ਦਾ ਦੌਰ ਸਭ ਤੋਂ ਵੱਧ ਪਰਖ ਵਾਲਾ ਹੁੰਦਾ ਹੈ ਅਤੇ ਮੌਜੂਦਾ ਹਾਲਾਤ ਇਸ ਦੀ ਪੁਸ਼ਟੀ ਕਰਦੇ ਦਿਖਾਈ ਦੇ ਰਹੇ ਹਨ।

2014 ਤੋਂ ਭਾਜਪਾ ਦੀ ਸਫ਼ਲਤਾ ਤਿੰਨ ਥੰਮ੍ਹਾਂ 'ਤੇ ਟਿਕੀ ਹੈ—ਮਜ਼ਬੂਤ ਰਾਸ਼ਟਰਵਾਦ, ਪਾਰਦਰਸ਼ੀ ਭਲਾਈ ਯੋਜਨਾਵਾਂ ਅਤੇ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦਾ ਨਿਰਮਾਣ। ਇਹ ਤਿੰਨੇ ਸੂਤਰ ਲੰਬੇ ਸਮੇਂ ਤੱਕ ਅਜਿੱਤ ਮੰਨੇ ਜਾਂਦੇ ਰਹੇ। ਪਰ ਅੱਜ ਇਹ ਤਿੰਨੇ ਸੂਤਰ ਪਰਖ ਦੇ ਦੌਰ ਵਿੱਚ ਹਨ। ਸਰਕਾਰੀ ਸੰਸਥਾਵਾਂ 'ਤੇ ਸਵਾਲ, ਆਰਥਿਕ ਤੰਗੀ ਅਤੇ ਗੱਠਜੋੜ ਦੀਆਂ ਦਰਾੜਾਂ ਮਿਲ ਕੇ ਇੱਕ ਵੱਡੇ ਸੰਕਟ ਵੱਲ ਇਸ਼ਾਰਾ ਕਰ ਰਹੀਆਂ ਹਨ।

ਸਭ ਤੋਂ ਗੰਭੀਰ ਚਿੰਤਾ ਲੋਕਤੰਤਰੀ ਸੰਸਥਾਵਾਂ ਦੀ ਸਾਖ਼ ਨੂੰ ਲੈ ਕੇ ਹੈ। ਚੋਣ ਕਮਿਸ਼ਨ, ਜਿਸ ਨੂੰ ਨਿਰਪੱਖਤਾ ਦਾ ਪ੍ਰਤੀਕ ਮੰਨਿਆ ਜਾਂਦਾ ਸੀ, ਅੱਜ ਭਰੋਸੇਯੋਗਤਾ ਦੇ ਸੰਕਟ ਨਾਲ ਜੂਝ ਰਿਹਾ ਹੈ। ਕਮਿਸ਼ਨਰਾਂ ਵਿਚਕਾਰ ਅੰਦਰੂਨੀ ਮਤਭੇਦ ਅਤੇ ਫ਼ੈਸਲਿਆਂ 'ਤੇ ਉੱਠਦੇ ਸ਼ੰਕੇ ਲੋਕਤੰਤਰ ਲਈ ਸ਼ੁਭ ਸੰਕੇਤ ਨਹੀਂ ਹਨ। ਦੂਜੇ ਪਾਸੇ, ਅਦਾਲਤਾਂ ਦੇ ਅਸਪੱਸ਼ਟ ਰੁਖ਼ ਨੇ ਇਹ ਧਾਰਨਾ ਪੱਕੀ ਕਰ ਦਿੱਤੀ ਹੈ ਕਿ ਨਿਆਂਪਾਲਿਕਾ ਕਾਰਜਪਾਲਿਕਾ ਦੇ ਦਬਾਅ ਹੇਠ ਆਪਣੀ ਆਜ਼ਾਦੀ ਬਰਕਰਾਰ ਰੱਖਣ ਵਿੱਚ ਅਸਮਰੱਥ ਦਿਖਾਈ ਦੇ ਰਹੀ ਹੈ। 2024 ਦੀਆਂ ਆਮ ਚੋਣਾਂ ਦੌਰਾਨ 'ਸੰਵਿਧਾਨ ਬਦਲਣ' ਦੇ ਬਿਆਨਾਂ ਨੇ ਆਮ ਲੋਕਾਂ ਅੰਦਰ ਜੋ ਖ਼ਦਸ਼ਾ ਪੈਦਾ ਕੀਤਾ ਸੀ, ਉਹ ਅਜੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਭਾਰਤੀ ਲੋਕ ਸੰਵਿਧਾਨ ਨੂੰ ਸਿਰਫ਼ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਆਪਣੇ ਹੱਕਾਂ ਦਾ ਸੁਰੱਖਿਆ ਕਵਚ ਮੰਨਦੇ ਹਨ।

ਆਰਥਿਕ ਮੋਰਚੇ 'ਤੇ ਵੀ ਤਸਵੀਰ ਬਹੁਤੀ ਤਸੱਲੀਬਖ਼ਸ਼ ਨਹੀਂ ਹੈ। ਜੀ.ਡੀ.ਪੀ. ਦੇ ਅੰਕੜਿਆਂ ਦੀ ਪ੍ਰਮਾਣਿਕਤਾ 'ਤੇ ਸਾਬਕਾ ਉੱਚ ਅਧਿਕਾਰੀਆਂ ਵੱਲੋਂ ਉਠਾਏ ਸਵਾਲਾਂ ਨੇ ਨੀਤੀ ਘਾੜਿਆਂ ਨੂੰ ਕਸੂਤੀ ਸਥਿਤੀ ਵਿੱਚ ਪਾਇਆ ਹੈ। ਰੁਪਏ ਦੀ ਡਿੱਗਦੀ ਕੀਮਤ, ਵਧਦੀ ਮਹਿੰਗਾਈ ਅਤੇ ਸ਼ੇਅਰ ਬਾਜ਼ਾਰ ਵਿੱਚ ਲਗਾਤਾਰ ਮੰਦੀ ਨੇ ਮੱਧ ਵਰਗ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਖ਼ਾਸ ਤੌਰ 'ਤੇ ਉਹ ਮੱਧ ਵਰਗ, ਜਿਸ ਨੇ ਆਪਣੀ ਮਿਹਨਤ ਦੀ ਕਮਾਈ ਮਿਊਚਲ ਫੰਡਾਂ ਰਾਹੀਂ ਬਾਜ਼ਾਰ ਵਿੱਚ ਲਗਾਈ ਹੈ, ਅੱਜ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਪੇਪਰ ਲੀਕ ਅਤੇ ਬੇਰੁਜ਼ਗਾਰੀ ਕਾਰਨ ਨੌਜਵਾਨ ਪੀੜ੍ਹੀ ਵਿੱਚ ਫੈਲੀ ਬੇਚੈਨੀ ਸਰਕਾਰ ਦੀ ਪੁਰਾਣੀ ਕਾਰਜਸ਼ੈਲੀ ਨੂੰ ਚੁਣੌਤੀ ਦੇ ਰਹੀ ਹੈ। ਸਿਆਸੀ ਪੱਧਰ 'ਤੇ ਵੀ ਸਰਕਾਰ ਪਹਿਲਾਂ ਵਰਗੀ ਮਜ਼ਬੂਤ ਅਤੇ ਤੁਰੰਤ ਫ਼ੈਸਲੇ ਲੈਣ ਵਾਲੀ ਨਜ਼ਰ ਨਹੀਂ ਆ ਰਹੀ। ਕੈਬਨਿਟ ਵਿੱਚ ਜ਼ਰੂਰੀ ਫੇਰਬਦਲ ਨੂੰ ਲੰਮੇ ਸਮੇਂ ਤੱਕ ਟਾਲਣਾ, ਕਈ ਅਹਿਮ ਮੰਤਰਾਲਿਆਂ ਦਾ ਪੂਰਨ ਮੰਤਰੀਆਂ ਤੋਂ ਬਿਨਾਂ ਚੱਲਣਾ ਅਤੇ ਵਿਧਾਨਕ ਮਾਮਲਿਆਂ ਵਿੱਚ ਝਿਜਕ ਇਹ ਦਰਸਾਉਂਦੀ ਹੈ ਕਿ ਫ਼ੈਸਲੇ ਲੈਣ ਦੀ ਸਮਰੱਥਾ ਪ੍ਰਭਾਵਿਤ ਹੋਈ ਹੈ। ਇਸ ਦੇ ਨਾਲ ਹੀ ਗੱਠਜੋੜ ਦੇ ਛੋਟੇ ਸਹਿਯੋਗੀ ਦਲ, ਜੋ ਪਹਿਲਾਂ ਚੁੱਪ-ਚਾਪ ਸਮਰਥਨ ਦਿੰਦੇ ਸਨ, ਹੁਣ ਜਨਤਕ ਤੌਰ 'ਤੇ ਨਾਰਾਜ਼ਗੀ ਜ਼ਾਹਿਰ ਕਰਨ ਲੱਗੇ ਹਨ। ਬਿਹਾਰ ਤੋਂ ਲੈ ਕੇ ਉੱਤਰ ਪ੍ਰਦੇਸ਼ ਤੱਕ ਸਹਿਯੋਗੀਆਂ ਦੇ ਬਾਗ਼ੀ ਸੁਰ ਸਰਕਾਰ ਦੀ ਸਿਆਸੀ ਪਕੜ ਕਮਜ਼ੋਰ ਹੋਣ ਦਾ ਸੰਕੇਤ ਦਿੰਦੇ ਹਨ। ਵਿਰੋਧੀ ਧਿਰ ਵੀ ਪਹਿਲਾਂ ਨਾਲੋਂ ਜ਼ਿਆਦਾ ਹਮਲਾਵਰ ਰੁਖ਼ ਅਪਣਾ ਰਹੀ ਹੈ। ਕੌਮਾਂਤਰੀ ਹਾਲਾਤ ਨੇ ਚੁਣੌਤੀਆਂ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਅਮਰੀਕਾ ਵਿੱਚ ਡੋਨਾਲਡ ਟਰੰਪ ਦੀਆਂ ਨਵੀਆਂ ਨੀਤੀਆਂ, ਰੂਸ-ਯੂਕ੍ਰੇਨ ਜੰਗ ਅਤੇ ਪੱਛਮੀ ਏਸ਼ੀਆ ਦੇ ਭਖਦੇ ਸੰਕਟ ਨੇ ਭਾਰਤ ਦੀ ਵਿਦੇਸ਼ ਨੀਤੀ ਅਤੇ ਊਰਜਾ ਸੁਰੱਖਿਆ ਲਈ ਸੀਮਾਵਾਂ ਤੈਅ ਕਰ ਦਿੱਤੀਆਂ ਹਨ। (ਬਾਕੀ ਸਫ਼ਾ 27 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜੋਤੀ ਜੋਤਿ ਦਿਵਸ ’ਤੇ ਵਿਸ਼ੇਸ਼

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ

ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ ਜਹਾਂਗੀਰ ਤਖ਼ਤ ’ਤੇ ਬੈਠਾ। ਉਸ ਨੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਇੱਕ ਰੂਹਾਨੀ ਅਗਵਾਈ, ਦੂਸਰੀ ਸੰਸਾਰਕ ਅਗਵਾਈ ਦਾ। ਉਨ੍ਹਾਂ ਹਥਿਆਰਬੰਦ ਹੋ ਕੇ ਸੰਤ ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਿਤ ਫ਼ੌਜ ਵਜੋਂ ਜਥੇਬੰਦ ਕੀਤਾ। ਜੰਗਾਂ ਵੀ ਜਿੱਤੀਆਂ।

ਮਾਰਚ 30,1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਗੁਰਗੱਦੀ ’ਤੇ ਬੈਠੇ। ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸ ਨੇ ਗੁਰੂ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ। ਜ਼ੁਲਮ ਦਾ ਭਿਆਨਕ ਸਮਾਂ ਆਉਂਦੇ ਵੇਖ ਕੇ ਉਹਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸਤਰ ਅਤੇ ਸ਼ਾਸਤਰ ਅਭਿਆਸ ਵਿੱਚ ਨਿਪੁੰਨ ਕੀਤਾ। ਅਜਿਹੀ ਸਿੱਖਿਆ ਦਿੱਤੀ ਕਿ ਗੋਬਿੰਦ ਰਾਏ ਜੀ ਨੇ ਆਪਣੇ ਪਿਤਾ ਜੀ ਨੂੰ ਧਰਮ ਯੁੱਧ ਵਿੱਚ ਕੁਰਬਾਨ ਹੋਣ ਲਈ ਭੇਜਿਆ। ਗੁਰੂ ਤੇਗ ਬਹਾਦਰ ਜੀ ਨੂੰ ਤਸੱਲੀ ਹੋਈ ਕਿ ਉਹਨਾਂ ਦਾ ਸਾਹਿਬਜ਼ਾਦਾ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਜੀ ਨੇ ਨਵੰਬਰ 11,1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ। ਹੁਣ ਸਵੈ-ਰਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖ਼ਿਲਾਫ਼ ਡਟਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਨਵੰਬਰ 24,1675 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ ’ਤੇ ਬੈਠੇ।

ਗੁਰੂ ਜੀ ਨੇ ਗੁਰਬਾਣੀ ਅਤੇ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਬਾਬਰਬਾਣੀ ਤੋਂ ਬਾਬਰ ਦੇ ਜ਼ੁਲਮਾਂ ਨੂੰ ਘੋਖਿਆ। ਮੁਗਲ ਹਾਕਮਾਂ ਨੇ ਜਬਰੀ ਇਸਲਾਮ ਫੈਲਾਉਣ ਲਈ ਜ਼ੁਲਮ ਕੀਤੇ ਜਾਣੇ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦੇ ਜ਼ੁਲਮਾਂ ਤੋਂ ਜਾਣੂੰ ਹੋਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ ਸਿਪਾਹੀ ਬਣ ਕੇ ਬਕਾਇਦਾ ਹਥਿਆਰਬੰਦ ਫ਼ੌਜ ਰੱਖੀ ਅਤੇ ਜੰਗਾਂ ਜਿੱਤੀਆਂ। ਹੁਣ ਗੁਰੂ ਜੀ ਨੇ ਮੌਜੂਦਾ ਹਾਲਤਾਂ ਵਿੱਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖ਼ਾਲਸਾ ਫ਼ੌਜੀ ਬਣਾਉਣਾ ਸੀ। ਵਿਉਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਕੇ ਠਹਿਰੇ। ਨਾਹਨ ਦੇ ਰਾਜੇ ਨੇ ਉਹਨਾਂ ਨੂੰ ਜਗ੍ਹਾ ਦਿੱਤੀ। ਗੁਰੂ ਜੀ ਨੇ ਪਾਉਂਟਾ ਕਿਲਾ ਉਸਾਰ ਲਿਆ।

**ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ**
**(ਖ਼ਾਲਸਾ ਸਾਜਨਾ ਤੋਂ ਪਹਿਲਾਂ)**

**ਭੰਗਾਣੀ ਦੀ ਜੰਗ** : ਗੁਰੂ ਜੀ ਦੇ ਸਿੱਖੀ ਪ੍ਰਚਾਰ ਅਤੇ ਵਧਦੀ ਫ਼ੌਜੀ ਤਾਕਤ ਤੋਂ ਸ਼ਿਵਾਲਕ ਦੇ ਪਹਾੜੀ ਰਾਜੇ ਔਖੇ ਸਨ। ਬਿਲਾਸਪੁਰ ਦੇ ਰਾਜਾ ਭੀਮਚੰਦ ਕਾਹਲੂਰੀਆ ਅਤੇ ਸ਼ਿਵਾਲਕ ਦੇ ਹਿੰਦੂ ਰਾਜਿਆਂ ਨੇ ਈਰਖਾ ਵਿੱਚ ਆ ਕੇ ਪਾਉਂਟਾ ਸਾਹਿਬ ਤੋਂ 6 ਮੀਲ ਦੂਰ ਭੰਗਾਣੀ ਦੇ ਛੋਟੇ ਜਿਹੇ ਮੈਦਾਨ ਵਿੱਚ ਅਪ੍ਰੈਲ 1686 ਨੂੰ ਜੰਗ ਸਹੇੜ ਲਈ। ਇਹ ਗੁਰੂ ਜੀ ਦੇ ਜੰਗੀ ਜੀਵਨ ਦੀ ਪਹਿਲੀ ਜੰਗ ਸੀ। ਗੁਰੂ ਜੀ ਉਸ ਵੇਲੇ 20 ਕੁ ਸਾਲ ਦੇ ਸਨ। ਗੁਰੂ ਜੀ ਦੀ ਅਗਵਾਈ ਹੇਠ ਗੁਰੂ ਜੀ ਦੇ ਨਾਲ ਸਨ ਭੂਆ ਬੀਬੀ ਵੀਰੋ ਜੀ ਦੇ ਪੁੱਤਰ ਸੰਗੋ ਸ਼ਾਹ, ਜੀਤ ਮੱਲ, ਗੋਪਾਲ ਚੰਦ, ਗੰਗਾ ਰਾਮ ਤੇ ਮੋਹਰੀ ਚੰਦ। ਹੋਰਨਾਂ ਵਿੱਚ ਮਾਮਾ ਕ੍ਰਿਪਾਲ ਜੀ,ਦੀਵਾਨ ਨੰਦ ਚੰਦ, ਸਾਹਿਬ ਚੰਦ, ਪੁਰੋਹਿਤ ਦਇਆ ਰਾਮ ਅਤੇ ਸਿੱਖ ਜਥੇ ਸਨ। ਸਿੰਘ ਫ਼ੌਜ 5000 ਸੀ। ਦੁਸ਼ਮਣ ਕੋਲ ਵੱਡੀ ਫ਼ੌਜ ਸੀ। ਸਿੰਘ ਬੜੀ ਬਹਾਦਰੀ ਨਾਲ ਲੜੇ। ਮਹੰਤ ਕ੍ਰਿਪਾਲ ਦਾਸ ਜੀ ਨੇ ਸੋਟੇ ਨਾਲ ਪਠਾਣ ਹਯਾਤ ਖਾਂ ਦਾ ਸਿਰ ਫੇਹ ਦਿੱਤਾ। ਲਾਲ ਚੰਦ ਹਲਵਾਈ ਵੈਰੀਆਂ ਦੇ ਆਹੂ ਲਾਉਂਦੇ ਸ਼ਹੀਦ ਹੋਏ। ਗੁਰੂ ਜੀ ਨੇ ਰਾਜਾ ਹਰੀ ਚੰਦ ਨੂੰ ਤੀਰਾਂ ਨਾਲ ਵਿੰਨ੍ਹ ਕੇ ਮਾਰਿਆ। ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਪਾਉਂਟੇ ਤੋਂ ਆਨੰਦਪੁਰ ਸਾਹਿਬ ਮੁੜ ਗਏ। ਫ਼ੌਜੀ ਤਿਆਰੀਆਂ ਵਿੱਚ ਚਾਰ ਕਿਲ੍ਹੇ ਉਸਾਰੇ : ਆਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ ਅਤੇ ਫਤਹਿਗੜ੍ਹ।

**ਨੰਦੋਣ ਦੀ ਜੰਗ**: ਰਾਜਾ ਭੀਮ ਚੰਦ ਦੀ ਅਗਵਾਈ ਹੇਠ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨੂੰ ਸਾਲਾਨਾ ਕਰ ਦੇਣਾ ਬੰਦ ਕਰ ਦਿੱਤਾ। ਜੰਮੂ ਦੇ ਮੁਗਲ ਸੂਬੇਦਾਰ ਮੀਆਂ ਖਾਂ ਨੇ 20 ਮਾਰਚ, 1691 ਨੂੰ ਆਲਿਫ਼ ਖਾਂ ਦੀ ਅਗਵਾਈ ਹੇਠ ਕਾਂਗੜਾ ਤੋਂ 32 ਕਿਲੋਮੀਟਰ ਬਿਆਸ ਦਰਿਆ ਦੇ ਕੰਢੇ ਨੰਦੋਣ ਵਿਖੇ ਜੰਗ ਛੇੜੀ । ਕਾਂਗੜਾ ਦੇ ਰਾਜੇ ਕ੍ਰਿਪਾਲ ਚੰਦ ਅਤੇ ਬਿਜਾਰਵਾਲ ਦੇ ਰਾਜੇ ਦਿਆਲ ਨੇ ਆਲਿਫ਼ ਦਾ ਸਾਥ ਦਿੱਤਾ। ਗੁਰੂ ਜੀ ਨੇ ਰਾਜਾ ਰਾਮ ਸਿੰਘ ਅਤੇ ਪਹਾੜੀ ਰਾਜਿਆਂ ਦਾ ਸਾਥ ਦਿੱਤਾ। ਸਿੰਘ ਬੜੀ ਬਹਾਦਰੀ ਨਾਲ ਲੜੇ। ਆਲਿਫ਼ ਖਾਂ ਹਾਰ ਕੇ ਭੱਜ ਗਿਆ। ਬਾਅਦ ਵਿੱਚ ਰਾਜਾ ਭੀਮ ਚੰਦ ਨੇ ਆਲਿਫ਼ ਖਾਂ ਨਾਲ ਸਮਝੌਤਾ ਕਰ ਲਿਆ।

**ਗੁਲੇਰ, ਹੁਸੈਨੀ ਜੰਗ**: ਆਲਿਫ਼ ਖਾਂ ਦੀ ਹਾਰ ਤੋਂ ਬਾਅਦ ਲਾਹੌਰ ਦੇ ਮੁਗਲ ਸੂਬੇਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਭੇਜਿਆ। ਉਹ ਵੀ ਸਿੱਖਾਂ ਦੀ ਬਹਾਦਰੀ ਅੱਗੇ ਟਿੱਕ ਨਾ ਸਕਿਆ ਤੇ ਮੁੜ ਗਿਆ। ਫਿਰ ਦਿਲਾਵਰ ਖਾਂ 2000 ਦੀ ਫ਼ੌਜ ਲੈ ਕੇ ਆਨੰਦਪੁਰ ਵੱਲ ਵਧਿਆ। ਰਾਜਾ ਭੀਮ ਚੰਦ ਕਾਹਲੂਰੀਆ, ਰਾਜਾ ਕ੍ਰਿਪਾਲ ਚੰਦ ਕਟੋਚੀਆ ਆਦਿ ਰਾਜੇ ਹੁਸੈਨੀ ਨਾਲ ਜਾ ਰਲੇ। ਉਹਨਾਂ ਪਹਿਲਾਂ ਗੁਲੇਰ ਸਰ ਕਰਨਾ ਚਾਹਿਆ। ਗੁਲੇਰ ਦੇ ਰਾਜੇ ਨੇ ਗੁਰੂ ਜੀ ਤੋਂ ਮਦਦ ਮੰਗੀ। ਸੰਨ 1696 ਵਿੱਚ ਹੋਈ ਇਸ ਜੰਗ ਵਿੱਚ ਭਾਈ ਸੰਗਤੀਆਂ ਸਿੰਘ ਦੀ ਅਗਵਾਈ ਹੇਠ ਸਿੱਖ ਜਥਿਆਂ ਨੇ ਘਮਸਾਨ ਦੀ ਜੰਗ ਲੜੀ। ਹੁਸੈਨੀ ਉਸ ਦੇ ਦੋ ਸਰਦਾਰ, ਕ੍ਰਿਪਾਲ ਚੰਦ ਕਟੋਚੀਆ ਅਤੇ ਹੋਰ ਪਹਾੜੀ ਸਰਦਾਰ ਮਾਰੇ ਗਏ। ਉਸ ਦੀ ਫ਼ੌਜ ਭੱਜ ਗਈ। ਰਾਜਾ ਭੀਮ ਚੰਦ ਵੀ ਭੱਜ ਗਿਆ। ਪਠਾਨਕੋਟ ਦੇ ਨੇੜੇ ਗੁਲੇਰ ਸਥਾਨ ’ਤੇ ਹੋਈ ਇਸ ਜੰਗ ਵਿੱਚ ਭਾਈ ਸੰਗਤੀਆਂ ਸਿੰਘ ਤੇ ਉਹਨਾਂ ਦੇ ਸੱਤ ਸਾਥੀ ਸ਼ਹੀਦੀਆਂ ਪਾ ਗਏ।

ਗੁਰੂ ਜੀ ਦੀਆਂ ਜਿੱਤਾਂ ਤੋਂ ਔਰੰਗਜ਼ੇਬ ਚਿੰਤਾਤੁਰ ਸੀ। ਸੰਨ 1696 ਵਿੱਚ ਉਸ ਨੇ ਆਪਣੇ ਪੁੱਤਰ ਮੁਰਨਾਜਮ ਨੂੰ ਪੰਜਾਬ ਵੱਲ ਭੇਜਿਆ। ਸ਼ਾਹਜਹਾਂ ਆਪ ਤਾਂ ਲਾਹੌਰ ਠਹਿਰ ਗਿਆ। ਉਸ ਨੇ ਮਿਰਜ਼ਾ ਬੇਗ ਦੀ ਅਗਵਾਈ ਹੇਠ ਵੱਡੀ ਫ਼ੌਜ ਭੇਜੀ। ਮੁਗਲ ਫ਼ੌਜਾਂ ਨੇ ਪਹਾੜੀ ਰਾਜਿਆਂ ਦੀ ਬੜੀ ਦੁਰਗਤੀ ਕੀਤੀ। ਉਸ ਨੇ ਘਰਾਂ ਨੂੰ ਲੁੱਟਿਆ ਅਤੇ ਫੂਕਿਆ ਵੀ। ਲੋਕਾਂ ਨੂੰ ਕੈਦੀ ਬਣਾ ਕੇ ਉਹਨਾਂ ਦੇ ਮੂੰਹ ਕਾਲੇ ਕਰਕੇ ਜਲੂਸ ਕੱਢਿਆ। ਔਰਤਾਂ ਦੀ ਬੇਪਤੀ ਵੀ ਹੋਈ। ਉਸ ਨੇ ਕਰ ਵਸੂਲ ਕਰ ਲਿਆ ਪਰ ਉਹ ਗੁਰੂ ਜੀ ਵੱਲ ਨਾ ਹੋਇਆ ਕਿਉਂਕਿ ਭਾਈ ਨੰਦ ਲਾਲ ਜੀ ਨੇ ਉਸ ਨੂੰ ਸਮਝਾਇਆ ਕਿ ਗੁਰੂ ਜੀ ਤਾਂ ਮਨੁੱਖਤਾ ਦੀ ਬਰਾਬਰੀ ਦੇ ਧਰਮ ਦਾ ਪ੍ਰਚਾਰ ਕਰਦੇ ਹਨ। ਉਹ ਧਾਰਮਿਕ ਹਨ। ਉਹਨਾਂ ਨਾਲ ਉਲਝਣਾ ਠੀਕ ਨਹੀਂ ਹੈ। ਭਾਈ ਨੰਦ ਲਾਲ ਜੀ ਮੁਗਲ ਦਰਬਾਰ ਵਿੱਚ ਸਕੱਤਰ ਰਹੇ ਸਨ। ਬਾਅਦ ਵਿੱਚ ਉਹ ਗੁਰੂ ਦਰਬਾਰ ਵਿੱਚ ਆ ਗਏ ਸਨ। ਉਹ ਇੱਕ ਕਵੀ ਅਤੇ ਅਰਬੀ ਫ਼ਾਰਸੀ ਦੇ ਉੱਘੇ ਵਿਦਵਾਨ ਸਨ।

**ਖ਼ਾਲਸੇ ਦਾ ਆਗਮਨ**: 1699 ਦੀ ਵਿਸਾਖੀ ’ਤੇ ਸਿੱਖ ਧਰਮ ਵਿੱਚ ਇੱਕ ਨਵਾਂ ਮੋੜ ਆਇਆ ਕਿ ਗੁਰੂ ਜੀ ਨੇ ਸੰਗਤ ਨੂੰ ਆਨੰਦਪੁਰ ਸਾਹਿਬ ਵਿਖੇ ਇਕੱਠੇ ਹੋਣ ਦਾ ਸੱਦਾ ਦਿੱਤਾ। ਲਗਭਗ 80 ਹਜ਼ਾਰ ਦਾ ਇਕੱਠ ਹੋਇਆ। ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਪੰਜਾ ਪਿਆਰਿਆਂ ਦੀ ਸਾਜਨਾ ਕੀਤੀ। ਹਾਕਮ ਜਿੰਨਾਂ ਨੇ ਦੱਬੇ ਕੁਚਲੇ, ਲੁੱਟੇ ਪੁੱਟੇ, ਨਿਖਿੱਧ, ਨਿਕੰਮੇ ਅਤੇ ਨੀਵੀਂਆਂ ਜਾਤਾਂ ਦੇ ਸਮਝਦੇ ਸਨ, ਨੂੰ ਸੂਰਬੀਰ ਫ਼ੌਜੀ ਯੋਧੇ ਬਣਾ ਦਿੱਤਾ। ਜੋ ਆਪਣੀ ਹੋਂਦ ਆਪ ਨਿਸ਼ਚਿਤ ਕਰਨ ਦੇ ਸਮਰੱਥ ਹੋਏ। ਅੰਮ੍ਰਿਤ ਦੀ ਦਾਤ ਨਾਲ ਅਜਿਹਾ ਜੋਸ਼ ਭਰਿਆ ਕਿ ਉਹ ਹੱਕ ਸੱਚ ਲਈ ਜੂਝਣ ਲਈ ਤਿਆਰ ਹੋਏ। ਉਹਨਾਂ ਬਿਨ ਤਨਖ਼ਾਹੋਂ ਗੁਰੂ ਜੀ ਦਾ ਜੰਗਾਂ ਵਿੱਚ ਸਾਥ ਦਿੱਤਾ ਅਤੇ ਸ਼ਹੀਦੀਆਂ ਪਾਈਆਂ।

**ਖ਼ਾਲਸਾ ਆਗਮਨ ਤੋਂ ਬਾਅਦ ਦੇ ਜੰਗ**
**( 1699-1705)**

ਆਨੰਦਪੁਰ ਸਾਹਿਬ ਦੀ ਪਹਿਲੀ ਜੰਗ (1701) ਖ਼ਾਲਸਾ ਸਾਜਨਾ ਅਤੇ ਖ਼ਾਲਸੇ ਦੇ ਸਿੱਧਾਂਤ ਪਹਾੜੀ ਰਾਜਿਆਂ ਤੋਂ ਵੱਖਰੇ ਸਨ। ਦੁਸ਼ਮਣ ਖ਼ਾਲਸੇ ਤੋਂ ਭੈ ਭੀਤ ਸੀ। ਜੰਗ ਕਰਨ ਦੇ ਬਹਾਨੇ ਵਿੱਚ ਬਿਲਾਸਪੁਰ ਦੇ ਹਾਕਮ ਭੀਮ ਚੰਦ ਨੇ ਗੁਰੂ ਜੀ ਨੂੰ ਆਨੰਦਪੁਰ ਸਾਹਿਬ ਛੱਡਣ ਜਾਂ ਕਿਰਾਇਆ ਅਦਾ ਕਰਨ ਲਈ ਕਿਹਾ। ਗੁਰੂ ਜੀ ਦੀ ਨਾਂਹ ਕਰਨ ’ਤੇ 1701 ਨੂੰ ਭੀਮ ਚੰਦ ਨੇ ਪਹਾੜੀ ਰਾਜਿਆਂ ਦੀ ਫ਼ੌਜ ਨਾਲ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਦੇ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਨੇ ਦੁਸ਼ਮਣਾਂ ਦਾ ਵੱਡਾ ਨੁਕਸਾਨ ਕੀਤਾ। ਹਾਰ ਕੇ ਨਮੋਸ਼ੀ ਵਿੱਚ ਗੁਰੂ ਜੀ ਨਾਲ ਸਮਝੌਤਾ ਕਰ ਲਿਆ।

**ਨਿਰਮੋਹ ਦੀ ਜੰਗ** (1702) : ਭੀਮ ਚੰਦ ਨੂੰ ਅਹਿਸਾਸ ਹੋ ਗਿਆ ਕਿ ਸਿੱਖਾਂ ਦੀ ਫ਼ੌਜ ਨਾਲ ਟਾਕਰਾ ਕਰਨਾ ਅਸੰਭਵ ਹੈ। ਉਸ ਨੇ ਮੁਗਲ ਸਰਕਾਰ ਤੋਂ ਮਦਦ ਮੰਗੀ। ਭੀਮ ਚੰਦ ਅਤੇ ਸਰਹਿੰਦ ਦੇ ਸੂਬੇਦਾਰ ਦੀ ਅਗਵਾਈ ਹੇਠ ਫ਼ੌਜ ਨੇ ਸਤਲੁਜ ਦੇ ਭੱਟ ਨਿਰਮੋਹ ਵਿਖੇ ਜੰਗ ਛੇੜੀ। ਸਿੰਘਾਂ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ। ਇੱਕ ਦਿਨ ਅਤੇ ਇੱਕ ਰਾਤ ਦੀ ਜੰਗ ਵਿੱਚ ਗੁਰੂ ਜੀ ਨੇ ਦੁਸ਼ਮਣਾਂ ਨੂੰ ਭਜਾ ਦਿੱਤਾ।

**ਸਤਲੁਜ ਦੀ ਜੰਗ** (1702): ਨਿਰਮੋਹ ਦੀ ਜਿੱਤ ਤੋਂ ਬਾਅਦ ਗੁਰੂ ਜੀ ਨੇ ਨਿਰਮੋਹ ਛੱਡ ਦਿੱਤਾ। ਉਹਨਾਂ ਅਜੇ ਸਤਲੁਜ ਵੀ ਪਾਰ ਨਹੀਂ ਕੀਤਾ ਸੀ ਕਿ ਦੁਸ਼ਮਣਾਂ ਨੇ ਹਮਲਾ ਕਰ ਦਿੱਤਾ। ਗੁਰੂ ਜੀ ਦੀ ਫ਼ੌਜ ਏਨੀ ਬਹਾਦਰੀ ਨਾਲ ਲੜੀ ਕਿ ਚਾਰ ਘੰਟਿਆਂ ਦੀ ਜੰਗ ਵਿੱਚ ਹੀ ਗੁਰੂ ਜੀ ਨੇ ਜਿੱਤ ਪ੍ਰਾਪਤ ਕਰ ਲਈ।

**ਬਸੌਲੀ ਦੀ ਜੰਗ** (1702): ਗੁਰੂ ਜੀ ਸਿੱਖਾਂ ਨਾਲ ਸਤਲੁਜ ਪਾਰ ਕਰਕੇ ਬਸੌਲੀ ਚਲੇ ਗਏ। ਭੀਮ ਚੰਦ ਦੀ ਫ਼ੌਜ ਨੇ ਫਿਰ ਹਮਲਾ ਕਰ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਹਰਾ ਦਿੱਤਾ। ਬਸੌਲੀ ਅਤੇ ਜਸਵਾਨ ਦੇ ਸ਼ਾਸਕਾਂ ਨਾਲ ਗੁਰੂ ਜੀ ਦੀ ਮਿੱਤਰਤਾ ਸੀ। ਭੀਮ ਚੰਦ ਨੇ ਗੁਰੂ ਜੀ ਨਾਲ 1702 ਵਿੱਚ ਸੰਧੀ ਕਰ ਲਈ। ਗੁਰੂ ਜੀ ਆਨੰਦਪੁਰ ਸਾਹਿਬ ਪਰਤ ਗਏ। ਉਥੇ ਅਮਨ ਦਾ ਜੀਵਨ ਬਤੀਤ ਕਰ ਰਹੇ ਸਨ।

**ਆਨੰਦਪੁਰ ਸਾਹਿਬ ਦੀ ਦੂਜੀ ਜੰਗ** (1704): ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਈਰਖਾ ਕਰਨੀ ਨਾ ਛੱਡੀ। ਉਹਨਾਂ ਦੇ ਸੰਗਠਨ ਨੇ ਗੁਰੂ ਜੀ ਨੂੰ ਆਨੰਦਪੁਰ ਛੱਡਣ ਲਈ ਕਿਹਾ। ਗੁਰੂ ਜੀ ਡਟੇ ਰਹੇ। ਦੁਸ਼ਮਣਾਂ ਨੇ ਹਮਲਾ ਕਰ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਪਿਛਾਂਹ ਧਕੇਲ ਦਿੱਤਾ।

ਭੀਮਚੰਦ ਦੇ ਸੰਗਠਨ ਰਾਜਿਆਂ ਨੇ ਮੁਗਲ ਸਰਕਾਰ ਤੋਂ ਮਦਦ ਮੰਗੀ। ਸਰਹਿੰਦ ਦਾ ਫ਼ੌਜਦਾਰ ਵਜ਼ੀਰ ਖਾਂ ਫ਼ੌਜ ਲੈ ਆਇਆ। ਸਾਰੇ ਰਾਜਿਆਂ ਦੇ ਸੰਗਠਨ ਨੇ ਮਹਲਾ ਕਰ ਦਿੱਤਾ। ਸਿੱਖਾਂ ਨੇ ਕਿਲੇ ਅੰਦਰੋਂ ਜਵਾਬੀ ਹਮਲਾ ਕੀਤਾ। ਦੁਸ਼ਮਣ ਨੇ ਸਾਰੇ ਪਾਸਿਆਂ ਤੋਂ ਆਨੰਦਪੁਰ ਘੇਰ ਲਿਆ। ਸਿੱਖ ਲੰਬੀ ਜੰਗ ਨਾ ਲੜ ਸਕੇ। ਸਿੱਖ ਆਨੰਦਪੁਰ ਸਾਹਿਬ ਛੱਡਣਾ ਚਾਹੁੰਦੇ ਸਨ। ਗੁਰੂ ਜੀ ਸਹਿਮਤ ਨਾ ਹੋਏ। ਭਾਈ ਮਹਾਂ ਸਿੰਘ ਜਥੇ ਦੇ ਸਿੰਘ ਆਨੰਦਪੁਰ ਸਾਹਿਬ ਤੋਂ ਵਿੱਛੜ ਗਏ। ਅਖੀਰ 21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਸਾਹਿਬ ਛੱਡ ਦਿੱਤਾ।

**ਸ਼ਾਹੀ ਟਿੱਬੇ ਦੀ ਜੰਗ** (1704): ਦੁਸ਼ਮਣਾਂ ਨੇ ਆਨੰਦਪੁਰ ਸਾਹਿਬ ਦੇ ਕਿਲੇ ’ਤੇ ਕਬਜ਼ਾ ਕਰ ਲਿਆ। ਉਹਨਾਂ ਗੁਰੂ ਜੀ ਦਾ ਪਿੱਛਾ ਕੀਤਾ। ਗੁਰੂ ਜੀ 14 ਕਿਲੋਮੀਟਰ ਹੀ ਲੰਘੇ ਸਨ ਕਿ ਟਿੱਬੀ ਦੇ ਮੈਦਾਨ ਵਿੱਚ ਜੰਗ ਹੋਈ। ਭਾਈ ਉਦੈ ਸਿੰਘ ਅਤੇ 50 ਸਾਥੀਆਂ ਨੇ ਦੁਸ਼ਮਣ ਦੀਆਂ ਫ਼ੌਜਾਂ ਨੂੰ ਰੋਕੀ ਰੱਖਿਆ। ਸਿੱਖ ਪੰਜਾਬ ਵੱਲ ਵਧਦੇ ਗਏ ਕਿ ਸਿਰਸਾ ਪਹੁੰਚੇ। ਉਦੈ ਸਿੰਘ ਅਤੇ ਸਾਥੀਆਂ ਨੇ ਫ਼ੌਜਾਂ ਦਾ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪਾ ਗਏ।

**ਸਿਰਸਾ ਦੀ ਜੰਗ** (1704): ਗੁਰੂ ਜੀ ਅਤੇ ਸਿੱਖ ਸਿਰਸਾ ਨਦੀ ਪੁੱਜੇ ਤਾਂ ਮੁਗਲ ਫ਼ੌਜ ਉਥੇ ਵੀ ਪਹੁੰਚ ਗਈ। ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਰੰਗਰੇਟਾ) ਅਤੇ 100 ਸਿੱਖਾਂ ਦੇ ਜਥੇ ਨੇ ਦੁਸ਼ਮਣਾਂ ਦਾ ਭਾਰੀ ਨੁਕਸਾਨ ਕੀਤਾ। ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਕਰ ਗਏ। ਕਈ ਸ਼ਹੀਦੀਆਂ ਪਾ ਗਏ। ਇਸੇ ਭਗਦੜ ਵਿੱਚ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ, ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਵਿੱਛੜ ਗਏ ਸਨ।

**ਚਮਕੌਰ ਸਾਹਿਬ ਦੀ ਜੰਗ** (1705): ਗੁਰੂ ਜੀ ਸਿਰਸਾ ਨਦੀ ਪਾਰ ਕਰਕੇ ਸਿੰਘਾਂ ਨਾਲ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਤੇ ਜੁਝਾਰ ਸਿੰਘ ਨਾਲ ਘਨੌਲਾ ਕੋਟਲਾ ਨਿਹੰਗ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚੇ। ਜਦੋਂ ਕੱਚੀ ਗੜ੍ਹੀ ਵਿੱਚ 40 ਸਿੰਘ ਨਾਲ ਸਨ। ਦੁਸ਼ਮਣ ਨੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬਹਾਦਰੀ ਨਾਲ ਜਵਾਬ ਦਿੱਤਾ। ਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ ਬਹਾਦਰੀ ਦਾ ਸਬੂਤ ਦਿੰਦੇ ਹੋਏ ਸ਼ਹੀਦ ਹੋ ਗਏ। ਪੰਜ ਪਿਆਰਿਆਂ ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਹਿੰਮਤ ਸਿੰਘ ਸ਼ਹੀਦ ਹੋ ਗਏ। ਗੁਰੂ ਜੀ ਕੋਲ ਪੰਜ ਸਿੰਘ ਰਹਿ ਗਏ ਸਨ। ਉਹਨਾਂ ਨੇ ਹੁਕਮਨਾਮੇ ਵਿੱਚ ਗੁਰੂ ਜੀ ਨੂੰ ਚਮਕੌਰ ਛੱਡਣ ਲਈ ਕਹਿ ਦਿੱਤਾ। ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਗੜ੍ਹੀ ਵਿਚੋਂ ਬਾਹਰ ਆ ਗਏ। ਗੁਰੂ ਜੀ ਮਾਛੀਵਾੜਾ, ਆਲਮਗੀਰ, ਦੀਨਾ ਕਾਂਗੜ ਰਾਹੀਂ ਖਿਦਰਾਣਾ ਪਹੁੰਚੇ।

**ਖਿਦਰਾਣਾ ਦੀ ਜੰਗ** (1705): ਜਦੋਂ ਗੁਰੂ ਜੀ ਖਿਦਰਾਣਾ ਪਹੁੰਚੇ ਤਾਂ ਕਾਫ਼ੀ ਗਿਣਤੀ ਵਿੱਚ ਸਿੰਘ ਗੁਰੂ ਜੀ ਦੇ ਨਾਲ ਸਨ। ਭਾਈ ਮਹਾਂ ਸਿੰਘ, ਮਾਈ ਭਾਗੋ ਦੇ ਜਥੇ ਵੀ ਆਣ ਮਿਲੇ ਸਨ। ਗੁਰੂ ਜੀ ਕੋਲ 2000 ਸਿੱਖ ਫ਼ੌਜ ਸੀ। ਦੂਸਰੇ ਪਾਸੇ ਸਰਹਿੰਦ ਦੇ ਸੂਬੇਦਾਰ ਕੋਲ 10000 ਦੀ ਫ਼ੌਜ ਸੀ। ਦਸੰਬਰ 20,1705 ਨੂੰ ਖਿਦਰਾਣੇ ਦੀ ਢਾਬ ’ਤੇ ਭਿਆਨਕ ਜੰਗ ਹੋਈ। ਗੁਰੂ ਜੀ ਦੇ ਸਿੰਘ ਬੇਮਿਸਾਲ ਬਹਾਦਰੀ ਨਾਲ ਲੜੇ। ਪਾਣੀ ਦੀ ਘਾਟ ਕਰਕੇ ਮੁਗਲਾਂ ਲਈ ਲੜਨਾ ਮੁਸ਼ਕਿਲ ਸੀ। ਮੁਗਲਾਂ ਨੂੰ ਹਾਰ ਕੇ ਭੱਜਣਾ ਪਿਆ। ਮਾਈ ਭਾਗੋ ਜੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਭਾਈ ਮਹਾਂ ਸਿੰਘ ਦੇ ਜਥੇ ਦੇ 40 ਸਿੰਘ ਸ਼ਹੀਦ ਹੋ ਗਏ। ਇਹਨਾਂ ਦੀਆਂ ਬਹਾਦਰੀਆਂ ਵੇਖ ਕੇ ਗੁਰੂ ਜੀ ਨੇ 40 ਮੁਕਤੇ ਦਾ ਵਰ ਦਿੱਤਾ। ਇਹ ਜੋ ਆਨੰਦਪੁਰ ਛੱਡਣ ਵੇਲੇ ਗੁਰੂ ਜੀ ਤੋਂ ਵਿੱਛੜ ਗਏ ਸਨ। ਖਿਦਰਾਣਾ ਦਾ ਨਾਉਂ ਮੁਕਤਸਰ ਰੱਖਿਆ ਗਿਆ।

**ਅੰਤਿਕਾ**: ਕਾਜ਼ੀ ਨੂਰ ਮੁਹੰਮਦ ਸਿੱਖਾਂ ਦੀ ਬਹਾਦਰੀ ਦੇ ਇਤਿਹਾਸ ਤੋਂ ਪ੍ਰਭਾਵਿਤ ਹੋ ਕੇ ਲਿਖਦਾ ਹੈ :

ਅਜਾ ਪਸ ਬਗੁਰਦੰਦ ਰੂਪਸ ਕੁਨੰਦ
ਅਗਰ ਆਬ ਬਾਸ਼ਦ ਦਰ ਆਤਿਸ ਜਨੰਦ
**-ਕਾਜ਼ੀ ਨੂਰ ਮੁਹੰਮਦ।**

ਅਰਥਾਤ ਪਾਣੀ ਨੂੰ ਅੱਗ ਨਹੀਂ ਲੱਗ ਸਕਦੀ। ਇਹ ਕੁਦਰਤ ਦਾ ਸਿਧਾਂਤ ਹੈ। ਇਹ ਨਾਮੁਮਕਿਨ ਹੈ। ਕਾਜ਼ੀ ਨੂਰ ਮੁਹੰਮਦ ਨੇ ਜਦੋਂ ਖ਼ਾਲਸੇ ਦੀ ਸੂਰਬੀਰਤਾ ਦੇ ਜੌਹਰ ਵੇਖੇ ਤਾਂ ਕਹਿ ਉੱਠਿਆ ਕਿ ਸੰਸਾਰ ਦੇ ਲੋਕੋ ਮੈਂ ਜੰਗੇ ਮੈਦਾਨ ਅੱਖੀਂ ਡਿੱਠਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਨੇ ਪਾਣੀ ਨੂੰ ਵੀ ਅੱਗ ਲਗਾ ਕੇ ਰੱਖ ਦਿੱਤੀ। ਆਪਣੇ ਅਜੀਬ ਜੰਗੀ ਪੈਂਤੜਿਆਂ ਨਾਲ ਜਦੋਂ ਖ਼ਾਲਸਾ ਦੁਸ਼ਮਣ ਨੂੰ ਘੇਰ ਲੈਂਦਾ ਅਤੇ ਫਿਰ ਘਿਰੇ ਹੋਏ ਦੁਸ਼ਮਣ ’ਤੇ ਏਨੀ ਦਲੇਰੀ ਅਤੇ ਤਾਕਤ ਨਾਲ ਵਾਰ ਕਰਦਾ ਹੈ ਕਿ ਦੁਸ਼ਮਣ ਦਾ ਸਫਾਇਆ ਕਰਕੇ ਰੱਖ ਦਿੰਦਾ ਹੈ। ਹਮਲਾ ਏਨਾ ਸ਼ਕਤੀਸ਼ਾਲੀ ਹੁੰਦਾ ਹੈ ਜੇ ਉਸ ਵੇਲੇ ਪਾਣੀ ਵੀ ਸਾਹਮਣੇ ਆ ਜਾਵੇ ਤਾਂ ਉਸ ਨੂੰ ਵੀ ਅੱਗ ਲਗਾ ਕੇ ਰੱਖ ਦਿੰਦਾ ਹੈ। ਗੈਰ ਮੁਮਕਿਨ ਨੂੰ ਮੁਮਕਿਨ ਬਣਾ ਕੇ ਰੱਖ ਦਿੰਦਾ ਹੈ।








# ਵਿਦਿਆਰਥੀ ਜੀਵਨ ’ਚ ਸਿੱਖਣ ਦਾ ਹੁੰਦੈ ਸਭ ਤੋਂ ਵੱਡਾ ਗੁਣ

**ਬਲਜਿੰਦਰ ਮਾਨ**

ਜਿਵੇਂ ਮਨੁੱਖੀ ਜੀਵਨ ਦਾ ਆਦਿ ਅੰਤ ਪਾਉਣਾ ਬਹੁਤ ਔਖਾ ਹੈ, ਉਸੇ ਤਰ੍ਹਾਂ ਸਾਡੇ ਮਨ ਦੀਆਂ ਗਹਿਰਾਈਆਂ ਨੂੰ ਮਾਪਣਾ ਵੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਇਹ ਸਾਡਾ ਮਨ ਹੀ ਹੈ, ਜੋ ਸਾਨੂੰ ਜਿੱਤਾਂ ਦੇ ਸ਼ਿਖ਼ਰਾਂ ’ਤੇ ਪਹੁੰਚਾਉਂਦਾ ਹੈ ਜਾਂ ਹਾਰਾਂ ਦੀਆਂ ਗਹਿਰਾਈਆਂ ਵਿੱਚ ਸੁੱਟਦਾ ਹੈ। ਸਿਆਣੇ ਆਖਦੇ ਹਨ ਕਿ ਮਨ ਦੇ ਹਾਰੇ ਹਾਰ ਅਤੇ ਮਨ ਦੇ ਜਿੱਤੇ ਜਿੱਤ। ਗੁਰੂ ਸਾਹਿਬਾਨ ਨੇ ਵੀ ‘ਮਨ ਜੀਤੇ ਜਗੁ ਜੀਤੁ’ ਦਾ ਉਪਦੇਸ਼ ਦਿੱਤਾ ਹੈ। ਦੁਨੀਆ ਦੇ ਗ੍ਰੰਥ ਮਾਨਸਿਕ ਅਵਸਥਾ ਦਾ ਵਿਸ਼ਲੇਸ਼ਣ ਕਰਦੇ ਹੋਏ ਦਰਸਾਉਂਦੇ ਹਨ ਕਿ ਇਹ ਇੱਕ ਉਹ ਸ਼ਕਤੀ ਹੈ, ਜਿਸ ਨਾਲ ਅਸੀਂ ਇਸ ਜੱਗ ਦੇ ਜੇਤੂ ਬਣ ਕੇ ਆਪਣੀ ਮਹਾਨਤਾ ਕਾਇਮ ਕਰ ਸਕਦੇ ਹਾਂ। ਮਹਾਨ ਉਹ ਨਹੀਂ ਹੁੰਦਾ, ਜਿਸ ਨੇ ਜੱਗ ਜਿੱਤਿਆ ਹੁੰਦਾ ਹੈ, ਮਹਾਨ ਉਹ ਬਣਦਾ ਹੈ, ਜੋ ਇਸ ਜੱਗ ਦੇ ਭਲੇ ਵਾਸਤੇ ਕੰਮ ਕਰਦਾ ਹੈ। ਜਿਨ੍ਹਾਂ ਮਹਾਂਪੁਰਸ਼ਾਂ, ਫਿਲਾਸਫਰਾਂ ਨੇ ਇਸ ਦੁਨੀਆ ਨੂੰ ਸੋਹਣਾ ਤੇ ਸੁਚੱਜਾ ਬਣਾਉਣ ਵਿੱਚ ਆਪਣਾ ਯੋਗਦਾਨ ਦਿੱਤਾ, ਉਨ੍ਹਾਂ ਨੂੰ ਅੱਜ ਦੁਨੀਆ ਯਾਦ ਕਰਦੀ ਹੈ। ਚਾਣਕਿਆ, ਰੂਮੀ, ਪਾਇਥਾਗੋਰਸ, ਟਾਲਸਟਾਏ, ਫੈਂਕਲਿਨ, ਡਾਰਵਨ, ਫਰਾਈਡ ,ਕੀਟਸ, ਗਲੈਲੀਓ, ਨਿਊਟਨ, ਸੁਕਰਾਤ ਅਤੇ ਡਾਕਟਰ ਭੀਮ ਰਾਓ ਅੰਬੇਦਕਰ ਵਰਗੇ ਉੱਚੇ ਤੇ ਸੁੱਚੇ ਵਿਚਾਰਾਂ ਦੇ ਧਾਰਨੀ ਮਹਾਪੁਰਖਾਂ ਨੂੰ ਅਦਬ ਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

ਵਿਦਿਆਰਥੀ ਜੀਵਨ ਵਿੱਚ ਸਭ ਤੋਂ ਵੱਡਾ ਗੁਣ ਸਿੱਖਣ ਦਾ ਹੁੰਦਾ ਹੈ। ਇਸ ਲਈ ਹਰ ਬੱਚੇ ਅੰਦਰ ਇਹ ਜਗਿਆਸਾ ਪੈਦਾ ਹੋਣੀ ਲਾਜ਼ਮੀ ਹੈ ਕਿ ਉਹ ਹਰ ਘਟਨਾ ਵਿੱਚੋਂ ਕੁਝ ਨਾ ਕੁਝ ਸਿੱਖੇ। ਸਾਡੀ ਸਭ ਤੋਂ ਵੱਡੀ ਗੁਰੂ ਸਾਡੀ ਮਾਤਾ ਹੁੰਦੀ ਹੈ, ਜਿਸ ਨੇ ਸਾਨੂੰ ਇਹ ਸੋਹਣਾ ਤੇ ਨਰੋਆ ਜਿਸਮ ਦੇ ਕੇ ਇਸ ਧਰਤੀ ’ਤੇ ਤੋਰਿਆ ਹੁੰਦਾ ਹੈ। ਅੱਗੇ ਜਾ ਕੇ ਸਾਡੇ ਅਧਿਆਪਕ ਸਾਡੇ ਗੁਣਾਂ ਨੂੰ ਚਮਕਾਉਂਦੇ ਹੋਏ ਸਾਨੂੰ ਸਫਲ ਇਨਸਾਨ ਬਣਾਉਂਦੇ ਹਨ। ਵਿਦਿਆਰਥੀਆਂ ਦੀਆਂ ਛੁਪੀਆਂ ਹੋਈਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਵਾਸਤੇ ਉਹ ਜਿੱਥੇ ਵੱਡੀਆਂ ਵੱਡੀਆਂ ਉਦਾਹਰਨਾਂ ਦਿੰਦੇ ਹਨ, ਉੱਥੇ ਬਹੁਤ ਸਾਰਾ ਅਭਿਆਸ ਵੀ ਕਰਵਾਉਂਦੇ ਹਨ। ਇਸ ਅਭਿਆਸ ਨਾਲ ਹੀ ਸਾਡੇ ਅੰਦਰ ਹੁਨਰ ਪੈਦਾ ਹੁੰਦਾ ਹੈ। ਹੁਨਰਮੰਦ ਇਨਸਾਨ ਦੀ ਜ਼ਰੂਰਤ ਹਰ ਕੋਈ ਮਹਿਸੂਸ ਕਰਦਾ ਹੈ। ਅਸੀਂ ਹੁਨਰਮੰਦੀ ਨਾਲ ਹੀ ਆਪਣਾ ਆਲਾ-ਦੁਆਲਾ, ਘਰ ਬਾਹਰ ਤੇ ਇਸ ਦੇਸ਼ ਨੂੰ ਨਵੀਂ ਲੀਹ ਪ੍ਰਦਾਨ ਕਰ ਸਕਦੇ ਹਾਂ।

ਨਰੋਏ ਵਿਚਾਰਾਂ ਦਾ ਹੋਣਾ ਜ਼ਰੂਰੀ

ਨਵੀਆਂ ਲੀਹਾਂ ’ਤੇ ਤੁਰਨ ਵਾਸਤੇ ਨਰੋਏ ਵਿਚਾਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਨਰੋਏ ਵਿਚਾਰ ਪੁਸਤਕਾਂ ਵਿੱਚੋਂ ਅਤੇ ਮਹਾਨ ਪੁਰਸ਼ਾਂ ਕੋਲੋਂ ਮਿਲਦੇ ਹਨ। ਜਿਹੜੇ ਵਿਦਿਆਰਥੀ ਸਿਲੇਬਸ ਤੋਂ ਇਲਾਵਾ ਪੁਸਤਕਾਂ ਪੜ੍ਹਦੇ ਹਨ, ਉਨ੍ਹਾਂ ਦੇ ਵਿਚਾਰਾਂ ਨੂੰ ਨਰੋਆਪਣ ਤੇ ਨਿਵੇਕਲਾਪਣ ਮਿਲ ਜਾਂਦਾ ਹੈ। ਇਨ੍ਹਾਂ ਗੁਣਾਂ ਸਦਕਾ ਉਨ੍ਹਾਂ ਦੇ ਵਿਚਾਰਾਂ ਨੂੰ ਜਿੱਥੇ ਅਧਿਆਪਕ ਬੜੀ ਸੰਜੀਦਗੀ ਨਾਲ ਸੁਣਦੇ ਹਨ, ਉੱਥੇ ਸਮਾਜ ਵੀ ਆਦਰ ਤੇ ਸਤਿਕਾਰ ਨਾਲ ਸੁਣਦਾ ਹੈ। ਜੋ ਅਸੀਂ ਸਿੱਖ ਰਹੇ ਹਾਂ, ਉਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜਿਵੇਂ ਪੜ੍ਹੀ ਹੋਈ ਕਿਤਾਬ ਵਿੱਚੋਂ ਜੋ ਕੁਝ ਸਿੱਖਿਆ ਹੈ, ਉਸ ’ਤੇ ਅਮਲ ਕਰਨ ਦੀ ਲੋੜ ਹੁੰਦੀ ਹੈ। ਅਸੀਂ ਪੜ੍ਹਦੇ-ਸੁਣਦੇ ਤਾਂ ਬਹੁਤ ਕੁਝ ਹਾਂ ਪਰ ਅਮਲਾਂ ਤੋਂ ਬਹੁਤ ਦੂਰ ਹਾਂ। ਜੇ ਅੱਜ ਤੱਕ ਅਸੀਂ ਆਪਣੇ ਮਹਾਪੁਰਖਾਂ ਦੇ ਵਿਚਾਰਾਂ ਨੂੰ ਜੀਵਨ ਵਿਚ ਅਪਣਾਇਆ ਹੁੰਦਾ ਹੈ ਤਾਂ ਇਹ ਸੰਸਾਰ ਦੁੱਖਾਂ ਦਾ ਘਰ ਤੇ ਜੰਗਾ ਯੁੱਧਾਂ ਦਾ ਅਖਾੜਾ ਨਾ ਬਣਦਾ। ਮਨ ਮੱਤ ਹੀ ਮਨੁੱਖ ਨੂੰ ਵੈਰ-ਵਿਰੋਧ ਵਿਚ ਲੈ ਕੇ ਜਾਂਦੀ ਹੈ ਗੁਰਮਤਿ ਅਨੁਸਾਰ ਚੱਲਣ ਵਾਲੇ ਇਨਸਾਨ ਕੁਦਰਤ ਨਾਲ ਜੁੜ ਕੇ ਇਸ ਦੇ ਸੁਹੱਪਣ ਨੂੰ ਕਾਇਮ ਰੱਖਦੇ ਹਨ।

**ਕੁਦਰਤ ਨਾਲ ਜੁੜਨ ਦੀ ਜ਼ਰੂਰਤ**

ਵਿਦਿਆਰਥੀ ਜੀਵਨ ਵਿੱਚ ਸਾਨੂੰ ਹਰ ਘਟਨਾ ਤੋਂ ਕੋਈ ਨਾ ਕੋਈ ਪ੍ਰੇਰਨਾ ਜ਼ਰੂਰ ਲੈਣੀ ਚਾਹੀਦੀ ਹੈ। ਕਥਾ ਕਹਾਣੀਆਂ ਪੜ੍ਹ-ਸੁਣ ਕੇ ਅਸੀਂ ਉਨ੍ਹਾਂ ਦੇ ਤੱਤ ਸਾਰ ਨੂੰ ਆਪਣੇ ਜੀਵਨ ਵਿੱਚ ਅਪਣਾ ਸਕਦੇ ਹਾਂ। ਇਹ ਕਥਾ ਕਹਾਣੀਆਂ ਸੁਣਨ ਸੁਣਾਉਣ ਵਾਸਤੇ ਨਹੀਂ ਸਗੋਂ ਜੀਵਨ ਵਿੱਚ ਅਪਨਾਉਣ ਵਾਸਤੇ ਹਨ। ਸ਼ਹੀਦ ਭਗਤ ਸਿੰਘ ਦੇ ਮਾਤਾ ਅਮਰ ਕੌਰ ਜੇ ਉਸ ਨੂੰ ਚਾਚਾ ਅਜੀਤ ਸਿੰਘ ਦੇ ਦੇਸ਼ ਪਿਆਰ ਦੀਆਂ ਦੀਆਂ ਕਹਾਣੀਆਂ ਨਾ ਸੁਣਾਉਂਦੇ ਤਾਂ ਸ਼ਾਇਦ ਉਹ ਫ਼ਾਂਸੀ ਦੇ ਰੱਸੇ ਨੂੰ ਨਾ ਚੁੰਮਦੇ। ਇਸ ਲਈ ਸਾਨੂੰ ਆਪਣੇ ਦਿਲ-ਦਿਮਾਗ ਦੇ ਬੂਹੇ ਬਾਰੀਆਂ ਸਦਾ ਖੁੱਲ੍ਹੇ ਰੱਖਣੇ ਚਾਹੀਦੇ ਹਨ। ਕੁਦਰਤ ਦੀ ਰੁਮਕਦੀ ਪੌਣ ਸਹਿਜ, ਸਬਰ ਅਤੇ ਸੰਤੋਖ ਦਾ ਸੁਨੇਹਾ ਦਿੰਦੀ ਹੈ। ਇਸੇ ਤਰ੍ਹਾਂ ਧੁੱਪ ਸਾਨੂੰ ਆਪਣੇ ਅੰਦਰ ਸੰਸਾਰਕ ਯਾਤਰਾਵਾਂ ਤੇ ਆਉਂਦੀਆਂਔਕੜਾਂ ਨਾਲ ਲੜਨ ਦੀ ਸ਼ਕਤੀ ਪ੍ਰਦਾਨ ਕਰਦੀ ਹੈ। ਬਸ਼ਰਤੇ ਕਿ ਅਸੀਂ ਕੁਦਰਤ ਨਾਲ ਜੁੜੇ ਹੋਈਏ ਤਾਂ ਹੀ ਇਹ ਪ੍ਰੇਰਨਾਵਾਂ ਅਸੀਂ ਹਾਸਲਿ ਕਰ ਸਕਦੇ ਹਾਂ। ਅੱਜ ਦੇ ਵਿਦਿਆਰਥੀ ਨੂੰ ਨੈਟ ਦੇ ਜਾਲ ਵਿੱਚੋਂ ਨਿਕਲ ਕੇ ਕੁਦਰਤ ਨਾਲ ਜੁੜਨ ਦੀ ਜ਼ਰੂਰਤ ਹੈ ਅਤੇ ਕੁਦਰਤ ਸਿੱਖਣ, ਸਮਝਣ ਅਤੇ ਜਾਣਨ ਦੇ ਗੁਣ ਸਾਡੇ ਅੰਦਰ ਉਪਜਾਉਂਦੀ ਹੈ।

**ਹਰ ਪੜਾਅ ’ਤੇ ਸਿੱਖਦਾ ਮਨੁੱਖ**

ਅਸਲ ’ਚ ਸਿੱਖਣਾ ਅਜਿਹਾ ਸਫ਼ਰ ਹੈ, ਜਿਸ ਦੀ ਕੋਈ ਅੰਤਿਮ ਮੰਜ਼ਿਲ ਨਹੀਂ ਹੁੰਦੀ। ਮਨੁੱਖ ਆਪਣੇ ਜੀਵਨ ਦੇ ਹਰ ਪੜਾਅ ’ਤੇ ਕੁਝ ਨਾ ਕੁਝ ਨਵਾਂ ਸਿੱਖਦਾ ਹੈ। ਵਿਦਿਆਰਥੀ ਜੀਵਨ ਇਸ ਸਿੱਖਣ ਲਈ ਸਭ ਤੋਂ ਸੁੰਦਰ ਤੇ ਮਹੱਤਵਪੂਰਨ ਸਮਾਂ ਹੁੰਦਾ ਹੈ। ਇਸ ਸਮੇਂ ਜੇ ਬੱਚੇ ਆਪਣੇ ਮਨ ਨੂੰ ਚੰਗੇ ਵਿਚਾਰਾਂ, ਪੁਸਤਕਾਂ, ਮਹਾਪੁਰਖਾਂ ਦੀਆਂ ਸਿੱਖਿਆਵਾਂ ਤੇ ਕੁਦਰਤ ਦੇ ਨੇੜੇ ਰੱਖਣ ਤਾਂ ਉਨ੍ਹਾਂ ਦੀ ਸੋਚ ਵਿਸ਼ਾਲ ਤੇ ਜੀਵਨ ਸੁਚੱਜਾ ਬਣ ਸਕਦਾ ਹੈ। ਸਿਰਫ਼ ਗਿਆਨ ਹਾਸਲ ਕਰਨਾ ਹੀ ਕਾਫ਼ੀ ਨਹੀਂ ਸਗੋਂ ਉਸ ਗਿਆਨ ਨੂੰ ਆਪਣੇ ਆਚਰਨ ਦਾ ਹਿੱਸਾ ਬਣਾਉਣਾ ਵੀ ਜ਼ਰੂਰੀ ਹੈ। ਹਰ ਘਟਨਾ, ਹਰ ਤਜਰਬਾ ਤੇ ਹਰ ਵਿਅਕਤੀ ਸਾਨੂੰ ਕੋਈ ਨਾ ਕੋਈ ਸਬਕ ਦੇ ਸਕਦਾ ਹੈ। ਲੋੜ ਸਿਰਫ਼ ਖੁੱਲ੍ਹੇ ਮਨ ਨਾਲ ਉਸ ਨੂੰ ਸਮਝਣ ਦੀ ਹੈ। ਜਿਹੜਾ ਵਿਦਿਆਰਥੀ ਸਿੱਖਣ ਦੀ ਲਗਨ, ਮਿਹਨਤ, ਨਰੋਈ ਸੋਚ ਅਤੇ ਕੁਦਰਤ ਨਾਲ ਪਿਆਰ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ, ਉਹ ਆਪਣੇ ਭਵਿੱਖ ਨੂੰ ਹੀ ਨਹੀਂ, ਸਗੋਂ ਸਮਾਜ ਦੇ ਭਵਿੱਖ ਨੂੰ ਵੀ ਰੌਸ਼ਨ ਕਰਨ ਦੇ ਸਮਰੱਥ ਬਣ ਜਾਂਦਾ ਹੈ।

# ਬੱਚੇ ਦੀ ਪਰਵਰਿਸ਼ ’ਚ ਪਿਤਾ ਦੀ ਭੂਮਿਕਾ





ਸਾਡੇ ਸਮਾਜ ਦਾ ਤਾਣਾ-ਬਾਣਾ ਕੁਝ ਅਜਿਹਾ ਹੈ ਕਿ ਘਰ ਦੀਆਂ ਜ਼ਿਆਦਾਤਰ ਜ਼ਿੰਮੇਵਾਰੀਆਂ ਔਰਤਾਂ ਦੇ ਹੱਥਾਂ ’ਚ ਆ ਜਾਂਦੀਆਂ ਹਨ। ਫਿਰ ਚਾਹੇ ਖਾਣਾ ਬਣਾਉਣਾ ਹੋਵੇ, ਸਫ਼ਾਈ ਕਰਨੀ ਹੋਵੇ ਜਾਂ ਬੱਚਿਆਂ ਦੀ ਪਰਵਰਿਸ਼ ਕਰਨੀ ਹੋਵੇ।

ਅਜਿਹੇ ’ਚ ਇਹ ਸਮਝਣਾ ਜ਼ਰੂਰੀ ਹੈ ਕਿ ਇਨ੍ਹਾਂ ਕੰਮਾਂ ਦੇ ਨਾਲ ਬੱਚਿਆਂ ਦੀ ਪਰਵਰਿਸ਼ ਦੀ ਜ਼ਿੰਮੇਵਾਰੀ ਸਿਰਫ਼ ਔਰਤ ਦੀ ਨਹੀਂ ਹੈ। ਇਸ ’ਚ ਪੁਰਸ਼ਾਂ ਦੀ ਵੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਇੱਥੇ ਗੱਲ ਸਿਰਫ਼ ਪੈਸੇ ਕਮਾਉਣ ਦੀ ਨਹੀਂ ਹੋ ਰਹੀ। ਆਓ ਜਾਣਦੇ ਹਾਂ ਕਿ ਪਰਵਰਿਸ਼ ’ਚ ਕਮਾਈ ਤੋਂ ਇਲਾਵਾ ਪਿਤਾ ਦੀਆਂ ਹੋਰ ਕਿਹੜੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ।

**ਅਨੁਸ਼ਾਸਨ ਤੇ ਹੱਦਾਂ ਸਿਖਾਉਣਾ**

ਮਾਂ ਦਾ ਪਿਆਰ ਤੇ ਲਾਡ ਜਿੱਥੇ ਇੱਕ ਪਾਸੇ ਬੱਚੇ ’ਚ ਭਾਵਨਾਵਾਂ ਨੂੰ ਵਿਕਸਿਤ ਕਰਨ ’ਚ ਮਦਦ ਕਰਦਾ ਹੈ, ਉੱਥੇ ਦੂਜੇ ਪਾਸੇ ਪਿਤਾ ਦੀ ਸਖ਼ਤੀ ਉਨ੍ਹਾਂ ਨੂੰ ਜ਼ਿੰਮੇਵਾਰੀ ਦਾ ਮਤਲਬ ਸਮਝਾਉਂਦੀ ਹੈ। ਇਹ ਦੋਵੇਂ ਹੀ ਗੱਲਾਂ ਬੱਚਿਆਂ ਦੀ ਬਿਹਤਰ ਪਰਵਰਿਸ਼ ਦੀਆਂ ਮਹੱਤਵਪੂਰਨ ਕੜੀਆਂ ਹਨ।ਪਿਤਾ ਦੇ ਮੋਢਿਆਂ ’ਤੇ ਬੱਚਿਆਂ ਨੂੰ ਅਨੁਸ਼ਾਸਿਤ ਕਰਨ ਤੇ ਉਨ੍ਹਾਂ ਨੂੰ ਹੱਦਾਂ ਬਾਰੇ ਸਮਝਾਉਣ ਦੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਜਿਸ ਨੂੰ ਕਈ ਵਾਰ ਉਹ ਅਣਦੇਖਾ ਵੀ ਕਰ ਦਿੰਦੇ ਹਨ।

**ਕੁਆਲਿਟੀ ਟਾਈਮ ਦੇਣਾ**

ਅਕਸਰ ਪਿਤਾ ਆਪਣੇ ਦਫ਼ਤਰ ਤੇ ਕੰਮ ਦੇ ਦਬਾਅ ਕਾਰਨ ਬੱਚਿਆਂ ਨੂੰ ਉਨਾ ਸਮਾਂ ਨਹੀਂ ਦੇ ਪਾਉਂਦੇ। ਇਸ ਕਾਰਨ ਕਿਤੇ ਨਾ ਕਿਤੇ ਬੱਚਿਆਂ ਤੇ ਪਿਤਾ ਵਿਚਕਾਰ ਇੱਕ ਵੱਡਾ ਗੈਪ ਬਣ ਜਾਂਦਾ ਹੈ, ਜਿਸ ਨੂੰ ਦੂਰ ਕਰਨਾ ਜ਼ਰੂਰੀ ਹੈ।

ਇੱਥੇ ਗੱਲ ਸਿਰਫ਼ ਸਮਾਂ ਬਿਤਾਉਣ ਦੀ ਨਹੀਂ, ਸਗੋਂ ਬੱਚਿਆਂ ਨਾਲ ਉਨ੍ਹਾਂ ਦੀਆਂ ਗਤੀਵਿਧੀਆਂ ’ਚ ਸਰਗਰਮੀ ਨਾਲ ਸ਼ਾਮਲ ਹੋਣ ਤੇ ਉਨ੍ਹਾਂ ਨਾਲ ਜੁੜੇ ਰਹਿਣ ਦੀ ਵੀ ਹੈ।

**ਇਮੋਸ਼ਨਲ ਬੈਲੈਂਸ ਦੀ ਸਿੱਖ ਦੇਣਾ**

ਪਿਤਾ ਅਕਸਰ ਤਰਕਪੂਰਨ ਢੰਗ ਨਾਲ ਸੋਚਦੇ ਹਨ ਤੇ ਉਨ੍ਹਾਂ ਲਈ ਭਾਵਨਾਵਾਂ ਨਾਲੋਂ ਵਿਹਾਰਕ ਹੋਣਾ ਜ਼ਿੰਦਗੀ ਦੀ ਲੋੜ ਮੰਨਿਆ ਜਾਂਦਾ ਹੈ। ਇਹ ਸਿੱਖਿਆ ਬੱਚਿਆਂ ਨੂੰ ਵੀ ਦੇਣੀ ਜ਼ਰੂਰੀ ਹੈ, ਤਾਂ ਜੋ ਮੁਸ਼ਕਿਲ ਹਾਲਾਤਾਂ ’ਚ ਉਹ ਹਿੰਮਤ ਨਾ ਹਾਰਨ ਤੇ ਆਪਣੀਆਂ ਭਾਵਨਾਵਾਂ ਨੂੰ ਸੰਤੁਲਿਤ ਕਰਨਾ ਸਿੱਖ ਸਕਣ।

**ਪਰਿਵਾਰ ਦਾ ਸਹਾਰਾ ਤੇ ਸੁਰੱਖਿਆ ਦੇਣਾ**

ਪਿਤਾ ਦੀ ਮੌਜੂਦਗੀ ਬੱਚਿਆਂ ’ਚ ਸੁਰੱਖਿਆ ਦੀ ਭਾਵਨਾ ਪੈਦਾ ਕਰ ਸਕਦੀ ਹੈ। ਜਦੋਂ ਬੱਚੇ ਆਪਣੇ ਪਿਤਾ ਦੇ ਨਾਲ ਹੁੰਦੇ ਹਨ, ਤਾਂ ਉਨ੍ਹਾਂ ’ਚ ਸੁਰੱਖਿਅਤ ਹੋਣ ਦਾ ਅਹਿਸਾਸ ਵਧਦਾ ਹੈ। ਇਸ ਨਾਲ ਉਨ੍ਹਾਂ ਨੂੰ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰਨ ਤੇ ਆਤਮਵਿਸ਼ਵਾਸ ਨਾਲ ਖੜ੍ਹੇ ਹੋਣ ਦੀ ਪ੍ਰੇਰਣਾ ਮਿਲ ਸਕਦੀ ਹੈ। ਸਥਿਰਤਾ ਦੀ ਇਹ ਭਾਵਨਾ ਭਵਿੱਖ ’ਚ ਉਨ੍ਹਾਂ ਦੇ ਰਿਸ਼ਤਿਆਂ ’ਤੇ ਵੀ ਪ੍ਰਭਾਵ ਪਾ ਸਕਦੀ ਹੈ।

**ਦੁਨੀਆ ਦੀ ਸਮਝ ਵਿਕਸਿਤ ਕਰਨਾ**

ਮਾਂ ਬੱਚੇ ਨੂੰ ਉਸ ਦੀ ਅੰਦਰੂਨੀ ਦੁਨੀਆ ਨਾਲ ਜਾਣੂ ਕਰਵਾਉਂਦੀ ਹੈ, ਜਦਕਿ ਪਿਤਾ ਵੀ ਬੱਚੇ ਨੂੰ ਬਾਹਰੀ ਦੁਨੀਆ ਤੇ ਸਮਾਜਿਕ ਜੀਵਨ ਦੀ ਸਮਝ ਦੇਣ ’ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

ਇਹ ‘ਸਟ੍ਰੀਟ-ਸਮਾਰਟ’ ਸਕਿਲਜ਼ ਬੱਚੇ ਨੂੰ ਲੋਕਾਂ ਵਿਚਕਾਰ ਖ਼ੁਦ ਨੂੰ ਸੰਭਾਲਣ ’ਚ ਕਾਫ਼ੀ ਮਦਦ ਕਰਦੀਆਂ ਹਨ। ਹੌਲੀ-ਹੌਲੀ ਉਹ ਸਮਝਣ ਲੱਗਦਾ ਹੈ ਕਿ ਕਿਹੜੀ ਚੀਜ਼ ਜਾਂ ਕਿਹੜਾ ਵਿਅਕਤੀ ਉਸ ਲਈ ਸਹੀ ਹੈ ਤੇ ਕਿਹੜਾ ਨਹੀਂ।





# ‘ਸ਼ਗਨਾਂ ਵਾਲੀ ਮੁੰਦਰੀ’

ਰਾਜ ਹੀਉਂ (ਬੰਗ)

ਸਾਡੇ ਸਕੂਲ ਨੂੰ ਪ੍ਰਾਪਤ ਹੋਈ ਸਰਕਾਰੀ ਗ੍ਰਾਂਟ ਨਾਲ ਬੱਚਿਆਂ ਲਈ ਵਰਦੀਆਂ ਖ਼ਰੀਦ ਲਈਆਂ ਗਈਆਂ ਪਰ ਸਰਕਾਰੀ ਹਦਾਇਤਾਂ ਅਨੁਸਾਰ ਇਹ ਵਰਦੀਆਂ ਸਾਰੇ ਬੱਚਿਆਂ ਲਈ ਨਹੀਂ ਸਨ। ਸਾਡੇ ਸਾਰੇ ਸਟਾਫ਼ ਲਈ ਇਹ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਸੀ। ਸਟਾਫ਼ ਵੱਲੋਂ ਆਪਣੇ ਪੱਲਿਓਂ ਪੈਸੇ ਪਾ ਕੇ ਅਜੇ ਪਿਛਲੇ ਹਫ਼ਤੇ ਹੀ ਸਟਾਫ਼ ਦੇ ਵਾਸ਼ਰੂਮ ਦੀ ਮੁਰੰਮਤ ਕਰਵਾ ਕੇ ਹਟੇ ਸੀ। ਸਕੂਲ ਮੁਖੀ ਵਜੋਂ ਮੇਰੀ ਇਹ ਹਿੰਮਤ ਨਹੀਂ ਸੀ ਪੈ ਰਹੀ ਕਿ ਮੈਂ ਇਸ ਹਫ਼ਤੇ ਫਿਰ ਸਭ ਨੂੰ ਆਪਣੇ ਕੋਲੋਂ ਪੈਸੇ ਇਕੱਠੇ ਕਰਨ ਲਈ ਕਹਾਂ, ਤਾਂ ਜੋ ਸਕੂਲ ’ਚ ਪੜ੍ਹਦੇ ਸਾਰੇ ਬੱਚਿਆਂ ਦੀਆਂ ਵਰਦੀਆਂ ਇਕਸਾਰ ਹੋ ਸਕਣ। ਸਟਾਫ਼ ਦੀ ਚੱਲ ਰਹੀ ਰਹੀ ਮੀਟਿੰਗ ’ਚ ਪਾਣੀ ਪਿਲਾ ਰਹੀ ਮਿਡ-ਡੇ-ਮੀਲ ਵਰਤਾਉਣ ਵਾਲੀ ਮਨਜੀਤ ਨੇ ਆਪਣੀ ਸਲਾਹ ਰੱਖ ਦਿੱਤੀ। ‘ਸਰ ਜੀ ਜੇ ਮੇਰੀ ਮੰਨੋ ਤਾਂ ਪਿੰਡ ’ਚ ਕੈਨੇਡਾ ਤੋਂ ਗਰਚਾ ਭਰਾ ਆਏ ਹੋਏ ਨੇ, ਜੇ ਤੁਸੀਂ ਉਨ੍ਹਾਂ ਨੂੰ ਮਿਲੋ ਤਾਂ ਉਹ ਇਸ ਕੰਮ ’ਚ ਆਪਣੀ ਮਦਦ ਕਰ ਦੇਣਗੇ।

ਮੈਨੂੰ ਮਨਜੀਤ ਦੀ ਗੱਲ ਪਸੰਦ ਤਾਂ ਆਈ ਪਰ ਇਸ ਛੋਟੇ ਜਿਹੇ ਕੰਮ ਲਈ ਕੈਨੇਡਾ ਵਾਲਿਆਂ ਨੂੰ ਕਹਿਣਾ ਜਚਿਆ ਨਹੀਂ। ਮੈਂ ਮੀਟਿੰਗ ਮੁਕਾ ਦਿੱਤੀ ਪਰ ਤਿੰਨ-ਚਾਰ ਦਿਨ ਤੱਕ ਸਾਡੇ ’ਚੋਂ ਕੋਈ ਵੀ ਉਨ੍ਹਾਂ ਦੇ ਘਰ ਜਾਣ ਦਾ ਹਿਆਂ ਨਾ ਕਰ ਸਕਿਆ ਤੇ ਨਵੀਆਂ ਖ਼ਰੀਦੀਆਂ ਵਰਦੀਆਂ ਜਿਉਂ ਦੀਆਂ ਤਿਉਂ ਹੀ ਲਿਫਾਫਿਆਂ ’ਚ ਪੈਕ ਹੀ ਪਈਆਂ ਰਹੀਆਂ। ਅਗਲੀ ਸਵੇਰ ਮਨਜੀਤ ਰਸੋਈ ਤੋਂ ਭੱਜੀ-ਭੱਜੀ ਮੇਰੇ ਦਫ਼ਤਰ ‘ਚ ਦਾਖਲ ਹੋਈ, ’ਸਰ ਜੀ ਬਾਹਰ ਕੈਨੇਡਾ ਵਾਲੇ ਸਕੂਲ ਵੇਖਣ ਲਈ ਆਏ ਨੇ, ਤੁਸੀਂ ਉਨ੍ਹਾਂ ਨੂੰ ਦਫ਼ਤਰ ’ਚ ਬਿਠਾ ਕੇ ਉਨ੍ਹਾਂ ਨਾਲ ਵਰਦੀਆਂ ਵਾਲੀ ਗੱਲ ਵੀ ਕਰ ਲਿਓ, ਮੈਂ ਚਾਹ ਰੱਖਦੀ ਆਂ ਸਾਰਿਆਂ ਲਈ।’ ਮੈਂ ਹਾਂ ’ਚ ਸਿਰ ਹਿਲਾਉਂਦਿਆਂ ਉਨ੍ਹਾਂ ਨੂੰ ਜੀ ਆਇਆਂ ਆਖਣ ਲਈ ਸਕੂਲ ਦੇ ਵਿਹੜੇ ’ਚ ਆ ਗਿਆ।

ਗਰਚਾ ਭਰਾਵਾਂ ਨਾਲ ਭਾਵੇਂ ਇਹ ਮੇਰੀ ਪਹਿਲੀ ਮੁਲਾਕਾਤ ਹੀ ਸੀ ਪਰ ਉਹ ਮੈਨੂੰ ਏਨੇ ਨਿੱਘ ਨਾਲ ਮਿਲੇ, ਜਿਵੇਂ ਮੈਂ ਕਦੇ ਇਨ੍ਹਾਂ ਨਾਲ ਹੀ ਪੜ੍ਹਦਾ ਰਿਹਾ ਹੋਵਾਂ। ਨਾਲ ਆਏ ਪਿੰਡ ਦੇ ਸਰਪੰਚ ਸਾਬ੍ਹ ਨੇ ਸਾਨੂੰ ਮਿਲਾਇਆ ਤਾਂ ਪਤਾ ਚੱਲਿਆ ਕਿ ਇਹ ਪੰਜ ਭਰਾ ਹਨ ਇਹ ਪਰ ਇਸ ਵਾਰ ਇੰਡੀਆ ਤਿੰਨ ਹੀ ਆਏ ਨੇ।’ ਇਨ੍ਹਾਂ ਦੀਆਂ ਦੁੱਧ ਚਿੱਟੀਆਂ ਦਾੜ੍ਹੀਆਂ ਤੇ ਸਰੂ ਵਰਗੇ ਕੱਦ। ਮੈਨੂੰ ਜਦ ਇਹ ਗਲਵੱਕੜੀ ਪਾ ਕੇ ਮਿਲੇ ਤਾਂ ਮੈਂ ਖ਼ੁਦ ਨੂੰ ਇਨ੍ਹਾਂ ਦੇ ਕਲਾਵੇ ’ਚ ਜੁਆਕੜਾ ਜਿਹਾ ਮਹਿਸੂਸ ਕੀਤਾ। ਮੈਂ ਨਾਲ ਹੋ ਕੇ ਉਨ੍ਹਾਂ ਨੂੰ ਸਾਰਾ ਸਕੂਲ ਵਿਖਾਇਆ। ਸਕੂਲ ਵੇਖ ਕੇ ਤਿੰਨੋਂ ਭਰਾ ਅਸ਼-ਅਸ਼ ਕਰ ਉੱਠੇ। ਅਸੀਂ ਦਫ਼ਤਰ ’ਚ ਪਹੁੰਚੇ ਤਾਂ ਮਨਜੀਤ ਸਮੇਤ ਬਾਕੀ ਹੈਲਪਰਾਂ ਨੇ ਇੱਥੇ ਚਾਹ ਪਾਣੀ ਦਾ ਪੂਰਾ-ਪੂਰਾ ਪ੍ਰਬੰਧ ਕਰ ਰੱਖਿਆ ਸੀ। ਚਾਹ ਪੀਂਦਿਆਂ ਇਨ੍ਹਾਂ ਤਿੰਨਾਂ ਭਰਾਵਾਂ ਵਿੱਚੋਂ ਸੁਖਦੇਵ ਸਿੰਘ ਹੋਰੀਂ ਆਪ ਹੀ ਆਖ ਦਿੱਤਾ, ‘ਮਾਸਟਰ ਜੀ ਸਕੂਲ ਨੂੰ ਸਾਡੇ ਵੱਲੋਂ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਹੋਵੇ ਤਾਂ ਬਿਨਾਂ ਕਿਸੇ ਝਿਜਕ ਦੱਸਣਾ।’

ਮੈਂ ਪਹਿਲਾਂ ਤਾਂ ਜਕਿਆ ਪਰ ਸੁਖਦੇਵ ਸਿੰਘ ਜੀ ਫਿਰ ਆਖਣ ਲੱਗੇ, ‘ਜਕੋ ਨਾ! ਮੈਂ ਵੀ ਪਹਿਲਾਂ ਇੰਡੀਆਂ ਵਿੱਚ ਸਰਕਾਰੀ ਟੀਚਰ ਹੀ ਸੀ, ਮੈਨੂੰ ਪਤਾ ਕਿ ਇੱਕ ਸਕੂਲ ਮੁਖੀ ਵਜੋਂ ਕਿੰਨੇ ਖ਼ਰਚੇ ਪੱਲਿਓਂ ਕਰਨੇ ਪੈਂਦੇ ਨੇ।’ ਜਦੋਂ ਉਨ੍ਹਾਂ ਮੇਰੇ ਲਈ ਗੱਲਬਾਤ ਦਾ ਰਾਹ ਪੱਧਰਾ ਹੀ ਕਰ ਦਿੱਤਾ ਤਾਂ ਮੈਂ ਸਭ ਖੋਲ੍ਹ ਕੇ ਉਨ੍ਹਾਂ ਦੇ ਸਾਹਮਣੇ ਰੱਖ ਦਿੱਤਾ ਕਿ ਜਦੋਂ ਦਾ ਮੈਂ ਇਸ ਸਕੂਲ ਵਿੱਚ ਮੈਂ ਆਇਆ ਹਾਂ, ਅਸੀਂ ਸਾਰਾ ਸਟਾਫ਼ ਰਲ-ਮਿਲ ਕੇ ਸਕੂਲ ’ਚ ਕੀ-ਕੀ ਬਣਾਇਆ ਹੈ ਅਤੇ ਨਾਲ ਹੀ ਮੈਂ ਵਰਦੀਆਂ ਵਾਲੀ ਸਾਰੀ ਗੱਲ ਉਨ੍ਹਾਂ ਨਾਲ ਸਾਂਝੀ ਕਰ ਲਈ ਕਿ ਗ੍ਰਾਂਟ ਕਿੰਨੀ ਆਈ ਹੈ, ਸਰਕਾਰੀ ਹਦਾਇਤਾਂ ਕੀ ਨੇ ਤੇ ਸਕੂਲ ਵਿੱਚ ਬੱਚਿਆਂ ਦੀ ਕੁੱਲ ਗਿਣਤੀ ਕਿੰਨੀ ਹੈ। ਮਾਸਟਰ ਸੁਖਦੇਵ ਸਿੰਘ ਜੀ ਨੂੰ ਸਾਡੀ ਮੁਸ਼ਕਿਲ ਸਮਝਣ ’ਚ ਜ਼ਰਾ ਜਿੰਨੀ ਵੀ ਦੇਰ ਨਾ ਲੱਗੀ। ਤਿੰਨੋਂ ਭਰਾਵਾਂ ਨੇ ਆਪ ਲਿਫਾਫੇ ਖੋਲ੍ਹ ਕੇ ਨਵੀਆਂ ਵਰਦੀਆਂ ਚੈੱਕ ਕੀਤੀਆਂ ਤੇ ਸਾਨੂੰ ਸਲਾਹ ਦਿੱਤੀ ਕਿ ਤੁਸੀਂ ਕੱਲ੍ਹ ਜਾਂ ਪਰਸੋਂ ਇਹ ਵਰਦੀਆਂ ਸਪਲਾਈ ਕਰਨ ਵਾਲੇ ਬੰਦੇ ਨੂੰ ਸਕੂਲ ਦੁਬਾਰਾ ਬੁਲਾਓ ਤੇ ਜਦੋਂ ਉਹ ਆ ਜਾਵੇ ਤਾਂ ਸਾਨੂੰ ਸੁਨੇਹਾ ਲਾ ਦਿਓ, ਫਿਰ ਅਸੀਂ ਦੱਸਾਂਗੇ ਕਿ ਕੀ ਤੇ ਕਿਵੇਂ ਕਰਨਾ ਹੈ।

ਅਸੀਂ ਸਭ ਖ਼ੁਸ਼ ਸੀ ਕਿ ਇਹ ਤਾਂ ਚੁਟਕੀ ਮਾਰਦਿਆਂ ਹੀ ਸਮੱਸਿਆ ਹੱਲ ਹੋ ਗਈ। ਸਕੂਲਾਂ ਵਿੱਚ ਵਰਦੀ ਸਪਲਾਈ ਕਰਨ ਵਾਲਾ ਜਿੰਦਰ ਤਾਂ ਜਿਵੇਂ ਸਾਡੀ ਫੋਨ ਕਾਲ ਹੀ ਉਡੀਕ ਰਿਹਾ ਹੋਵੇ। ਉਹ ਅਗਲੇ ਦਿਨ ਹੀ ਸਕੂਲ ਆ ਧਮਕਿਆ। ਮੈਂ ਕੈਨੇਡਾ ਵਾਲੇ ਮਾਸਟਰ ਸੁਖਦੇਵ ਸਿੰਘ ਹੋਰਾਂ ਨੂੰ ਕਾਲ ਕੀਤੀ ਤਾਂ ਥੋੜ੍ਹੇ ਇੰਤਜ਼ਾਰ ਤੋਂ ਬਾਅਦ ਤਿੰਨੋਂ ਭਰਾ ਵੀ ਆ ਗਏ। ਉਨ੍ਹਾਂ ਜਿੰਦਰ ਨਾਲ ਲੰਬੀ-ਚੌੜੀ ਗੱਲਬਾਤ ਕਰਨ ਉਪਰੰਤ ਪਹਿਲਾਂ ਆਈਆ ਸਾਰੀਆਂ ਵਰਦੀਆਂ ਉਸ ਨੂੰ ਵਾਪਸ ਚੁਕਵਾ ਦਿੱਤੀਆਂ ਤੇ ਉੱਚ ਦਰਜੇ ਦੀਆਂ ਹਰ ਬੱਚੇ ਲਈ ਦੋ-ਦੋ ਵਰਦੀਆਂ ਦਾ ਆਰਡਰ ਦੇ ਦਿੱਤਾ। ਗਰਚਾ ਭਰਾਵਾਂ ਨੇ ਬੱਚਿਆਂ ਲਈ ਆਏ ਬੂਟ ਵੀ ਵਾਪਸ ਕਰਦਿਆਂ ਮਾਰਕੇ ਦੇ ਬੂਟ ਲਿਆਉਣ ਲਈ ਕਹਿ ਦਿੱਤਾ। ਸਕੂਲ ’ਚ ਖਾਣਾ ਬਣਾਉਣ ਵਾਲੀਆਂ ਚਾਰੋ ਮੈਡਮਾਂ ਲਈ ਵਰਦੀਨੁਮਾ ਦੋ-ਦੋ ਸੂਟ ਅਤੇ ਹਰ ਬੱਚੇ ਦਾ ਆਈ ਕਾਰਡ ਬਣਵਾਉਣ ਦੀ ਵੀ ਜ਼ਿੰਮੇਵਾਰੀ ਲੈ ਲਈ। ਉਨ੍ਹਾਂ ਸਾਡੇ ਸਾਰੇ ਸਟਾਫ਼ ਲਈ ਕੁਝ ਮੰਗਵਾਉਣ ਲਈ ਵੀ ਗੱਲ ਰੱਖੀ ਪਰ ਅਸੀਂ ਹੱਥ ਜੋੜ ਦਿੱਤੇ ਪਰ ਸਾਡੇ ਕੰਪਊਟਰ ਅਧਿਆਪਕਾ ਨੀਰੂ ਨੇ ਬਿਨਾਂ ਕੋਈ ਸਲਾਹ ਕੀਤਿਆਂ ਬੱਚਿਆਂ ਵੱਲੋਂ ਵਰਤੇ ਜਾਂਦੇ ਕੰਪਿਊਟਰਾਂ ਦੀ ਹਾਲਤ ਵਾਲਾ ਚੈਪਟਰ ਵੀ ਉਨ੍ਹਾਂ ਅੱਗੇ ਖੋਲ੍ਹ ਦਿੱਤਾ। ਗਰਚਾ ਭਰਾਵਾਂ ਵਿੱਚੋਂ ਛੋਟੇ ਭਰਾ ਰਣਜੀਤ ਸਿੰਘ ਜੀ ਬੋਲੇ, ‘ਜਿੰਨੇ ਕੰਪਿਊਟਰ ਖ਼ਰਾਬ ਨੇ, ਠੀਕ ਕਰਵਾਉਣ ਲਈ ਅੱਜ ਹੀ ਭੇਜ ਦਿਓ ਤੇ ਤਿੰਨ ਕੰਪਿਊਟਰ-ਸੈੱਟ ਤੇ ਇੱਕ ਪ੍ਰਿੰਟਰ ਜਿਵੇਂ ਦੇ ਤੁਹਾਨੂੰ ਚਾਹੀਦੇ ਹਨ, ਨਵੇਂ ਲੈ ਆਓ।’ ਕੋਲ਼ ਬੈਠੇ ਜਸਵਿੰਦਰ ਸਿੰਘ ਨੇ ਸਕੂਲ ਵਿੱਚ ਹਾਈ ਸਪੀਡ ਵਾਲਾ ਇੰਟਰਨੈੱਟ ਲਗਵਾ ਕੇ ਦੇਣ ਤੇ ਬਿੱਲ ਭਰਦੇ ਰਹਿਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ।

ਇਹ ਸਭ ਵੇਖਦਿਆਂ ਮੇਰੀ ਤਾਂ ਜਿਵੇਂ ਜੀਭ ਹੀ ਦੰਦਾਂ ਵਿਚਕਾਰ ਆ ਗਈ। ‘ਕੋਈ ਹੋਰ ਫਰਮਾਇਸ਼ ਹੈ ਤਾਂ ਦੱਸੋ, ਜੋ ਚਾਹੀਦਾ ਹੈ, ਅਸੀਂ ਹਾਜ਼ਰ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ ਪਰ ਸਾਨੂੰ ਤੁਹਾਡੇ ਤੋਂ ਨਤੀਜੇ ਚਾਹੀਦੇ ਹਨ, ਸਰਕਾਰਾਂ ਵਾਲੀ ਫਾਰਮਿਲਟੀ ਨਹੀਂ।’ ਮਾ. ਸੁਖਦੇਵ ਸਿੰਘ ਹੁਰਾਂ ਸਾਡੀਆਂ ਇੱਛਾਵਾਂ ਪੂਰੀਆਂ ਕਰਦਿਆਂ ਆਪਣੀ ਇੱਛਾ ਸਾਡੇ ਅੱਗੇ ਰੱਖ ਦਿੱਤੀ। ਮੈਂ ਪੂਰੇ ਸਟਾਫ਼ ਦੀ ਹਾਜ਼ਰੀ ਵਿੱਚ ਗਰਚਾ ਭਰਾਵਾਂ ਤੋਂ ਉਨ੍ਹਾਂ ਦੇ ਬੋਲਾਂ ’ਤੇ ਖ਼ਰੇ ਉਤਰਨ ਦਾ ਵਾਅਦਾ ਕਰਦਿਆਂ ਇੱਕ ਸਾਲ ਦਾ ਸਮਾਂ ਮੰਗਿਆ ਤਾਂ ਮਾ. ਸੁਖਦੇਵ ਸਿੰਘ ਜੀ ਨੇ ‘ਚਲੋ ਇਹ ਵੀ ਦਿੱਤਾ’ ਆਖਦਿਆਂ ਫ਼ਤਿਹ ਬੁਲਾਈ ਤੇ ਵਿਦਾ ਹੋ ਗਏ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਗਰਚਾ ਭਰਾਵਾਂ ਦਾ ਧੰਨਵਾਦ ਕਿਵੇਂ ਕਰਾਂ ਤੇ ਮਨਜੀਤ ਕੌਰ ਦਾ ਕਿਵੇਂ। ਸਭ ਕੁਝ ਉਵੇਂ ਹੋਇਆ,ਜਿਵੇਂ ਅਸੀਂ ਚਿਤਵਿਆ ਵੀ ਨਹੀਂ ਸੀ ਪਰ ਮੈਨੂੰ ਕੰਪਿਊਟਰ ਅਧਿਆਪਿਕਾ ਨੀਰੂ ਵੱਲੋਂ ਆਪ-ਮੁਹਾਰੇ ਰੱਖ ਦਿੱਤੀ ਗਈ ਫ਼ਰਮਾਇਸ਼ ਮਾਹਾਂ ਦੀ ਦਾਲ ’ਚ ਆਏ ਕੋਕੜੂ ਵਾਂਗ ਮਹਿਸੂਸ ਹੋਈ। ਮੈਂ ਮੈਡਮ ਨੂੰ ਕਿਹਾ ਤਾਂ ਕੁਝ ਨਾ ਪਰ ‘ਉਹ ਕੀ ਸੋਚਦੇ ਹੋਣਗੇ’ ਦੀ ਮੁਹਾਰਨੀ ਨੇ ਮੈਨੂੰ ਸਾਰੀ ਰਾਤ ਪ੍ਰੇਸ਼ਾਨ ਕਰੀ ਰੱਖਿਆ।

ਹਫ਼ਤੇ ਬਾਅਦ ਹੀ ਗਰਚਾ ਭਰਾਵਾਂ ਦੇ ਬੋਲਾਂ ਨੂੰ ਬੂਰ ਵੀ ਆ ਪਿਆ ਤੇ ਸਾਡਾ ਸਕੂਲ ਇਲਾਕੇ ਦੇ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਂਦਾ ਨਜ਼ਰੀਂ ਪੈ ਰਿਹਾ ਸੀ। ਇੱਕ ਦਿਨ ਮੈਂ ਬਾਹਰ ਹੋਣ ਕਾਰਨ ਸਕੂਲ ਨਹੀਂ ਪਹੁੰਚ ਸਕਿਆ। ਅਗਲੇ ਦਿਨ ਮੈਂ ਸਕੂਲ ਆਇਆ ਤਾਂ ਮਨਜੀਤ ਨੇ ਇੱਕ ਲੱਡੂਆਂ ਦਾ ਡੱਬਾ ਤੇ ਵਿਆਹ ਦਾ ਕਾਰਡ ਮੇਰੇ ਸਾਹਮਣੇ ਲਿਆ ਰੱਖਿਆ, ਸਰ! ਕੱਲ੍ਹ ਪਿੰਡ ਤੋਂ ਰਾਣੋ ਆਈ ਸੀ ਆਪਣੀ ਅੰਜਲੀ ਦੀ ਮੰਮੀ, ਉਹਦੀ ਵੱਡੀ ਕੁੜੀ ਕੋਮਲ ਦਾ ਵਿਆਹ ਐ। ਆਪਣੇ ਸਕੂਲ ਹੀ ਪੜ੍ਹਦੀ ਹੁੰਦੀ ਸੀ ਕੋਮਲ, ਉਹ ਸਾਰੇ ਸਟਾਫ਼ ਨੂੰ ਸੱਦਾ ਦੇ ਕੇ ਗਈ ਆ।’ ਮੈਂ ਮਨਜੀਤ ਦੀ ਗੱਲ ਨੂੰ ਵਿੱਚੋਂ ਕੱਟਦਿਆਂ ਕਿਹਾ, ‘ਮਨਜੀਤ ਕੌਰੇ ਆ’ਜਾ ਬੈਠ ਤਾਂ ਸਹੀ, ਅੱਜ ਤੂੰ ਸਵੇਰ ਦੀ ਸਭ੍ਹਾ ਵੇਖੀ। ਮੈਨੂੰ ਤਾਂ ਏਦਾਂ ਲੱਗ ਰਿਹਾ ਸੀ, ਜਿਵੇਂ ਕਿਸੇ ਵੱਡੇ ਸ਼ਹਿਰ ਦੇ ਪ੍ਰਾਈਵੇਟ ਸਕੂਲ ਵਿੱਚ ਖੜ੍ਹਾ ਹੋਵਾਂ। ਇਹ ਸਭ ਤੇਰੇ ਕਰਕੇ ਹੀ ਸੰਭਵ ਹੋਇਆ ਐ।’ ਮਨਜੀਤ ਕੁਰਸੀ ’ਤੇ ਬੈਠਦੇ ਹੋਏ ਬੋਲੀ, ‘ਲੈ ਸਰ ਜੀ, ਮੈਂ ਕੀ ਕਰਨ ਜੋਗੀ ਆਂ, ਇਹ ਤਾਂ ਉਨ੍ਹਾਂ ਨੂੰ ਤੁਸੀਂ ਚੰਗੇ ਲੱਗੇ ਤਾਂ ਕਰ’ਤਾ ਉਨ੍ਹਾਂ ਨੇ, ਨਹੀਂ ਤਾਂ ਕੌਣ ਕਰਦਾ ਕਿਸੇ ਦੇ ਕਹਿਣ ’ਤੇ ਏਨਾ।’

ਹਾਂ ਸੱਚ! ਆ ਕਾਰਡ ਬਾਰੇ ਦੱਸ, ਸ਼ਗਨ ਕਿੰਨਾ ਕੁ ਕਰਨਾ ਐ। ਮੈਂ ਸਮਾਂ ਬਚਾਉਣ ਦੀ ਕਾਹਲ ’ਚ ਕਿਹਾ। ‘ਸਰ ਜੀ ਇਹ ਵੀ ਗੱਲ ਕਰਨਾ ਚਾਹੁੰਦੀ ਸੀ, ਰਾਣੋ ਵਿਚਾਰੀ ਦਾ ਘਰ ਵਾਲਾ ਤਾਂ ਬਹੁਤ ਸਾਲ ਪਹਿਲਾਂ ਹੀ ਮੁੱਕ ਗਿਆ ਸੀ, ਬੜੀ ਮਿਹਨਤ-ਮੁਸ਼ੱਕਤ ਨਾਲ ਪਾਲ਼ੀਆਂ ਨੇ ਉਨ੍ਹੇ ਇਹ ਦੋਵੇਂ ਕੁੜੀਆਂ। ਅੰਜਲੀ ਤਾਂ ਆਪਾਂ ਕੋਲ਼ ਈ ਪੜ੍ਹਦੀ ਐ, ਉਹ ਕੋਮਲ ਦਾ ਕਾਰਜ ਕਰਨ ਲੱਗੀ ਆ ਔਖੇ-ਸੌਖੇ ਹੋ ਕੇ। ਆਪਣੇ ਸ਼ਗਨ ਤਾਂ ਠੀਕ ਆ ਪਰ ਰਾਣੋ ਚਾਹੁੰਦੀ ਸੀ ਕਿ ਜੇ ਤੁਸੀਂ ਕੈਨੇਡਾ ਵਾਲਿਆਂ ਨੂੰ ਕਹਿ ਕੇ ਕੁਝ ਵੱਡੀ ਮਦਦ ਕਰਵਾ ਦਿੰਦੇ। ‘ਮਨਜੀਤ! ਤੂੰ ਆਪ ਈ ਸੋਚ, ਆਪਾਂ ਕਿੱਦਾਂ ਕਹਿ ਸਕਦੇ ਆਂ। ਉਹ ਕੀ ਸੋਚਣਗੇ ਸਾਡੇ ਬਾਰੇ। ਕਹਿਣਾ ਪਹਿਲਾਂ ਸਕੂਲ ਦੇ ਨਾਂ ’ਤੇ ਸਾਡੀ ਜੇਬ ਕੱਟ ਲਈ ਤੇ ਹੁਣ ਇਸ ਕੁੜੀ ਦੇ ਨਾਂ ’ਤੇ ਮੰਗਣ ਆ ਗਏ। ਉਨ੍ਹਾਂ ਕਹਿਣਾ ਮਾਸਟਰ ਦਾ ਤਾਂ ਸ਼ਾਇਦ ਕੰਮ ਈ ਇਹ ਆ।’ ਜੇ ਕੁੜੀ ਸਿਲਾਈ-ਕਢਾਈ ਕਰ ਲੈਂਦੀ ਆ ਤਾਂ ਆਪਾਂ ਰਲ-ਮਿਲ ਕੇ ਕੋਈ ਮਸ਼ੀਨ ਵਗੈਰਾ ਲੈ ਦਿੰਦੇ ਆਂ ਉਸ ਨੂੰ। ਰਹੀ ਗੱਲ ਕੈਨੇਡਾ ਵਾਲੇ ਤਾਂ ਇਨ੍ਹਾਂ ਦੇ ਪਿੰਡ ਦੇ ਹੀ ਨੇ, ਜਾ ਕੇ ਆਪ ਹੀ ਬੇਨਤੀ ਕਰ ਲੈਣ। ਮੈਨੂੰ ਜੋ ਸਹੀ ਲੱਗਾ ਮੈਂ ਕਹਿ ਦਿੱਤਾ ਪਰ ਮਨਜੀਤ ਮਸੋਸਿਆ ਜਿਹਾ ਮੂੰਹ ਬਣਾ ਕੇ ਆਪਣੀ ਰਸੋਈ ਅੰਦਰ ਚਲੇ ਗਈ ਮੈਂ ਦਫ਼ਤਰੀ ਕੰਮ ਵਿੱਚ ਮੁੜ ਰੁੱਝਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਮਨ ’ਚ ਮਨਜੀਤ ਦੀਆਂ ਹੁਣ ਵਾਲੀਆਂ ਗੱਲਾਂ ਹੀ ਚੱਲੀ ਗਈਆਂ। ਜਦੋਂ ਮਨ ਨੇ ਮੇਰੀ ਕੋਈ ਵਾਹ ਪੇਸ਼ ਨਾ ਚੱਲਣ ਦਿੱਤੀ ਤਾਂ ਮੈਂ ਮਨਜੀਤ ਨੂੰ ਫਿਰ ਦਫ਼ਤਰ ’ਚ ਬੁਲਾਇਆ ਤੇ ਸਲਾਹ ਕੀਤੀ ਕਿ ਕੈਨੇਡਾ ਵਾਲਿਆਂ ਨੂੰ ਰਾਣੋ ਦੀ ਕੁੜੀ ਦੇ ਵਿਆਹ ਸਬੰਧੀ ਕੀ ਤੇ ਕਿਵੇਂ ਬੇਨਤੀ ਕਰਨੀ ਐ। ਮਨਜੀਤ ਨੇ ਦੱਸਿਆ ਕਿ ਵਿਆਹ ਵਿੱਚ ਚਾਹ-ਪਾਣੀ ਦੀ ਸਾਰੀ ਜ਼ਿੰਮੇਵਾਰੀ ਤਾਂ ਸਰਪੰਚ ਸਾਬ੍ਹ ਨੇ ਚੁੱਕ ਲਈ ਹੈ ਤੇ ਰਾਣੋ ਚਾਹੁੰਦੀ ਹੈ ਕਿ ਸਾਨੂੰ ਬੱਸ ਰੋਟੀ ਦੇ ਖ਼ਰਚੇ ਲਈ ਕੈਨੇਡਾ ਵਾਲੇ ਹਾਮੀ ਭਰ ਦੇਣ। ਸਕੂਲ ’ਚ ਸਾਰੀ ਛੁੱਟੀ ਹੋਣ ਉਪਰੰਤ ਮੈਂ ਤੇ ਮਨਜੀਤ ਦੋਵੇਂ ਕੈਨੇਡਾ ਵਾਲਿਆਂ ਦੇ ਘਰ ਬੈਠੇ ਸੀ। ਮਨਜੀਤ ਨੇ ਗੱਲ ਸ਼ੁਰੂ ਕੀਤੀ ਤੇ ਵਿੱਚ-ਵਿੱਚ ਮੈਂ ਵੀ ਹੁੰਗਾਰਾ ਭਰਦਾ ਰਿਹਾ। ਕੁੜੀ ਦਾ ਪਿਓ ਨਾ ਹੋਣ ਦੀ ਸੂਰਤ ਵਿੱਚ ਮੈਂ ਆਪਣੀ ਮਨੋਦਸ਼ਾ ਵੀ ਗਰਚਾ ਭਰਾਵਾਂ ਸਾਹਮਣੇ ਸਪਸ਼ਟ ਕਰਦਿਆਂ ਇਸ ਖ਼ਰਚੇ ’ਚ ਆਪਣੇ ਵੱਲੋਂ ਵੀ ਸਹਿਯੋਗ ਕਰਨ ਲਈ ਹਾਮੀਂ ਭਰ ਦਿੱਤੀ। ਇਕੱਲੇ ਰਣਜੀਤ ਸਿੰਘ ਵੱਲੋਂ ਹੀ ਬਰਾਤ ਦੀ ਰੋਟੀ ਦਾ ਖ਼ਰਚਾ ਚੁੱਕਣ ਲਈ ਹਾਂ ਕਰਨ ’ਤੇ ਮਾਸਟਰ ਸੁਖਦੇਵ ਸਿੰਘ ਨੇ ਵਾਸ਼ਿੰਗ ਮਸ਼ੀਨ ਤੇ ਜਸਵਿੰਦਰ ਸਿੰਘ ਨੇ ਅਲਮਾਰੀ ਲੈ ਕੇ ਦੇਣ ਲਈ ਹਾਮੀਂ ਭਰ ਦਿੱਤੀ। ਮੈਂ ਸਭ ਦਾ ਸ਼ੁਕਰਾਨਾ ਕਰਦਿਆਂ ਆਖਿਆ ਕਿ ਸਭ ਜ਼ਿੰਮੇਵਾਰੀਆਂ ਤਾਂ ਤੁਸੀਂ ਆਪ ਹੀ ਵੰਡ ਲਈਆਂ, ਹੁਣ ਮੈਨੂੰ ਵੀ ਦੱਸੋ ਕਿ ਮੈਂ ਕੀ ਦੇਵਾਂ ਤਾਂ ਮਾਸਟਰ ਸੁਖਦੇਵ ਆਖਣ ਲੱਗੇ ਤੁਸੀਂ ਸਭ ਤੋਂ ਕੀਮਤੀ ਚੀਜ਼ ਦਰਸ਼ਨ ਦੇ ਦੇਣੇ। ਅਸੀਂ ਹਾਸੇ-ਠੱਠੇ ਪਾਉਂਦੇ ਆਪੋ-ਆਪਣੀ ਘਰੀਂ ਪਰਤ ਆਏ।

ਵਿਆਹ ਵਾਲੇ ਦਿਨ ਸਵੇਰੇ ਹੀ ਮੈਨੂੰ ਮਾਸਟਰ ਸੁਖਦੇਵ ਦਾ ਫੋਨ ਆ ਗਿਆ,‘ਜਨਾਬ! ਅਸੀਂ ਤਾਂ ਰਾਤ ਹੀ ਉਹ ਕੁੜੀ ਕੋਮਲ ਦੇ ਘਰ ਵਿਆਹ ਦਾ ਸਮਾਨ ਪਹੁੰਚਾ ਆਏ ਸੀ, ਹੁਣ ਤੁਸੀਂ ਦੱਸੋ ਦਰਸ਼ਨ ਦੇਣ ਕਿੰਨੇ ਕੁ ਵਜੇ ਜਾਣਾ ਹੈ।’ ਮੈਂ ਗਿਆਰਾਂ ਵਜੇ ਮਿਲਣ ਦਾ ਵਾਅਦਾ ਕਰ ਕੇ ਮਿਡ-ਡੇ-ਮੀਲ ਵਾਲੀਆਂ ਮੈਡਮਾਂ ਰਾਹੀਂ ਸਕੂਲ ਸਟਾਫ ਵੱਲੋਂ ਸਿਲਾਈ ਤੇ ਕਢਾਈ ਦੀਆਂ ਦੋਵੇਂ ਮਸ਼ੀਨਾਂ ਕੋਮਲ ਦੇ ਘਰ ਪੁੱਜਦੀਆਂ ਕਰ ਦਿੱਤੀਆਂ। ਸਾਢੇ ਕੁ ਬਾਰਾਂ ਕੁ ਵਜੇ ਅਸੀਂ ਸਾਰਾ ਸਟਾਫ਼ ਤਿੰਨੋਂ ਗਰਚਾ ਭਰਾਵਾਂ ਸਮੇਤ ਵਿਆਹ ਵਿੱਚ ਚਾਹ ਪੀਣ ਦੀ ਤਿਆਰੀ ’ਚ ਸੀ। ਅੱਜ ਵਿਆਹ ਵਿੱਚ ਮਾਸਟਰ ਸੁਖਦੇਵ ਨਾਲ ਉਨ੍ਹਾਂ ਦੀ ਸਰਦਾਰਨੀ ਵੀ ਆਈ ਹੋਈ ਸੀ। ਸਾਡਾ ਸਾਰਾ ਸਟਾਫ਼ ਤਾਂ ਇਸ ਗੱਲ ਲ਼ਈ ਗਰਚਾ ਭਰਾਵਾਂ ਦਾ ਧੰਨਵਾਦੀ ਸੀ ਕਿ ਉਨ੍ਹਾਂ ਪਿਓ ਬਾਹਰੀ ਇਸ ਕੁੜੀ ਦੇ ਵਿਆਹ ’ਤੇ ਕਿੰਨੀ ਜ਼ਿਆਦਾ ਮਦਦ ਕੀਤੀ ਹੈ।

ਸਰਪੰਚ ਸਾਬ੍ਹ ਨੇ ਸਾਨੂੰ ਸਭ ਨੂੰ ਚਾਹ ਪੀਣ ਲਈ ਅਜੇ ਇਸ਼ਾਰਾ ਕੀਤਾ ਹੀ ਸੀ ਵਿਆਹ ਵਾਲ਼ੀ ਕੁੜੀ ਦੀ ਮਾਂ ਰਾਣੋ ਸਾਹੋ-ਸਾਹੀ ਹੁੰਦੀ ਸਾਡੇ ਕੋਲ ਪਹੁੰਚੀ ਤੇ ਦੋਵੇਂ ਹੱਥ ਜੋੜ ਕੇ ਖੜ੍ਹੀ ਨੇ ਅੱਖਾਂ ਭਰ ਲਈਆਂ, ‘ਜੀ! ਉੱਧਰ ਮੁੰਡੇ ਨੂੰ ਸ਼ਗਨ ਪਾਉਣ ਲੱਗੇ ਆਂ ਤੇ ਸਾਡੇ ਤੋਂ ਮੁੰਡੇ ਨੂੰ ਕੋਈ ਟੂੰਬ-ਛੱਲਾ ਪਾਉਣ ਲਈ ਪ੍ਰਬੰਧ ਨਹੀਂ ਹੋਇਆ। ਹੁਣ ਸਾਨੂੰ ਸ਼ਰਮ ਮਾਰ ਰਹੀ ਐ ਕਿ ਖਾਲ਼ੀ ਹੱਥੀਂ ਸ਼ਗਨ ਕਿਵੇਂ ਪਾਈਏ।’ ਮੈਂ ਵੇਖਿਆ ਗੱਲ ਕਰਦਿਆਂ ਰਾਣੋ ਦਾ ਧਿਆਨ ਮਾਸਟਰ ਸੁਖਦੇਵ ਦੇ ਹੱਥਾਂ ਵੱਲ ਸੀ। ਸਾਨੂੰ ਬੜੀ ਹੇਠੀ ਜਿਹੀ ਮਹਿਸੂਸ ਹੋਈ ਤੇ ਮੈਂ ਕੁਝ ਬੋਲਣ ਹੀ ਲੱਗਾ ਸੀ ਕਿ ਮਾਸਟਰ ਹੁਰਾਂ ਸੱਜੇ ਹੱਥ ਦੀ ਵੱਡੀ ਉਂਗਲ ਵਿੱਚੋਂ ਆਪਣੀ ਡੱਕਰੇ ਵਰਗੀ ਸੋਨੇ ਦੀ ਮੁੰਦੀ ਉਤਾਰੀ ਤੇ ਆਪਣੀ ਸਰਦਾਰਨੀ ਰਾਹੀਂ ਰਾਣੋ ਦੇ ਜੁੜੇ ਹੋਏ ਹੱਥਾਂ ’ਚ ਫੜਾ ਦਿੱਤੀ। ਰਾਣੋ ਆਪਣੀਆਂ ਅੱਖਾਂ ਚੁੰਨੀ ਨਾਲ਼ ਪੂੰਝਦੀਆਂ ਝੁਕ-ਝੁਕ ਸ਼ੁਕਰਾਨੇ ਕਰਦੀ ਹੋਈ ਵਾਪਸ ਪਰਤ ਗਈ। ਸਾਡੇ ਕੋਲ ਤਾਂ ਕਿੰਨੀ ਦੇਰ ਲਈ ਇੱਕ ਚੁੱਪ ਜਿਹੀ ਹੀ ਪਸਰੀ ਰਹੀ। ਕੋਈ ਬੋਲਦਾ ਤਾਂ ਬੋਲਦਾ ਵੀ ਕੀ।

ਚਾਹ ਵਰਤਾਉਣ ਦੀ ਸੇਵਾ ਨਿਭਾ ਰਹੇ ਇੱਕ ਲੜਕੇ ਨੇ ਸਾਡੀ ਇਹ ਚੁੱਪੀ ਤੋੜੀ ਤੇ ਚਾਹ ਠੰਢੀ ਹੋਣ ਤੋਂ ਪਹਿਲਾਂ ਪੀ ਲੈਣ ਲਈ ਬੇਨਤੀ ਕਰਨ ਲੱਗਿਆ। ਮੈਂ ਚਾਹ ਦਾ ਕੱਪ ਸਭ ਤੋਂ ਪਹਿਲਾ ਮਾਸਟਰ ਜੀ ਤੇ ਸਰਦਾਰਨੀ ਜੀ ਨੂੰ ਫੜਾਇਆ। ਇੰਨੀ ਦੇਰ ਨੂੰ ਰਾਣੋ ਬੀਬੀ ਜੀ ਫ਼ਿਰ ਪਰਤ ਆਏ, ਅਖੇ! ਸਮਝ ਨੀ ਆ ਰਹੀ ਕਿ ਮੁੰਡੇ ਦੇ ਪਿਓ ਨੂੰ ਕੀ ਪਾਈਏ, ਜੇ ਹੋ ਸਕੇ ਤਾਂ’...ਕਹਿੰਦਿਆਂ ਉਸ ਨੇ ਮਾਸਟਰ ਦੁਆਰਾ ਪਹਿਨੀ ਹੋਈ ਦੂਜੀ ਮੁੰਦੀ ਵੱਲ ਨਿਗ੍ਹਾ ਟਿਕਾ ਲਈ। ਸਾਨੂੰ ਕਿਸੇ ਨੂੰ ਵੀ ਇਹ ਤਾਂ ਸਮਝ ਨਹੀਂ ਲੱਗੀ ਕਿ ਮਾਸਟਰ ਸੁਖਦੇਵ ਸਿੰਘ ਜੀ ਕੀ ਸੋਚ ਰਹੇ ਸਨ ਪਰ ਉਨ੍ਹਾਂ ਦੇ ਸਰਦਾਰਨੀ ਜੀ ਬੋਲ਼ ਪਏ, ‘ਨਹੀਂ, ਨਹੀਂ ਇਹ ਨਹੀ, ਇਹ ਮੇਰੇ ਪਿਓ ਦੀ ਨਿਸ਼ਾਨੀ ਐ, ਇਨ੍ਹਾਂ ਦੇ ਸ਼ਗਨਾਂ ਵਾਲੀ ਮੁੰਦੀ। ਰਾਣੋ ਦੇ ਕੰਨੀ ਮੁੰਦੀ ਲਈ ਨਾਂਹ ਕੀ ਪਈ ਕਿ ਉਸ ਦਾ ਮੂੰਹ ਸੁੱਜ ਕੇ ਕੁੱਪਾ ਹੋ ਗਿਆ। ਸ਼ਗਨਾਂ ਵਾਲ਼ੀ ਇਸ ਮੁੰਦੀ ਤੋਂ ਇਨਕਾਰ ਕੀ ਹੋਇਆ ਕਿ ਰਾਣੋ ਨੇ ਪਹਿਲਾਂ ਸਭ ਕੀਤੇ ਕਰਾਏ ’ਤੇ ਵੀ ਪਾਣੀ ਫੇਰ ਦਿੱਤਾ ਤੇ ਕੁਝ ਬੁੜ-ਬੜਾਉਂਦੇ ਹੋਏ ਚਲੇ ਗਈ। ਅਸੀਂ ਸਭ ਸਰਪੰਚ ਸਾਬ੍ਹ ਦੀ ਅਗਵਾਈ ’ਚ ਵਿਆਹ ਵਾਲ਼ੇ ਘਰ ਤੋਂ ਵਾਪਸ ਆ ਗਏ। ਸਾਡੀ ਮਨਜੀਤ ਵਿਚਾਰੀ ਮਰਨ ਹਾਕੀ ਹੋਈ ਫਿਰੇ ਪਰ ਉਹ ਕਿਸੇ ਨੂੰ ਰੋਕ ਸਕਣ ਲਈ ਹਿੰਮਤ ਨਾ ਜੁਟਾ ਸਕੀ। ਹੁਣ ਅਸੀਂ ਸਭ ਕੈਨੇਡਾ ਵਾਲਿਆਂ ਦੇ ਘਰ ਬੈਠੇ ਬਾਹਰਲੇ ਬਿਸਕੁਟਾਂ ਨਾਲ ਚਾਹ ਤਾਂ ਜ਼ਰੂਰ ਪੀ ਰਹੇ ਸੀ ਪਰ ਸਾਡੇ ਸਭਨਾਂ ਦੇ ਬੁੱਲ੍ਹਾਂ ’ਤੇ ਛਾਈ ਇਹ ਚੁੱਪ ਸਾਡਾ ਖਹਿੜਾ ਨਹੀਂ ਸੀ ਛੱਡ ਰਹੀ।

## ਮਿੰਨੀ ਕਹਾਣੀ

# ਲਾਜਵਾਬ ਹੱਲ

ਰਜਵਿੰਦਰ ਪਾਲ ਸ਼ਰਮਾ



ਸਿਵਲ ਹਸਪਤਾਲ ਵਿੱਚ ਤਾਇਨਾਤ ਸਰਜਨ ਡਾ. ਸੰਜੀਵ ਗੋਇਲ ਦੀ ਡਿਊਟੀ ਝੋਨੇ ਦੀ ਪਰਾਲੀ ਪ੍ਰਬੰਧਨ ਵਿੱਚ ਲਗਾ ਦਿੱਤੀ ਗਈ। ਇਸ ਸਬੰਧ ਵਿੱਚ ਜਦੋਂ ਸੰਜੀਵ ਗੋਇਲ ਸਿਹਤ ਮੰਤਰੀ ਨੂੰ ਮਿਲਿਆ ਅਤੇ ਆਪਣੀ ਡਿਊਟੀ ਕਟਵਾਉਣ ਲਈ ਬੇਨਤੀ ਕੀਤੀ ਤਾਂ ਅੱਗੋਂ ਮੰਤਰੀ ਸਾਹਿਬ ਕਹਿਣ ਲੱਗੇ, “ਡਾਕਟਰਾ, ਯਾਰ ਤੂੰ ਪੜ੍ਹਿਆ ਲਿਖਿਆ ਬੰਦਾ ਐਂ...ਤੇਰੇ ਲਈ ਭਲਾ ਇਹ ਕੰਮ ਕਿਤੇ ਔਖਾ ਥੋੜ੍ਹਾ ਏ।”

ਮੰਤਰੀ ਦੀ ਇਹ ਗੱਲ ਸੁਣ ਡਾਕਟਰ ਨੇ ਮੁੜ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕੀਤੀ, “ਮੰਤਰੀ ਸਾਹਿਬ, ਮੈਂ ਸਰਜਨ ਹਾਂ। ਸਾਰਾ ਦਿਨ ਮੈਂ ਮਰੀਜ਼ਾਂ ਨੂੰ ਦੇਖਦਾ ਹਾਂ ਤੇ ਦਿਨ ਵਿੱਚ ਕਈ ਅਪਰੇਸ਼ਨ ਕਰਦਾ ਹਾਂ। ਮੈਂ ਦੋਵੇਂ ਪਾਸੇ ਡਿਊਟੀ ਕਿਵੇਂ ਕਰਾਂਗਾ ?” ਅੱਗੋਂ ਮੰਤਰੀ ਸਾਹਿਬ ਨੇ ਆਪਣੀ ਸੂਝ-ਬੂਝ ਤੋਂ ਕੰਮ ਲੈਂਦਿਆਂ ਡਾਕਟਰ ਨੂੰ ਹੱਲ ਸੁਝਾਇਆ, “ਵੇਖ ਡਾਕਟਰ, ਕਿਸਾਨ ਗਿਆਰਾਂ ਵਜੇ ਤੋਂ ਬਾਅਦ ਪਰਾਲੀ ਨੂੰ ਅੱਗ ਲਗਾਉਂਦੇ ਨੇ, ਸੋ ਤੂੰ ਗਿਆਰਾਂ ਵਜੇ ਤੱਕ ਆਪਣੇ ਅਪਰੇਸ਼ਨ ਕਰ ਲਿਆ ਕਰੀਂ ਤੇ ਮਗਰੋਂ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਡਿਊਟੀ ਕਰ ਲਿਆ ਕਰੀਂ।”

ਮੰਤਰੀ ਦੀ ਇਸ ਦਲੀਲ ਨੇ ਵਾਕਈ ਹੀ ਡਾਕਟਰ ਨੂੰ ਲਾਜਵਾਬ ਕਰ ਦਿੱਤਾ ਸੀ। ਡਾਕਟਰ ਉੱਠਿਆ ਤੇ ਧੌਣ ਨੀਵੀਂ ਕਰਕੇ ਕਮਰੇ ਤੋਂ ਬਾਹਰ ਆ ਗਿਆ। ਆਪਣੇ ਦਫ਼ਤਰ ਵੱਲ ਜਾਂਦਾ ਹੋਇਆ ਉਹ ਸੋਚ ਰਿਹਾ ਸੀ ਕਿ ਆਪਣੇ ਪੇਸ਼ੇ ਵਿੱਚ ਭਾਵੇਂ ਉਹ ਜਿੰਨਾ ਮਰਜ਼ੀ ਮਾਹਿਰ ਹੈ, ਪਰ ਇੱਕ ਅਨਪੜ੍ਹ ਮੰਤਰੀ ਸਾਹਮਣੇ ਅੱਜ ਉਸ ਦੀ ਹਰ ਦਲੀਲ ਫੇਲ੍ਹ ਹੀ ਸਾਬਤ ਹੋਈ ਹੈ।

# ਕਾਵਿ ਸੰਸਾਰ

## ਕਵਿਤਾ

ਸੁਰਿੰਦਰ ਸਿੰਘ ਸੁਮਨ ਮੱਦੂ ਛਾਂਗੀਆ



ਸਾਡੀ ਰੂਹ ਨੂੰ ਜ਼ਖਮ ਦੇਣ ਵਾਲਾ ਓ ਵਰ੍ਹਾ ਸੀ॥
ਸਾਨੂੰ ਭੁੱਲੇ ਨਾ ਚੁਰਾਸੀ, ਸਾਨੂੰ ਯਾਦ ਹੈ ਚੁਰਾਸੀ॥
ਪਹਿਲਾਂ ਜੂਨ ਵਿਚ ਢਾਇਆ ਗਿਆ ਸਾਡਾ ਹਰਿਮੰਦਿਰ॥
ਵਹਿਸ਼ੀ ਬਣ ਕੇ ਤੇ ਫੇਰ ਟੁੱਟ ਪਿਆ ਸੀ ਨਵੰਬਰ ॥
ਲਹੂ ਰੰਗੀ ਸੀ ਸਵੇਰ ਹੁੰਦੀ ਸ਼ਾਮ ਸੀ ਉਦਾਸੀ॥
ਸਾਨੂੰ ਭੁੱਲੇ.................
ਕਰ ਦਿੱਤੀ ਮੰਨੂੰਵਾਦੀਆਂ ਨੇ ਜ਼ੁਲਮਾਂ ਦੀ ਅੱਤ ਸੀ॥
ਮਾਵਾਂ ਸਾਹਵੇਂ ਪੁੱਤ ਮੋਏ, ਧੀਆਂ ਬੇ ਪੱਤ ਸੀ॥
ਦਿੱਲੀ ਹੱਸਦੀ ਸੀ ਖੱਚਰੀ ਜਿਹੀ ਹਾਸੀ॥
ਸਾਨੂੰ ਭੁੱਲੇ...............
ਸਾਡੇ ਖੂਨ ਦਾ ਪਿਆਸਾ ਹੋਇਆ ਜਦੋਂ ਸਾਰਾ ਸ਼ਹਿਰ ਸੀ॥
ਅੱਗ ਲਾਕੇ ਸਾਡੇ ਗਲ਼ਾਂ ਵਿੱਚ ਪਾਏ ਇਹਨਾਂ ਟਾਇਰ ਸੀ॥
ਸਾਡੀ ਮੌਤ ਦੇ ਜਸ਼ਨ ਵਿੱਚ ਖੜਕੇ ਗਿਲਾਸੀ॥
ਸਾਨੂੰ ਭੁੱਲੇ....................
ਕਾਂਗਰਸੀ, ਸੰਘੀ ਕਾਮਰੇਡ ਰਲੇ ਉਦੋਂ ਸਾਰੇ ਸੀ॥
ਹਾਕਮ ਦੀ ਹੱਲਾ ਸ਼ੇਰੀ ਨਾਲ ਸਿੱਖ ਮਾਰੇ ਸੀ॥
ਹਰ ਸਿੱਖ ਦੇ ਮੱਥੇ ਤੇ ਅੱਤਵਾਦੀ ਲਿਖ ਦਿੱਤਾ ਸੀ॥
ਸਾਨੂੰ ਭੁੱਲੇ...............
ਸਾਡੇ ਘਰ ਗੁਰੂ ਘਰ ਇਹਨਾਂ ਲੁੱਟੇ ਅਤੇ ਸਾੜੇ ਸੀ॥
ਨਹੀਓਂ ਲਿਖ ਹੁੰਦੀ ਗਾਥਾ, ਆਪਣੇ ਉਜਾੜੇ ਦੀ॥
ਮੱਦੂ ਛਾਂਗੀਆ ਕਤਲ ਏ ਆਮ, ਨਹੀਂ ਓਹ ਦੰਗਾ ਸੀ॥
ਸਾਨੂੰ ਭੁੱਲੇ.................
ਸੰਪਾਦਕ -- ਪੰਜਾਬੀ ਹਰਫ਼ ਮਾਸਿਕ ਪੀਲੀਭੀਤ ਯੂ. ਪੀ

## ਘੁਣੇ ਜਿਹੇ

ਕੇਵਲ ਸਿੰਘ ਰੱਤੜਾ

ਸੱਜਣਾ ਨੇ ਤੋਲਿਆ ਤਾਂ ਊਣੇ ਜਿਹੇ ਲੱਗੇ ਆਂ,
ਟਕਿਆਂ ਮੁਕਾਬਲੇ ਨਿਗੂਣੇ ਜਿਹੇ ਲੱਗੇ ਆਂ।
ਦਿਲਾਂ ਵਾਲੇ ਮਾਮਲੇ 'ਚ ਭੋਲੇ ਅਣਜਾਣ ਅਸੀਂ
ਜਿੱਤਾਂ ਸਾਹਵੇਂ ਹਾਰੇ ਨਿੰਮੋਝੂਣੇ ਜਿਹੇ ਲੱਗੇ ਆਂ।
ਸਿੱਖੀਆਂ ਚਲਾਕੀਆਂ ਨਾ ਜੋੜ ਤੋੜ ਕੀਤਾ ਕਦੇ,
ਨਾ ਹੀ ਕੁੰਡੀ ਪਾਈ ਨਾ ਹੀ ਟੂਣੇ ਜਿਹੇ ਲੱਗੇ ਆਂ।
ਆਖਦੇ ਸੀ ਜਿਹੜੇ ਇਹ ਤਾਂ ਮਿੱਟੀ ਘੱਟੇ ਰੁਲੂ
ਬੰਦਿਆਂ ਦੀ ਭੀੜ ਵਿੱਚ ਦੂਣੇ ਜਿਹੇ ਲੱਗੇ ਆਂ।
ਰੇਤ ਦੇ ਮਹੱਲਾਂ ਦੇ ਨੀਂ ਸੁਪਨੇ ਸਜਾਏ ਅਸੀਂ,
ਰਾਜਿਆਂ ਨੂੰ ਸਾਧੂਆਂ ਦੇ ਧੂਣੇ ਜਿਹੇ ਲੱਗੇ ਆਂ।
ਹੋਈ ਗਲਤੀ ਤੋਂ ਮੰਗੀ ਮੁਆਫ਼ੀ, ਨੀਂ ਗੁਰੇਜ਼ ਕੀਤਾ,
ਮੂੰਹ 'ਚ ਪਾਉਣ ਵਾਲੇ ਨੂੰ ਅਲੂਣੇ ਜਿਹੇ ਲੱਗੇ ਆਂ।
'ਰੱਤੜਾ' ਗ਼ਰੂਰ ਸੀ ਜਿਨ੍ਹਾਂ ਨੂੰ ਗਹਿਰੀ ਜੜ੍ਹਾਂ ਉੱਤੇ
ਉਨ੍ਹਾਂ ਨੂੰ ਭੁਚਾਲ ਦੇ ਹਲੂਣੇ ਜਿਹੇ ਲੱਗੇ ਆਂ।

## ਸਬਰ ਸ਼ੁਕਰ

ਡਾ. ਗੁਰਦੀਪ ਸਿੰਘ ਸੰਧੂ

ਮਹਿਜ਼ ਪਾਣੀ ਨਹੀਂ
ਧਰਤ ਵੱਲੋਂ ਆਸਮਾਨ ਨੂੰ
ਭੇਜੇ ਗਏ ਸੁਨੇਹੇ ਦੀ ਤਸਦੀਕ ਵਜੋਂ
ਮੋੜੀ ਗਈ ਰਸੀਦ ਹੈ।
ਵੱਡੇ ਵੱਡਿਆਂ ਨੂੰ ਉਨ੍ਹਾਂ ਦੇ ਸੁਨੇਹਿਆਂ ਦਾ
ਹੁੰਗਾਰਾ ਇਸੇ ਤਰ੍ਹਾਂ ਭਰਿਆ ਕਰਦੇ ਨੇ।
ਧਰਤ ਨੂੰ ਪਤਾ ਹੁੰਦੈ ਕਦੋਂ
ਉਸ ਉੱਤੇ ਮਉਲੀ ਕੁਦਰਤ
ਇਸ਼ਨਾਨ ਕਰਨਾ ਚਾਹੁੰਦੀ ਹੈ।
ਧਰਤ ਤੋਂ ਉੱਠਦੀਆਂ ਗਰਮ ਹਵਾਵਾਂ
ਹੁਣ ਹੋਰ ਤੱਤੀਆਂ ਨਹੀਂ ਕਰਨੀਆਂ।
ਫੁੱਟ ਰਹੀ ਨਵੀਂ ਕਰੂੰਬਲ ਕਦੋਂ
ਮੂੰਹ ਖੋਲ੍ਹੀ ਪਾਣੀ ਮੰਗਦੀ ਹੈ
ਬੂੰਦਾਂ ਨਾਲ ਇਨ੍ਹਾਂ ਨੂੰ ਕਦੋਂ
ਆਪਣੀਆਂ ਬਰਕਤਾਂ ਬਖ਼ਸ਼ਣੀਆਂ ਨੇ।
ਸਿਰਫ਼ ਬੰਦਾ ਹੀ ਬੇਸਬਰਾ ਹੈ
ਜਿਸ ਨੂੰ ਨਾ ਯਕੀਨ ਹੈ
ਨਾ ਮੰਗਣ ਦੀ ਤੌਫ਼ੀਕ ਹੈ
ਸਬਰ ਸ਼ੁਕਰ ਤਾਂ ਬਹੁਤ ਪਿੱਛੇ ਛੱਡ ਆਇਆ ਹੈ।

## ਮੰਜ਼ਿਲ

ਚਮਕੌਰ ਸਿੰਘ ਬਾਘੇਵਾਲੀਆ

ਬੀਤੇ 'ਤੇ ਪਛਤਾ ਨਾ ਯਾਰਾ,
ਝੋਰਾ ਦਿਲ ਨੂੰ ਲਾ ਨਾ ਯਾਰਾ।
ਮੰਜ਼ਿਲ ਇੱਕ ਦਿਨ ਮਿਲ ਜਾਵੇਗੀ,
ਕਦਮ ਪੁੱਟ ਅਗਾਂਹ ਓ ਯਾਰਾ।
ਹਮਦਰਦੀ ਘੱਟ ਸਾੜਾ ਮਿਲੂਗਾ,
ਏਕਾ ਘੱਟ, ਵੱਧ ਪਾੜਾ ਮਿਲੂਗਾ।
ਸਭ ਨੂੰ ਇੱਕ ਲੜੀ ਪਰੋ ਲੈ,
ਵੰਡੀ ਪਿਆਰ ਬਹਾਰ ਓ ਯਾਰਾ।
ਵੱਡੇ ਵੱਡੇ ਸੱਪ ਮਿਲਣਗੇ,
ਲਾਰੇ ਝੂਠ ਤੇ ਗੱਪ ਮਿਲਣਗੇ।
ਦਿੰਦਾ ਰਹੀਂ ਤੂੰ ਸੱਚ ਦਾ ਹੋਕਾ,
ਸੁੱਤੀ ਕੌਮ ਜਗਾ ਓ ਯਾਰਾ।
ਮੰਜ਼ਿਲ ਵੱਲ ਤੂੰ ਵਧਦਾ ਜਾਵੀਂ,
ਜਬਰ ਨਾਲ ਤੂੰ ਲੜਦਾ ਜਾਵੀਂ।
ਮਜ਼ਲੂਮਾਂ ਦਾ ਹੱਥ ਫੜੀਂ ਤੂੰ,
ਜ਼ਾਲਮਾਂ ਨੂੰ ਕੰਬਣ ਲਾ ਓ ਯਾਰਾ।
ਪਿਆਰ ਦਾ ਹੋਕਾ ਦਿੰਦਾ ਜਾਵੀਂ,
ਗੀਤ ਮੁਹੱਬਤ ਦਾ ਤੂੰ ਗਾਵੀਂ।
ਮਾਨਸ ਕੀ ਜਾਤ ਸਭ ਏਕ ਦਿਸੇ,
ਜਾਤ ਪਾਤ ਦੇ ਸੰਗਲ ਲਾਹ ਓ ਯਾਰਾ।
ਹਰ ਸ਼ੈਅ ਦਾ ਬਦਲਦਾ ਰੂਪ ਰਹਿੰਦਾ,
ਸੂਰਜ ਚੰਦ ਚੜ੍ਹਦਾ ਤੇ ਲਹਿੰਦਾ।
ਕੀ ਹੋਇਆ ਜੇ ਉਹ ਬਦਲਗੇ,
ਤੂੰ ਵੀ ਚਾਲ ਵਧਾ ਓ ਯਾਰਾ।

## ਸਦਕੇ ਮੈਂ ਪੰਜਾਬ ਦੇ

ਕਮਲਜੀਤ ਕੌਰ ਕਮਲ



ਇੱਕ ਰਾਹ ਜਾਂਦੇ ਹੋਏ ਰਾਹੀ ਨੂੰ ਮੈਂ ਰੋਕ ਖੜ੍ਹਾਇਆ,
ਫੇਰ ਮੈਂ ਪੁੱਛਿਆ ਉਸ ਤੋਂ, ਤੂੰ ਕਿੱਥੋਂ ਆਇਆ ?
ਆਖਿਆ ਉਸ ਨੇ ਹੱਸ ਕੇ, ਮੈਂ ਅਰਸ਼ੋਂ ਆਇਆ,
ਮਹਿਮਾ ਸੁਣ ਪੰਜਾਬ ਦੀ, ਮੈਂ ਵੇਖਣ ਆਇਆ।
ਮੈਂ ਸੁਣਿਆ ਵਿੱਚ ਪੰਜਾਬ ਦੇ ਅੰਨ ਦੇ ਭੰਡਾਰੇ,
ਖਿੜੇ ਰਹਿੰਦੇ ਇਸ ਧਰਤੀ 'ਤੇ ਫੁੱਲਾਂ ਦੇ ਕਿਆਰੇ।
ਕਿਰਤੀ ਕਾਮੇ ਲੋਕ ਨੇ ਮਿਹਨਤ ਦੀ ਖਾਂਦੇ,
ਭਾਈਚਾਰੇ ਦੀ ਲੋਰ ਵਿੱਚ ਸਭ ਸਦਾ ਹੀ ਰਹਿੰਦੇ।
ਗੱਭਰੂ ਤੇ ਮੁਟਿਆਰਾਂ ਦੇ ਜੋਬਨ ਨੇ ਸੋਂਹਦੇ,
ਬਜ਼ੁਰਗ ਢਾਣੀਆਂ ਜੋੜ ਕੇ ਸੱਥਾਂ ਵਿੱਚ ਬਹਿੰਦੇ।
ਰਾਹੀ ਨੂੰ ਮੈਂ ਆਖਿਆ, ਤੂੰ ਸੱਚ ਸੁਣਾਇਆ,
ਪਰ ਮੇਰੇ ਉਸ ਪੰਜਾਬ ਨੇ ਹੁਣ ਰੰਗ ਵਟਾਇਆ
ਨਸ਼ੇ ਨੇ ਸਾਡੀ ਜਵਾਨੀ ਨੂੰ ਅੱਜ ਮਾਰ ਮੁਕਾਇਆ।
ਕਈ ਤਰ੍ਹਾਂ ਦੇ ਰੂਪ ਨੇ, ਹੁਣ ਪੰਜਾਬ 'ਚ ਵੱਸਦੇ,
ਅੱਜ ਤਾਂ ਇੱਥੇ ਧੀਆਂ 'ਤੇ, ਤੇਜ਼ਾਬ ਨੇ ਸੁੱਟਦੇ।
ਜਿਉਂਦੇ ਜੀਅ ਦਫ਼ਨਾਉਣ ਲਈ ਡੂੰਘੇ ਟੋਏ ਪੁੱਟਦੇ,
ਕੁਝ ਬਣ ਕੇ ਰਾਖੇ ਦੇਸ਼ ਦੇ ਲੋਕਾਂ ਨੂੰ ਲੁੱਟਦੇ।
ਤੈਨੂੰ ਦੱਸ ਅੱਜ ਹੋਰ ਕੀ ? ਮੈਂ ਆਖ ਸੁਣਾਵਾਂ
ਉਸ ਪਿਆਰੇ ਪੰਜਾਬ ਨੂੰ ਕਿੱਥੋਂ ਮੋੜ ਲਿਆਵਾਂ ?
ਖ਼ੁਸ਼ੀਆਂ ਖੇੜਿਆਂ ਵਾਲੀਆਂ, ਜਿੱਥੇ ਸਨ ਬਹਾਰਾਂ,
ਸਦਕੇ ਉਸ ਪੰਜਾਬ ਦੇ ਮੈਂ ਵਾਰੇ ਜਾਵਾਂ!
ਸਦਕੇ ਉਸ ਪੰਜਾਬ ਦੇ ਮੈਂ ਵਾਰੇ ਜਾਵਾਂ!

## ਗ਼ਜ਼ਲ

ਗੁਰਮੀਤ ਸਿੰਘ ਸੋਹੀ

ਹਵਾ ਨੇ ਅੱਜ ਫੇਰ ਉਹੀ ਗੀਤ ਗਾਇਆ,
ਮੈਂ ਚੁੱਪ ਦੇ ਬੂਹੇ ਉੱਤੇ ਹੀ ਸਿਰ ਨਿਵਾਇਆ।
ਨਦੀ ਦੇ ਕੰਢਿਆਂ ਵਾਂਗ ਵਿਛੜ ਗਏ ਨੇ ਰਾਹ,
ਸਮੁੰਦਰਾਂ ਤੋਂ ਵੀ ਸਾਨੂੰ ਗਿਆ ਨਾ ਮਿਲਾਇਆ।
ਮੈਂ ਰਾਤ ਭਰ ਚਿਰਾਗ਼ਾਂ ਨਾਲ ਗੱਲਾਂ ਕਰਦਾ ਰਿਹਾ,
ਹਨੇਰਿਆਂ ਨੇ ਮੇਰਾ ਨਾਮ ਲੈ ਕੇ ਸੀ ਬੁਲਾਇਆ।
ਇਹ ਫੁੱਲ ਵੀ ਅਜੀਬ ਨੇ, ਖਿੜੇ ਤਾਂ ਹੱਸ ਪੈਂਦੇ ਨੇ,
ਝੜੇ ਤੇ ਦੁੱਖ ਨੇ ਚੁੱਪ-ਚਾਪ ਦੁੱਖ ਲੁਕਾਇਆ।
ਜੋ ਆਪਣੇ ਸਨ ਉਹੀ ਨਜ਼ਰ ਚੁਰਾ ਕੇ ਲੰਘ ਗਏ,
ਪਰਾਈ ਪੀੜ ਨੇ ਲੋਕੋ ਮੈਨੂੰ ਗਲ ਨਾਲ ਲਾਇਆ।
ਕਿਸੇ ਦੀ ਯਾਦ ਦਾ ਬੱਦਲ ਵਰ੍ਹਿਆ ਤਾਂ ਇਸ ਤਰ੍ਹਾਂ,
ਸੁੱਕੀਆਂ ਅੱਖਾਂ ਨੇ ਵੀ ਫਿਰ ਅੱਥਰੂ ਵਹਾਇਆ।
'ਸੋਹੀ' ਇਸ਼ਕ ਨੂੰ ਇਬਾਦਤ ਵਾਂਗ ਨਿਭਾਉਂਦਾ ਰਹਿ
ਜ਼ਮਾਨੇ ਦਾ ਤਾਂ ਹਰ ਰਿਸ਼ਤਾ ਤੂੰ ਅਜ਼ਮਾਇਆ।

## ਸਿਖ਼ਰ ਦੁਪਹਿਰ

ਅਮਰਜੀਤ ਟਾਂਡਾ

ਸਿਖ਼ਰ ਦੁਪਹਿਰ ਸੀ
ਤਾਹੀਂ ਕਿਸੇ ਨੇ ਮੇਰੇ ਤਾਰੇ ਨਾ ਗਿਣੇ
ਮੀਂਹ ਏਨਾ ਸੀ ਕਿ ਕਿਸੇ ਨੇ
ਮੇਰੇ ਹੰਝੂ ਨਾ ਮਿਣੇ।
ਮੈਂ ਧੁੱਪ ਓੜ ਕੇ
ਸ਼ਹਿਰ ਵਿੱਚ ਮੁਸਕਰਾਉਂਦਾ ਰਿਹਾ
ਛਾਵਾਂ ਨੇ ਵੀ ਮੇਰੇ ਦਰਦ ਦੇ
ਪਹਿਰ ਨਾ ਗਿਣੇ
ਸਮੁੰਦਰ ਨੂੰ ਵੀ
ਮੇਰੀ ਪਿਆਸ ਦਾ ਅਹਿਸਾਸ ਨਾ ਸੀ।
ਉਹਨੇ ਤਾਂ ਕੰਢਿਆਂ ਤੋਂ
ਲਹਿਰਾਂ ਦੇ ਗੀਤ ਨਾ ਸੁਣੇ
ਮੈਂ ਰਾਤ ਭਰ ਜਲਿਆ
ਉਡੀਕਦੇ ਦੀਵੇ ਵਾਂਗ
ਪਰ ਲੋਕਾਂ ਨੇ ਹਵਾ 'ਚੋਂ
ਮੇਰੇ ਜ਼ਖ਼ਮ ਨਾ ਚੁਣੇ।
ਉਹ ਮੇਰੇ ਦਰਦ ਨੂੰ
ਇਸ਼ਕ ਦੀ ਹਾਰ ਆਖਦੇ ਰਹੇ
ਕਿਸੇ ਨੇ ਮੇਰੇ ਸੀਨੇ ਵਿੱਚ
ਖੁੱਭੇ ਤੀਰ ਨਾ ਗਿਣੇ
ਕਈ ਸਲੀਬਾਂ ਹਿੱਸੇ ਦੀਆਂ
ਚੁੱਪ 'ਚ ਹੀ ਦੱਬੀਆਂ ਰਹਿ ਗਈਆਂ।
ਲੋਕਾਂ ਨੇ ਸਿਰਫ਼
ਮਸੀਹਾ ਦੇ ਹੀ ਨਾਅਰੇ ਸੁਣੇ
ਉਹ ਇੱਕ ਰੁੱਖ ਸੀ
ਜਿਸ ਨੂੰ ਮੈਂ ਉਮਰ ਭਰ ਸਿੰਜਿਆ
ਉਸ ਨੇ ਵੀ
ਸੁੱਕੇ ਪੱਤਿਆਂ ਦੇ ਰਾਗ ਨਾ ਸੁਣੇ।
ਮੇਰੇ ਵਜੂਦ ਵਿੱਚ
ਕਿੰਨੇ ਹੀ ਸ਼ਹਿਰ ਡੁੱਬਦੇ ਰਹੇ
ਦੁਨੀਆ ਨੇ ਸਿਰਫ਼
ਚਿਹਰੇ ਦੇ ਉਜਿਆਰੇ ਹੀ ਗਿਣੇ
ਮੈਂ ਜਦ ਵੀ ਟੁੱਟਿਆ
ਫੁੱਲਾਂ ਦੀ ਖ਼ੁਸ਼ਬੂ ਬਣ ਗਿਆ।
ਪਰ ਸਮੇਂ ਨੇ
ਮੇਰੇ ਟੁੱਟਣ ਦੇ ਇਸ਼ਾਰੇ ਨਾ ਗਿਣੇ
ਹੁਣ ਮੇਰੀ ਰੂਹ
ਹਵਾਵਾਂ 'ਚ ਰਲ ਕੇ ਆਖਦੀ ਹੈ
ਜਿਨ੍ਹਾਂ ਨੇ ਮੈਨੂੰ ਪੜ੍ਹਿਆ
ਉਨ੍ਹਾਂ ਨੇ ਸਫ਼ਿਆਂ 'ਤੇ
ਸ਼ਬਦਾਂ ਦੇ ਅਰਥ ਨਾ ਮਿਣੇ।

## ਸੱਚ ਤੇ ਝੂਠ

ਅਮਰਜੀਤ ਸਿੰਘ ਫ਼ੌਜੀ

ਗੁਰੂਆਂ ਨੇ ਵੀ ਮੋਹਰ ਲਗਾ ਕੇ ਇਹੀਓ ਗੱਲ ਕਹੀ
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।
ਝੂਠ ਸਦਾ ਨਹੀਂ ਜਿਉਂਦਾ ਰਹਿੰਦਾ ਸੱਚ ਕਦੇ ਨਹੀਂ ਮਰਦਾ
ਝੂਠ ਭਾਵੇਂ ਬਲਵਾਨ ਵੀ ਹੋ ਜਾਏ ਪਰ ਸੱਚ ਦਾ ਪਾਣੀ ਭਰਦਾ।
ਦੁਨੀਆ ਦਾ ਕੁੱਲ ਝੂਠਾ ਬੰਦਾ ਨਾ ਜਿਉਂਦਾ ਨਾ ਮਰਦਾ
ਸੱਚ ਦੀ ਜਿੱਤ ਯਕੀਨੀ ਹੋ ਜਾਏ ਝੂਠ ਹਮੇਸ਼ਾ ਹਰਦਾ।
ਝੂਠ ਕਹਿੰਦਾ ਸੁਣ ਸੱਚ ਭਰਾਵਾ ਦੱਸਦਾ ਹਾਂ ਗੱਲ ਸੱਚੀ
ਜਿਹੜਾ ਮੇਰੇ ਧੱਕੇ ਚੜ੍ਹ ਜਾਏ ਓਹਦੀ ਬੇਇੱਜ਼ਤੀ ਪੱਕੀ।
ਕੀ ਗੱਭਰੂ ਕੀ ਬੁੱਢਾ ਠੇਰਾ, ਪਿਆਰ ਮੇਰੇ ਨਾਲ ਪਾਵੇ
ਕੋਈ ਮਗਰੋਂ ਮੂੰਹ ਨਾ ਲਾਉਂਦਾ,ਦਰ ਦਰ ਧੱਕੇ ਖਾਵੇ।
ਕਹਿੰਦਾ ਸੱਚ ਝੂਠ ਦੇ ਤਾਈਂ ਤੇਰੇ ਵੱਲੋਂ ਜੋ ਮੁੜ ਜਾਵੇ
ਹਰ ਥਾਂ ਉਹ ਸਤਿਕਾਰ ਹੀ ਪਾਵੇ, ਮੇਰੇ ਨਾਲ ਜੋ ਜੁੜ ਜਾਵੇ।
ਰੋਗ ਲੋਭ ਦਾ ਮੋਹ ਨਹੀਂ ਸਕਦਾ, ਮਗਰ ਮੇਰੇ ਜੋ ਤੁਰ ਜਾਵੇ
ਕਾਮ ਕ੍ਰੋਧ ਤੇ ਲੋਭ ਓਸ ਦਾ, ਵਾਂਗ ਲੂਣ ਦੇ ਖੁਰ ਜਾਵੇ।
ਝੂਠ ਸੱਚ ਨੂੰ ਆਖਣ ਲੱਗਾ ਤੈਥੋਂ ਕਾਹਦਾ ਪਰਦਾ
ਸੱਚਿਆਂ ਦੇ ਮੈਂ ਘਰੇ ਨਹੀਂ ਵੜਦਾ, ਤੇਰੇ ਕੋਲੋਂ ਡਰਦਾ
ਪਰ ਦੁਨੀਆ ਦਾ ਕੁੱਲ ਝੂਠਾ ਬੰਦਾ, ਮੇਰਾ ਪਾਣੀ ਭਰਦਾ।
ਸਾਰੇ ਰਾਜ ਝੂਠ ਦਾ ਹੀ ਹੋਵੇ, ਇਹ ਮੇਰਾ ਦਿਲ ਕਰਦਾ।
ਰਾਜ ਹਮੇਸ਼ਾ ਸੱਚ ਦਾ ਰਹਿਣਾ, ਕਹਿ ਗਏ ਲੋਕ ਸਿਆਣੇ
ਸੱਚ ਦੇ ਰਾਜ ਵਿੱਚ ਛੋਟਾ ਵੱਡਾ, ਹਰ ਕੋਈ ਖ਼ੁਸ਼ੀਆਂ ਮਾਣੇ।
ਸਭ ਨੂੰ ਖੱਜਲ ਖੁਆਰ ਹੈ ਕਰਨਾ ਇਹ ਝੂਠ ਦੀ ਨੀਤੀ।
ਸੱਚੇ ਸੁੱਚੇ ਬਦਲ ਦੇਣਗੇ, ਇਹ ਤੇਰੀ ਬਦਨੀਤੀ।
ਸੱਚ ਪੁਰਾਣਾ ਹੁੰਦਾ ਨਹੀਉਂ, ਸੀਤਾ ਕਦੇ ਨਾ ਪਾਟੇ
ਜਿਹੜਾ ਸੱਚ 'ਤੇ ਚੱਲਦਾ ਜਾਵੇ, ਪੂਰੇ ਹੋ ਜਾਣ ਘਾਟੇ।
ਫ਼ੌਜੀ ਕਹਿੰਦਾ ਸੱਚ 'ਤੇ ਚੱਲੋ, ਬਣ ਕੇ ਰਹੋ ਸਿਆਣੇ
ਇਹਦੇ ਨਾਲ ਹੀ ਭਲਾ ਸਰਬੱਤ ਦਾ, ਹੋ ਜਾਊ ਤੇਰੇ ਭਾਣੇ।

## ਆਤਮ-ਵਿਸ਼ਵਾਸ

ਬਚਿੱਤਰ ਜਟਾਣਾ

ਆਤਮਵਿਸ਼ਵਾਸ ਹੈ ਸਫ਼ਲਤਾ
ਇਹ ਹੌਸਲਾ ਦੇ ਮੰਜ਼ਿਲ ਵੱਲ ਵਧਾਵੇ।
ਇਸ ਤੋਂ ਬਿਨਾਂ ਬੰਦਾ ਕਦਮ ਨਾ ਪੁੱਟਦਾ
ਆਤਮ ਵਿਸ਼ਵਾਸ ਅੰਬਰੀਂ ਪੀਂਘ ਚੜ੍ਹਾਵੇ।
ਇਸ ਤੋਂ ਬਿਨਾਂ ਬੰਦਾ ਜੰਗ ਹਰ ਜਾਂਦਾ
ਆਸ ਦੇ ਰੁੱਖ ਦੇ ਪੱਤੇ ਸੁੱਕ ਜਾਂਦੇ ਸਾਰੇ।
ਇਹ ਹਾਰ ਨੂੰ ਜਿੱਤ ਵਿੱਚ ਬਦਲ ਦਿੰਦਾ
ਆਤਮ ਵਿਸ਼ਵਾਸੀ ਕਦੇ ਮਾਤ ਨਾ ਖਾਵੇ।
ਇਹ ਬੰਦੇ ਨੂੰ ਨਿਰਾਸ਼ ਨੀਂ ਹੋਣ ਦਿੰਦਾ
ਹੌਸਲਾ ਦੇਵੇ, ਕਦੇ ਬੰਦਾ ਡੋਲ ਨਾ ਜਾਵੇ।
ਬੁਰੇ ਵਕਤ 'ਚ ਵੀ ਬੰਦੇ ਨੂੰ ਦੇਵੇ ਦਲੇਰੀ
ਚੜ੍ਹਦੀ ਕਲਾ 'ਚ ਰਹੇ ਬੰਦਾ ਢੇਰੀ ਨਾ ਢਾਵੇ।
ਆਤਮ ਵਿਸ਼ਵਾਸ ਦੇ ਬਲ 'ਤੇ ਲੱਤਾਂ ਤੋਂ ਆਰੀ
ਉੱਚੀਆਂ-ਉੱਚੀਆਂ ਚੋਟੀਆਂ ਸਰ ਕਰ ਜਾਵੇ।
ਮੈਂ ਅੰਨ੍ਹੇ ਬੰਦੇ ਤੀਰ ਅੰਦਾਜ਼ੀ ਕਰਦੇ ਵੇਖੇ ਨੇ
ਅਰਜਨ ਵਾਂਗ ਮੱਛੀ ਦੀ ਅੱਖ 'ਚ ਨਿਸ਼ਾਨੇ ਲਾਵੇ।

# ਪੰਜਾਬ 'ਚ 17 ਸਾਲਾਂ ਬਾਅਦ ਹੋਵੇਗੀ ਕੌਮਾਂਤਰੀ ਹਾਕੀ ਦੀ ਵਾਪਸੀ




ਚੰਡੀਗੜ੍ਹ/ਏ.ਟੀ.ਨਿਊਜ਼: ਪੁਰਸ਼ਾਂ ਦੀ ਏਸ਼ਿਆਈ ਚੈਂਪੀਅਨਜ਼ ਟਰਾਫੀ ਨਾਲ 17 ਸਾਲਾਂ ਬਾਅਦ ਪੰਜਾਬ ਵਿੱਚ ਕੌਮਾਂਤਰੀ ਹਾਕੀ ਦੀ ਵਾਪਸੀ ਹੋ ਰਹੀ ਹੈ। ਭਾਰਤ ਦੂਜੀ ਵਾਰ ਇਸ ਟੂਰਨਾਮੈਂਟ ਦੀ ਮੇਜ਼ਬਾਨੀ ਕਰੇਗਾ। ਸੂਬੇ ਵਿੱਚ ਆਖ਼ਰੀ ਕੌਮਾਂਤਰੀ ਹਾਕੀ ਟੂਰਨਾਮੈਂਟ 2009 ਵਿੱਚ ਪੰਜਾਬ ਗੋਲਡ ਕੱਪ ਵਜੋਂ ਕਰਵਾਇਆ ਗਿਆ ਸੀ। ਇਸ ਵਾਰ ਮੇਜ਼ਬਾਨ ਭਾਰਤ ਤੋਂ ਇਲਾਵਾ ਮਲੇਸ਼ੀਆ, ਦੱਖਣੀ ਕੋਰੀਆ, ਚੀਨ, ਜਪਾਨ ਅਤੇ ਬੰਗਲਾਦੇਸ਼ ਦੀਆਂ ਟੀਮਾਂ 27 ਅਕਤੂਬਰ ਤੋਂ ਖ਼ਿਤਾਬ ਲਈ ਜ਼ੋਰ ਅਜ਼ਮਾਇਸ਼ ਕਰਨਗੀਆਂ। ਖ਼ਿਤਾਬ ਬਚਾਉਣ ਲਈ ਉਤਰਨ ਵਾਲੀ ਭਾਰਤੀ ਟੀਮ ਟੂਰਨਾਮੈਂਟ ਦੇ ਇਤਿਹਾਸ ਵਿੱਚ ਸਭ ਤੋਂ ਕਾਮਯਾਬ ਟੀਮ ਹੈ, ਜਿਸ ਨੇ ਪੰਜ ਵਾਰ (2011, 2016, 2018 ਸਾਂਝੇ ਜੇਤੂ, 2023 ਅਤੇ 2024) ਇਹ ਖ਼ਿਤਾਬ ਜਿੱਤਿਆ ਹੈ।

ਇਹ ਟੂਰਨਾਮੈਂਟ ਦੋ ਗੇੜਾਂ ਵਿੱਚ ਖੇਡਿਆ ਜਾਵੇਗਾ। ਉਦਘਾਟਨੀ ਸਮਾਗਮ ਅਤੇ ਲੀਗ ਮੁਕਾਬਲੇ 27 ਅਕਤੂਬਰ ਤੋਂ 2 ਨਵੰਬਰ ਤੱਕ ਜਲੰਧਰ ਦੇ ਬਰਲਟਨ ਪਾਰਕ ਸਥਿਤ ਉਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਹੋਣਗੇ। ਇਸ ਮਗਰੋਂ 4 ਅਤੇ 5 ਨਵੰਬਰ ਨੂੰ ਸੈਮੀ ਫਾਈਨਲ ਅਤੇ ਤਗ਼ਮਿਆਂ ਵਾਲੇ ਮੈਚ ਮੁਹਾਲੀ ਦੇ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਕੌਮਾਂਤਰੀ ਹਾਕੀ ਸਟੇਡੀਅਮ ਵਿੱਚ ਖੇਡੇ ਜਾਣਗੇ। ਲੀਗ ਗੇੜ ਦੌਰਾਨ ਸਾਰੀਆਂ ਛੇ ਟੀਮਾਂ ਆਪਸ ਵਿੱਚ ਇੱਕ-ਇੱਕ ਮੈਚ ਖੇਡਣਗੀਆਂ ਅਤੇ ਸਿਖਰਲੀਆਂ ਚਾਰ ਟੀਮਾਂ ਸੈਮੀ ਫਾਈਨਲ ਵਿੱਚ ਪੁੱਜਣਗੀਆਂ।

ਭਾਰਤੀ ਟੀਮ ਆਪਣੀ ਮੁਹਿੰਮ ਦਾ ਆਗਾਜ਼ 27 ਅਕਤੂਬਰ ਨੂੰ ਜਲੰਧਰ ਵਿੱਚ ਬੰਗਲਾਦੇਸ਼ ਖ਼ਿਲਾਫ਼ ਮੈਚ ਨਾਲ ਕਰੇਗੀ। ਪੰਜਾਬ ਲਈ ਹਾਕੀ ਸਿਰਫ਼ ਖੇਡ ਨਹੀਂ, ਸਗੋਂ ਸੂਬੇ ਦੇ ਸੱਭਿਆਚਾਰਕ ਮਾਣ ਦਾ ਅਹਿਮ ਹਿੱਸਾ ਹੈ। ਊਧਮ ਸਿੰਘ ਅਤੇ ਬਲਬੀਰ ਸਿੰਘ ਸੀਨੀਅਰ ਤੋਂ ਲੈ ਕੇ ਮੌਜੂਦਾ ਦੌਰ ਦੇ ਮਨਪ੍ਰੀਤ ਸਿੰਘ ਅਤੇ ਹਰਮਨਪ੍ਰੀਤ ਸਿੰਘ ਤੱਕ ਪੰਜਾਬੀ ਖਿਡਾਰੀਆਂ ਨੇ ਭਾਰਤੀ ਹਾਕੀ ਨੂੰ ਬੁਲੰਦੀਆਂ 'ਤੇ ਪਹੁੰਚਾਇਆ ਹੈ।

## ਪੰਜਾਬੀਆਂ ਲਈ ਪੰਜਾਬ ਵਿੱਚ ਖੇਡਣਾ ਖ਼ਾਸ: ਹਰਮਨਪ੍ਰੀਤ

ਭਾਰਤੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਖਿਡਾਰੀਆਂ ਲਈ ਇਹ ਬਹੁਤ ਖ਼ਾਸ ਮੌਕਾ ਹੈ ਕਿਉਂਕਿ ਉਹ ਪਹਿਲੀ ਵਾਰ ਆਪਣੇ ਸੂਬੇ ਵਿੱਚ ਕੌਮਾਂਤਰੀ ਪੱਧਰ 'ਤੇ ਭਾਰਤੀ ਜਰਸੀ ਪਹਿਨਣਗੇ। ਉਸ ਦਾ ਪੂਰਾ ਪਰਿਵਾਰ ਪਹਿਲੀ ਵਾਰ ਸਟੇਡੀਅਮ ਵਿੱਚ ਖੇਡਦਿਆਂ ਦੇਖੇਗਾ, ਖ਼ਾਸ ਕਰਕੇ ਉਸ ਦੇ ਪਿਤਾ, ਜਿਨ੍ਹਾਂ ਨੇ ਅੱਜ ਤੱਕ ਸਟੇਡੀਅਮ ਵਿੱਚ ਬੈਠ ਕੇ ਉਸ ਨੂੰ ਦੇਸ਼ ਲਈ ਖੇਡਦਿਆਂ ਨਹੀਂ ਦੇਖਿਆ।

## ਏਸ਼ਿਆਈ ਚੈਂਪੀਅਨਜ਼ ਟਰਾਫ਼ੀ ਵਿੱਚ ਭਾਰਤ ਵੱਲੋਂ ਜਿੱਤੇ ਪੰਜ ਖ਼ਿਤਾਬਾਂ ਦਾ ਸੰਖੇਪ ਵੇਰਵਾ

ਪਹਿਲਾ ਖ਼ਿਤਾਬ (2011, ਓਰਦੋਸ, ਚੀਨ): ਛੇ ਟੀਮਾਂ (ਚੀਨ, ਭਾਰਤ, ਮਲੇਸ਼ੀਆ, ਪਾਕਿਸਤਾਨ, ਦੱਖਣੀ ਕੋਰੀਆ ਅਤੇ ਜਾਪਾਨ) ਦਰਮਿਆਨ ਹੋਏ ਇਸ ਟੂਰਨਾਮੈਂਟ ਦੇ ਫਾਈਨਲ ਵਿੱਚ ਭਾਰਤ ਅਤੇ ਪਾਕਿਸਤਾਨ ਨਿਰਧਾਰਤ ਸਮੇਂ ਤੱਕ ਬਰਾਬਰ ਰਹੇ। ਪੈਨਲਟੀ ਸ਼ੂਟਆਊਟ ਵਿੱਚ ਭਾਰਤ ਨੇ 4-2 ਨਾਲ ਜਿੱਤ ਦਰਜ ਕਰਕੇ ਪਹਿਲਾ ਖ਼ਿਤਾਬ ਜਿੱਤਿਆ।

ਦੂਜਾ ਖ਼ਿਤਾਬ (2016, ਕੁਆਨਤਾਨ, ਮਲੇਸ਼ੀਆ): ਛੇ ਟੀਮਾਂ ਦੀ ਸ਼ਮੂਲੀਅਤ ਵਾਲੇ ਇਸ ਟੂਰਨਾਮੈਂਟ ਦੇ ਫਾਈਨਲ ਵਿੱਚ ਭਾਰਤ ਨੇ ਪਾਕਿਸਤਾਨ ਨੂੰ 3-2 ਨਾਲ ਹਰਾਇਆ। ਭਾਰਤ ਵੱਲੋਂ ਰੁਪਿੰਦਰ ਪਾਲ ਸਿੰਘ, ਅਫ਼ਾਨ ਯੂਸਫ਼ ਅਤੇ ਨਿੱਕਿਨ ਥਿਮਈਆ ਨੇ ਗੋਲ ਦਾਗੇ।

ਤੀਜਾ ਖ਼ਿਤਾਬ (2018, ਮਸਕਟ, ਓਮਾਨ): ਭਾਰਤ, ਜਾਪਾਨ, ਮਲੇਸ਼ੀਆ, ਓਮਾਨ, ਪਾਕਿਸਤਾਨ ਅਤੇ ਦੱਖਣੀ ਕੋਰੀਆ ਦੀ ਭਾਗੀਦਾਰੀ ਵਾਲੇ ਇਸ ਟੂਰਨਾਮੈਂਟ ਦਾ ਫਾਈਨਲ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੀ। ਭਾਰੀ ਮੀਂਹ ਕਾਰਨ ਮੈਚ ਰੱਦ ਹੋਣ ਮਗਰੋਂ ਦੋਵਾਂ ਟੀਮਾਂ ਨੂੰ ਸਾਂਝੇ ਤੌਰ 'ਤੇ ਜੇਤੂ ਐਲਾਨਿਆ ਗਿਆ।



ਚੌਥਾ ਖ਼ਿਤਾਬ (2023, ਚੇਨਈ): ਫਾਈਨਲ ਵਿੱਚ ਮਲੇਸ਼ੀਆ ਪਹਿਲੇ ਹਾਫ਼ ਤੱਕ 3-1 ਨਾਲ ਅੱਗੇ ਸੀ, ਪਰ ਆਖ਼ਰੀ 16 ਮਿੰਟਾਂ ਵਿੱਚ ਹਰਮਨਪ੍ਰੀਤ ਸਿੰਘ, ਗੁਰਜੰਟ ਸਿੰਘ ਅਤੇ ਅਕਾਸ਼ਦੀਪ ਸਿੰਘ ਦੇ ਗੋਲਾਂ ਦੀ ਬਦੌਲਤ ਭਾਰਤ ਨੇ ਜ਼ਬਰਦਸਤ ਵਾਪਸੀ ਕਰਦਿਆਂ 4-3 ਨਾਲ ਜਿੱਤ ਦਰਜ ਕੀਤੀ। ਇਸ ਜਿੱਤ ਨਾਲ ਭਾਰਤ ਟੂਰਨਾਮੈਂਟ ਦੀ ਸਭ ਤੋਂ ਕਾਮਯਾਬ ਟੀਮ ਬਣਿਆ।

ਪੰਜਵਾਂ ਖ਼ਿਤਾਬ (2024, ਹੁਲੁਨਬੁਈਰ, ਚੀਨ): ਫਾਈਨਲ ਵਿੱਚ ਭਾਰਤ ਦਾ ਸਾਹਮਣਾ ਮੇਜ਼ਬਾਨ ਚੀਨ ਨਾਲ ਹੋਇਆ। ਇਸ ਸਖ਼ਤ ਮੁਕਾਬਲੇ ਵਿੱਚ ਜੁਗਰਾਜ ਸਿੰਘ ਦੇ ਫੈਸਲਾਕੁੰਨ ਗੋਲ ਸਦਕਾ ਭਾਰਤ ਨੇ 1-0 ਨਾਲ ਜਿੱਤ ਦਰਜ ਕਰਕੇ ਪੰਜਵੀਂ ਵਾਰ ਟਰਾਫ਼ੀ ਆਪਣੇ ਨਾਂਅ ਕੀਤੀ।

# ਖਿਡਾਰੀਆਂ ਨੂੰ ਨਸ਼ੇ ਤੋਂ ਬਚਾਉਣ ਦੀ ਲੋੜ

ਡਾ. ਜਸਵਿੰਦਰ ਸਿੰਘ ਬਰਾੜ




ਡੋਪਿੰਗ ਜਾਂ ਡਰੱਗਜ਼ ਦਾ ਇਸਤੇਮਾਲ ਖਿਡਾਰੀ ਪ੍ਰਦਰਸ਼ਨ ਨੂੰ ਵਧਾਉਣ ਲਈ ਕਰਦੇ ਹਨ। ਇਸ ਦੀ ਵਰਤੋਂ ਖੇਡਾਂ ਦੀ ਸ਼ੁਰੂਆਤ ਤੋਂ ਲੈ ਕੇ ਹੀ ਹੋਈ ਹੈ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਪ੍ਰਾਚੀਨ ਕਾਲ 'ਚ ਖਿਡਾਰੀ ਆਪਣੇ ਆਪ ਨੂੰ ਸਰਵ ਉੱਤਮ ਬਣਾਉਣ ਲਈ ਕਾਫੀ ਸਾਰੇ ਗੈਰ-ਕਾਨੂੰਨੀ ਢੰਗਾਂ ਦਾ ਇਸਤੇਮਾਲ ਕਰਦੇ ਰਹੇ ਹਨ। ਸ਼ੁਰੂ ਤੋਂ ਹੀ ਜਿੱਤਣ ਵਾਲੇ ਦੀ ਬਹੁਤ ਜ਼ਿਆਦਾ ਵਾਹਵਾ ਅਤੇ ਹਾਰਨ ਵਾਲੇ ਨੂੰ ਫਿੱਟੇ ਮੂੰਹ ਕਹਿਣ ਵਾਲਿਆਂ ਕਾਰਨ ਹਰ ਕੋਈ ਜਿੱਤਣਾ ਚਾਹੁੰਦਾ ਸੀ ਅਤੇ ਹੈ। ਇਸ ਜਿੱਤ ਨੂੰ ਪ੍ਰਾਪਤ ਕਰਨ ਲਈ ਚਾਹੇ ਉਸ ਨੂੰ ਕੁਝ ਵੀ ਕਰਨਾ ਪਵੇ। ਜਿੱਤ ਨੂੰ ਪ੍ਰਾਪਤ ਕਰਨ ਲਈ ਚਾਹੇ ਆਪਣੀ ਜਾਨ ਦੀ ਬਾਜ਼ੀ ਲਾਉਣੀ ਪਵੇ ਜਾਂ ਸਰੀਰ ਦਾ ਕੁਝ ਵੀ ਨੁਕਸਾਨ ਕਰਾਉਣਾ ਪਵੇ, ਉਹ ਕਰਨ ਲਈ ਤਿਆਰ ਹੋ ਜਾਂਦੇ ਸਨ।

ਖੇਡਾਂ ਵਿੱਚ ਨਸ਼ਿਆਂ ਦੇ ਇਸਤੇਮਾਲ ਕਰਕੇ ਜਿੱਤਣਾ ਕੋਈ ਨਵੀਂ ਗੱਲ ਨਹੀਂ ਹੈ, ਪਰ ਹੁਣੇ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਜਾ ਰਹੀ ਹੈ। 1976 ਵਿੱਚ ਪੂਰਬੀ ਜਰਮਨ ਦੀ ਤੈਰਾਕੀ ਟੀਮ ਨੇ ਉਲੰਪਿਕ ਦੇ ਤੇਰਾਂ ਵਿੱਚੋਂ ਗਿਆਰਾਂ ਮੁਕਾਬਲੇ ਜਿੱਤੇ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਐਨਾਬੌਲਿਕ ਸਟੀਰਾਇਡ ਦੇਣ ਲਈ ਸਰਕਾਰ ਦੀ ਭਾਗੇਦਾਰੀ ਸਾਹਮਣੇ ਆਈ ਜਿਸ ਨੇ ਮੁਕਾਬਲੇ ਜਿੱਤਣ ਲਈ ਇਹ ਦਵਾਈਆਂ ਅਤੇ ਸਟੀਰੌਇਡ ਦਾ ਪ੍ਰਬੰਧ ਕੀਤਾ ਸੀ। 1992 'ਚ ਵਿੱਕੀ ਰਾਬੀ ਨੌਂਦੇ ਪੱਤਰਕਾਰ ਨੇ ਅਥਲੀਟਾਂ ਦੇ ਇੱਕ ਛੋਟੇ ਸਮੂਹ ਦੀ ਇੰਟਰਵਿਊ ਕੀਤੀ ਜਿਸ ਵਿੱਚੋਂ ਉਸ ਨੇ ਇਹ ਨਤੀਜਾ ਕੱਢਿਆ ਕਿ ਖਿਡਾਰੀਆਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਸਫਲ ਅਥਲੀਟ ਪਾਬੰਦੀਸ਼ੁਦਾ ਪਦਾਰਥਾਂ ਦੀ ਵਰਤੋਂ ਆਪਣੇ ਖੇਡ ਕੈਰੀਅਰ ਵਿੱਚ ਜ਼ਰੂਰ ਕਰਦੇ ਹਨ।



ਬਹੁਤ ਸਾਰੇ ਮਾਹਿਰ ਖੇਡਾਂ ਵਿੱਚ ਗੈਰਕਾਨੂੰਨੀ ਡੋਪਿੰਗ ਜਾਂ ਨਸ਼ਿਆਂ ਦੀ ਸ਼ੁਰੂਆਤ 1900 ਦੇ ਦਹਾਕੇ ਤੋਂ ਮੰਨਦੇ ਹਨ। ਪਰ ਸ਼ੁਰੂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਨਸ਼ਾ ਕਰਨ ਵਾਲੇ ਅਥਲੀਟ ਮਨੁੱਖ ਨਹੀਂ ਸਨ ਬਲਕਿ ਘੋੜੇ ਸਨ। ਘੋੜਿਆਂ ਦੀ ਗਤੀ ਨੂੰ ਵਧਾਉਣ ਅਤੇ ਘੋੜ ਦੌੜ ਨੂੰ ਜਿੱਤਣ ਲਈ ਘੋੜਿਆਂ ਨੂੰ ਬਹੁਤ ਸਾਰੇ ਗੈਰ-ਕਾਨੂੰਨੀ ਪਦਾਰਥ ਦਿੱਤੇ ਜਾਂਦੇ ਸਨ।

1950 ਦੀਆਂ ਉਲੰਪਿਕ ਖੇਡਾਂ ਵਿੱਚ ਪ੍ਰਦਰਸ਼ਨ ਵਿੱਚ ਵਾਧਾ ਕਰਨ ਲਈ ਅਕਸਰ ਹੀ ਅਥਲੈਟਿਕਸ ਦੇ ਈਵੈਂਟਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਕਰਦੇ ਸਨ। ਇਹ ਉਲੰਪਿਕ ਦੇ ਸ਼ੁਰੂ ਤੋਂ ਹੀ ਚਿੰਤਾ ਦਾ ਵਿਸ਼ਾ ਬਣਿਆ ਰਿਹਾ ਹੈ। 1950 ਦੇ ਦਹਾਕੇ ਵਿੱਚ ਸੋਵੀਅਤ ਪ੍ਰਯੋਜਿਤ ਸਰਕਾਰੀ ਸਿਖਲਾਈ ਪ੍ਰੋਗਰਾਮਾਂ ਨੇ ਤਾਕਤ ਅਤੇ ਸ਼ਕਤੀ ਨੂੰ ਵਧਾਉਣ ਦੇ ਤਰੀਕੇ ਵਜੋਂ ਸਟੀਰਾਇਡ ਅਤੇ ਟੈਸਟੋਸਟੀਰੋਨ ਵਰਗੇ ਪਦਾਰਥਾਂ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ ਸੀ। ਜਦਕਿ ਪ੍ਰਦਰਸ਼ਨ ਵਧਾਉਣ ਵਾਲੀਆਂ ਦਵਾਈਆਂ ਦੀ ਜਾਂਚ 1960 ਦੇ ਦਹਾਕੇ ਦੇ ਮੱਧ ਤਕ ਵਿਆਪਕ ਤੌਰ 'ਤੇ ਉਪਲੱਬਧ ਨਹੀਂ ਸੀ। ਉਸ ਤੋਂ ਬਾਅਦ ਵੀ ਡਾਕਟਰ ਉਹਨਾਂ ਸਾਰੀਆਂ ਦਵਾਈਆਂ ਦੀ ਪਹਿਚਾਣ ਨਹੀਂ ਕਰ ਸਕੇ ਜੋ ਅਥਲੀਟ ਵਰਤ ਰਹੇ ਸਨ।

ਇੱਥੇ ਇਹ ਸਵਾਲ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਆਖ਼ਿਰ ਅਥਲੀਟ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਿਉਂ ਕਰਦੇ ਹਨ? ਅਥਲੀਟਾਂ ਦੇ ਗ਼ੈਰ-ਕਾਨੂੰਨੀ ਪਦਾਰਥਾਂ ਦੇ ਇਸਤੇਮਾਲ ਕਰਨ ਦੇ ਬਹੁਤ ਸਾਰੇ ਕਾਰਨ ਹਨ। ਬਹੁਤ ਸਾਰੇ ਖਿਡਾਰੀ ਖੇਡਾਂ ਵਿੱਚ ਆਪਣੇ ਪ੍ਰਦਰਸ਼ਨ ਨੂੰ ਵਧਾਉਣ ਲਈ ਹੀ ਨਸ਼ਿਆਂ ਦਾ ਇਸਤੇਮਾਲ ਕਰਦੇ ਹਨ, ਪਰ ਬਹੁਤ ਸਾਰੇ ਅਥਲੀਟਾਂ ਜਾਂ ਖਿਡਾਰੀਆਂ ਦੇ ਨਸ਼ੇ ਦੇ ਰਾਹ ਪੈਣ ਵਿੱਚ ਹੋਰ ਵੀ ਬਹੁਤ ਸਾਰੇ ਕਾਰਨ ਹਨ। ਇਨ੍ਹਾਂ ਕਾਰਨਾਂ ਵਿੱਚ ਕੁਝ ਇਸ ਤਰ੍ਹਾਂ ਹਨ, ਆਪਣੀ ਸਰੀਰਕ ਸਮਰਥਾ ਨੂੰ ਬਹੁਤ ਜਲਦ ਵਧਾਉਣਾ, ਨਾ ਇਲਾਜ ਕੀਤੇ ਮਾਨਸਿਕ ਅਤੇ ਸਿਹਤ ਦੇ ਮਸਲਿਆਂ ਨੂੰ ਸਵੈ-ਪੜਚੋਲ ਕਰਨ ਤੇ ਮਾਨਸਿਕ ਤੌਰ 'ਤੇ ਕਮਜ਼ੋਰ ਹੋਣਾ, ਛੇਤੀ ਰਿਟਾਇਰਮੈਂਟ ਦੇ ਤਣਾਅ ਨਾਲ ਨਜਿੱਠਣ ਲਈ ਨਸ਼ਿਆਂ ਦਾ ਪ੍ਰਯੋਗ ਕਰਨਾ, ਸੱਟਾਂ 'ਤੇ ਕਾਬੂ ਪਾਉਣ ਲਈ, ਸਰੀਰ ਦੇ ਦਰਦਾਂ ਨੂੰ ਦੂਰ ਕਰਨ ਲਈ, ਘਰੇਲੂ ਪ੍ਰਾਬਲਮ ਜਾਂ ਮਾਨਸਿਕ ਦਬਾਅ ਅਤੇ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਨਾ ਕਰ ਪਾਉਣ ਦਾ ਦਬਾਅ ਅਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਅਥਲੀਟ ਨਸ਼ਿਆਂ ਦੀ ਵਰਤੋਂ ਕਰਨ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਖਿਡਾਰੀ ਗ਼ੈਰ-ਕਨੂੰਨੀ ਨਸ਼ੇ ਦੀ ਵਰਤੋਂ ਆਪਣੇ ਖੇਡ ਕੈਰੀਅਰ ਲਈ ਕਰਦੇ ਹਨ, ਜਿਵੇਂ ਤੇਜ਼ੀ ਨਾਲ ਭਾਰ ਘਟਾਉਣ ਵਿੱਚ ਮਦਦ ਕਰਨ ਲਈ ਡਾਇਯੂਰੀਟਸ ਸ਼ਕਤੀ ਨੂੰ ਵਧਾਉਣ ਲਈ ਏਨਾਬੋਲਿਕ ਸਟੀਰੌਇਡ ਖੁਰਾਕ ਦੀ ਪੂਰਤੀ ਨੂੰ ਵਧਾਉਣ ਲਈ ਹੋਰ ਗ਼ੈਰ-ਕਾਨੂੰਨੀ ਮਿਸ਼ਰਣ।

ਜਿਵੇਂ-ਜਿਵੇਂ ਖੇਡ ਮੁਕਾਬਲੇਬਾਜ਼ੀ ਵੱਧਦੀ ਜਾ ਰਹੀ ਹੈ, ਉਸੇ ਤਰ੍ਹਾਂ ਕੋਚਾਂ ਅਤੇ ਪ੍ਰਬੰਧਕਾਂ ਦੁਬਾਰਾ ਅਥਲੀਟਾਂ ਨੂੰ ਮੁਕਾਬਲੇ ਲਈ ਤਿਆਰ ਕਰਨਾ ਜਾਂ ਜਿਤਾਉਣ ਲਈ ਦਬਾਅ ਵੱਧਦਾ ਜਾ ਰਿਹਾ ਹੈ। ਇਨ੍ਹਾਂ ਕੋਚਾਂ ਟਰੇਨਰਾਂ 'ਤੇ ਹਮੇਸ਼ਾ ਹੀ ਗੈਰ-ਕਾਨੂੰਨੀ ਪਦਾਰਥ ਮੁਹੱਈਆ ਕਰਵਾਉਣ ਅਤੇ ਅਥਲੀਟਾਂ ਨੂੰ ਦੇਣ ਦੇ ਇਲਜ਼ਾਮ ਲੱਗਦੇ ਆਏ ਹਨ।

ਖੇਡਾਂ ਵਿੱਚ ਨਸ਼ਿਆਂ ਨੂੰ ਕੇਵਲ ਡਰ ਨਾਲ ਜਾਂ ਡੋਪਿੰਗ ਟੈਸਟ ਕਰਕੇ ਖ਼ਤਮ ਨਹੀਂ ਕੀਤਾ ਜਾ ਸਕਦਾ, ਜੇਕਰ ਖੇਡਾਂ ਵਿੱਚੋਂ ਨਸ਼ਿਆਂ ਨੂੰ ਖਤਮ ਕਰਨਾ ਹੈ ਤਾਂ ਇਸ ਨੂੰ ਖਿਡਾਰੀਆਂ ਦੇ ਮਨਾਂ ਵਿੱਚੋਂ ਖ਼ਤਮ ਕਰਨਾ ਪੈਣਾ ਹੈ ਉਸ ਲਈ ਇਕ ਸੁਚਾਰੂ ਸੋਚ ਦੀ ਲੋੜ ਹੈ।




ਡਾ. ਰਣਜੀਤ ਸਿੰਘ

ਸ਼ਹਿਨਸ਼ਾਹ-ਏ-ਕੱਵਾਲੀ ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਲਹਿੰਦੇ ਪੰਜਾਬ ਦਾ ਅਜਿਹਾ ਕੱਵਾਲ ਸੀ, ਜਿਸ ਨੇ ਕੱਵਾਲੀ ਗਾਇਨ ਸ਼ੈਲੀ ਨੂੰ ਦਰਗਾਹਾਂ ਤੇ ਖ਼ਾਨਗਾਹਾਂ ਦੇ ਸੀਮਤ ਘੇਰੇ ਵਿੱਚੋਂ ਕੱਢ ਕੇ ਕੌਮਾਂਤਰੀ ਮੰਚਾਂ ਤੱਕ ਪਹੁੰਚਾਇਆ।

ਕੱਵਾਲੀ ਗਾਉਣ ਦੇ ਰਵਾਇਤੀ ਅੰਦਾਜ਼ ਵਿੱਚ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਸੁਮੇਲ ਕਰਕੇ ਕੱਵਾਲੀ ਨੂੰ ਇੱਕ ਨਵਾਂ ਰੂਪ ਦੇਣ ਵਾਲੇ ਖ਼ਾਂ ਸਾਹਿਬ ਨੇ ਅਮੀਰ ਖ਼ੁਸਰੋ, ਬਾਬਾ ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਮੀਆਂ ਮੁਹੰਮਦ ਬਖ਼ਸ਼, ਖ਼ਵਾਜਾ ਗ਼ੁਲਾਮ ਫ਼ਰੀਦ, ਜਲਾਲੁਦੀਨ ਰੂਮੀ ਅਤੇ ਸ਼ਾਹ ਹੁਸੈਨ ਵਰਗੇ ਸੂਫ਼ੀ ਸੰਤਾਂ, ਫ਼ਕੀਰਾਂ ਤੇ ਸ਼ਾਇਰਾਂ ਦੇ ਕਲਾਮਾਂ ਨੂੰ ਸੁਰਾਂ ਦੀ ਮਾਲਾ ਵਿੱਚ ਪਰੋ ਕੇ ਹਰਮਨਪਿਆਰਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਕੱਵਾਲ ਮੰਡਲੀ ਵਿੱਚ ਸ਼ਾਮਲ ਫ਼ਾਰੂਖ਼ ਫ਼ਤਹਿ ਅਲੀ ਖ਼ਾਂ (ਭਰਾ), ਮੁਜਾਹਿਦ ਮੁਬਾਰਕ ਅਲੀ ਖ਼ਾਂ (ਤਾਏ ਉਸਤਾਦ ਮੁਬਾਰਕ ਅਲੀ ਖ਼ਾਂ ਦਾ ਪੁੱਤਰ), ਅਸਦ ਅਲੀ ਖ਼ਾਂ (ਤਾਏ ਉਸਤਾਦ ਸਲਾਮਤ ਅਲੀ ਖ਼ਾਂ ਦਾ ਪੁੱਤਰ), ਕੌਕਬ ਅਲੀ ਖ਼ਾਂ (ਚਾਚੇ ਉਸਤਾਦ ਨਵਾਜ਼ ਅਲੀ ਖ਼ਾਂ ਦਾ ਪੁੱਤਰ), ਰਹਿਮਤ ਅਲੀ, ਮੁਬਾਰਕ ਅਲੀ, ਇਲਿਆਸ, ਖ਼ਾਲਿਦ, ਨਫ਼ੀਸ, ਬਾਬਰ ਅਲੀ (ਸ਼ਾਗਿਰਦ) ਅਤੇ ਦਿਲਦਾਰ ਹੁਸੈਨ (ਤਬਲਾ ਵਾਦਕ, ਸ਼ਾਗਿਰਦ ਉਸਤਾਦ ਅੱਲ੍ਹਾ ਰੱਖਾ ਖ਼ਾਂ ਜਦੋਂ ਸੁਰ, ਤਾਲ ਅਤੇ ਲੈਅ ਦੇ ਸੰਗਮ ਨਾਲ ਤਾੜੀਆਂ ਦੀ ਇਕਸਾਰ ਥਾਪ 'ਤੇ ਖ਼ਾਂ ਸਾਹਿਬ ਨਾਲ ਸੁਰ ਮਿਲਾ ਕੇ ਕਦੇ ਅਲਾਪ ਅਤੇ ਕਦੇ ਪੰਚਮ ਦੀਆਂ ਤਾਨਾਂ ਲਾਉਂਦੇ, ਤਾਂ ਇੰਝ ਲੱਗਦਾ ਜਿਵੇਂ ਉਹ ਅੱਲ੍ਹਾ ਦੀ ਇਬਾਦਤ ਵਿੱਚ ਲੀਨ ਹੋਣ। ਸ਼ਾਇਦ ਇਸੇ ਲਈ ਜਾਪਾਨ ਦੇ ਲੋਕ ਉਨ੍ਹਾਂ ਨੂੰ 'ਗਾਉਂਦਾ ਹੋਇਆ ਬੁੱਧ', ਲਾਸ ਏਂਜਲਸ ਦੇ ਲੋਕ 'ਸਵਰਗ ਦੀ ਆਵਾਜ਼', ਪੈਰਿਸ ਦੇ ਲੋਕ 'ਪਾਵਾਰੋਤੀ ਆਫ਼ ਦਿ ਈਸਟ' ਅਤੇ ਪਾਕਿਸਤਾਨੀ ਲੋਕ 'ਸ਼ਹਿਨਸ਼ਾਹ-ਏ-ਕੱਵਾਲੀ' ਆਖਦੇ ਸਨ।



ਖ਼ਾਂ ਸਾਹਿਬ ਦੇ ਵੱਡੇ-ਵਡੇਰੇ, ਜੋ ਕਲਾਸੀਕਲ ਮੌਸੀਕੀ ਨੂੰ ਸਮਰਪਿਤ ਸਨ, ਕਰੀਬ 600 ਸਾਲ ਪਹਿਲਾਂ ਅਫ਼ਗਾਨਿਸਤਾਨ ਤੋਂ ਹਿਜਰਤ ਕਰਕੇ ਭਾਰਤ ਆਏ ਸਨ। ਇਹ ਲੋਕ ਹਜ਼ਰਤ ਖ਼ਵਾਜਾ ਮੁਹੰਮਦ ਦੀਵਾਨ ਚਿਸ਼ਤੀ ਸਾਬਰੀ ਨੂੰ ਪੀਰ-ਓ-ਮੁਰਸ਼ਿਦ ਮੰਨਦੇ ਸਨ। ਇਹ ਦਰਗਾਹ ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਸੂਹਾ ਨੇੜੇ 'ਥਲੀ ਸ਼ਰੀਫ਼' ਵਿਖੇ ਸਥਿਤ ਹੈ, ਜਿੱਥੇ ਉਨ੍ਹਾਂ ਦਾ ਮਜ਼ਾਰ ਵੀ ਹੈ। ਉਸ ਸਮੇਂ ਧਰੁਪਦ ਗਾਇਕੀ ਦਾ ਦੌਰ ਹੋਣ ਕਾਰਨ ਉਹ ਧਰੁਪਦ ਗਾਇਕ ਵਜੋਂ ਮਕਬੂਲ ਹੋਏ। ਉਨ੍ਹਾਂ ਵਿੱਚੋਂ ਬਜ਼ੁਰਗ ਉਸਤਾਦ ਸਾਹਿਬ ਦਾਦ ਖ਼ਾਂ, ਖ਼ਾਲਿਕ ਲਾਲ ਖ਼ਾਨ, ਉਸਤਾਦ ਮੌਲਾ ਬਖ਼ਸ਼ (ਦਾਦਾ), ਉਸਤਾਦ ਅਲੀ ਦਾਦ ਖ਼ਾਂ, ਉਸਤਾਦ ਝੰਡੂ ਖ਼ਾਂ, ਉਸਤਾਦ ਖ਼ਲਕ ਦਾਦ ਖ਼ਾਂ ਅਤੇ ਉਸਤਾਦ ਜਹਾਂਗੀਰ ਦਾਦ ਖ਼ਾਂ ਦੇ ਨਾਂ ਜ਼ਿਕਰਯੋਗ ਹਨ। ਉਸਤਾਦ ਸਾਦਿਕ ਅਲੀ ਖ਼ਾਂ ਮਾਂਡੋ ਅਤੇ ਉਸਤਾਦ ਗ਼ੁਲਾਮ ਹੈਦਰ ਵਰਗੇ ਉਸਤਾਦ ਵੀ ਇਸੇ ਘਰਾਣੇ ਦੀ ਦੇਣ ਹਨ। ਸਮੇਂ ਦੇ ਬਦਲਾਅ ਨਾਲ ਇਸ ਖ਼ਾਨਦਾਨ ਦੇ ਕੁਝ ਫ਼ਨਕਾਰਾਂ ਨੇ ਖ਼ਿਆਲ ਗਾਇਕੀ ਨੂੰ ਵੀ ਅਪਣਾ ਲਿਆ।

ਸੰਨ 1947 ਦੀ ਵੰਡ ਤੋਂ ਪਹਿਲਾਂ ਖ਼ਾਂ ਸਾਹਿਬ ਦੇ ਪਿਤਾ ਉਸਤਾਦ ਫ਼ਤਹਿ ਅਲੀ ਖ਼ਾਂ ਪਰਿਵਾਰ ਸਮੇਤ ਜਲੰਧਰ ਦੀ ਬਸਤੀ ਸ਼ੇਖ਼ ਦਰਵੇਸ਼ ਵਿੱਚ ਰਹਿੰਦੇ ਸਨ। ਵੰਡ ਉਪਰੰਤ ਉਹ ਫ਼ੈਸਲਾਬਾਦ (ਪਹਿਲਾਂ ਲਾਇਲਪੁਰ) ਜਾ ਵਸੇ, ਜਿੱਥੇ 13 ਅਕਤੂਬਰ 1948 ਨੂੰ ਨੁਸਰਤ ਫ਼ਤਹਿ ਅਲੀ ਖ਼ਾਂ ਦਾ ਜਨਮ ਹੋਇਆ। ਬਚਪਨ ਵਿੱਚ ਉਨ੍ਹਾਂ ਦਾ ਨਾਂ ਪਰਵੇਜ਼ ਫ਼ਤਹਿ ਅਲੀ ਖ਼ਾਂ ਸੀ, ਜੋ ਬਾਅਦ ਵਿੱਚ ਇੱਕ ਸੂਫ਼ੀ ਸੰਤ ਦੇ ਕਹਿਣ 'ਤੇ ਬਦਲ ਕੇ ਨੁਸਰਤ ਫ਼ਤਹਿ ਅਲੀ ਖ਼ਾਂ ਰੱਖਿਆ ਗਿਆ। ਪਰਿਵਾਰ ਉਨ੍ਹਾਂ ਨੂੰ ਡਾਕਟਰ ਜਾਂ ਇੰਜੀਨੀਅਰ ਬਣਾਉਣਾ ਚਾਹੁੰਦਾ ਸੀ, ਪਰ ਘਰ ਦੇ ਸੰਗੀਤਕ



ਮਾਹੌਲ ਨੇ ਉਨ੍ਹਾਂ ਨੂੰ ਮੌਸੀਕੀ ਵੱਲ ਖਿੱਚ ਲਿਆ। ਪਰਿਵਾਰ ਵਿੱਚ ਉਨ੍ਹਾਂ ਦੀਆਂ ਚਾਰ ਵੱਡੀਆਂ ਭੈਣਾਂ ਅਤੇ ਇੱਕ ਛੋਟਾ ਭਰਾ ਫ਼ਾਰੂਖ਼ ਫ਼ਤਹਿ ਅਲੀ ਖ਼ਾਂ ਸੀ, ਜੋ ਖ਼ਾਂ ਸਾਹਿਬ ਦੀ ਸੰਗੀਤਕ ਟੀਮ ਵਿੱਚ ਹਰਮੋਨੀਅਮ 'ਤੇ ਸੰਗਤ ਕਰਦਾ ਸੀ।

ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਨੇ ਸ਼ਾਸਤਰੀ ਸੰਗੀਤ ਅਤੇ ਤਬਲੇ ਦੀ ਤਾਲੀਮ ਆਪਣੇ ਪਿਤਾ ਉਸਤਾਦ ਫ਼ਤਹਿ ਅਲੀ ਖ਼ਾਂ ਕੋਲੋਂ ਅਤੇ ਕੱਵਾਲੀ ਦੀ ਤਾਲੀਮ ਉਸਤਾਦ ਸਲਾਮਤ ਅਲੀ ਖ਼ਾਂ ਕੋਲੋਂ ਹਾਸਲ ਕੀਤੀ। 12 ਮਾਰਚ 1964 ਨੂੰ ਗਲੇ ਦੇ ਕੈਂਸਰ ਕਾਰਨ ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ ਉਸਤਾਦ ਮੁਬਾਰਕ ਅਲੀ ਖ਼ਾਂ, ਉਸਤਾਦ ਸਲਾਮਤ ਅਲੀ ਖ਼ਾਂ (ਸ਼ਾਮਚੌਰਾਸੀ ਘਰਾਣਾ) ਅਤੇ ਉਸਤਾਦ ਨਵਾਜ਼ ਅਲੀ ਖ਼ਾਂ ਨੇ ਉਨ੍ਹਾਂ ਨੂੰ ਸੰਗੀਤ ਦੀ ਵਿਧੀਵਤ ਸਿੱਖਿਆ ਦੇਣੀ ਜਾਰੀ ਰੱਖੀ। ਸੰਨ 1966 ਤੋਂ ਬਾਅਦ ਉਹ ਉਸਤਾਦ ਮੁਬਾਰਕ ਅਲੀ ਖ਼ਾਂ ਨਾਲ ਰਲ ਕੇ ਲਗਾਤਾਰ ਛੇ ਸਾਲ ਮਹਿਫ਼ਲਾਂ ਵਿੱਚ ਗਾਉਂਦੇ ਰਹੇ। ਚਾਚਾ ਨਵਾਜ਼ ਅਲੀ ਖ਼ਾਂ ਨੇ ਨੁਸਰਤ ਜੀ ਨੂੰ ਸੂਫ਼ੀ ਸੰਤਾਂ ਅਤੇ ਕਵੀਆਂ ਦੇ ਕਲਾਮ ਕੰਠ ਕਰਵਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।

ਸੰਨ 1964 ਵਿੱਚ ਸਭ ਤੋਂ ਪਹਿਲਾਂ ਖ਼ਾਂ ਸਾਹਿਬ ਨੇ ਆਪਣੇ ਪਿਤਾ ਦੇ ਚਹਿਲਮ (ਚਾਲੀਹੇ) 'ਤੇ ਗਾਇਆ। ਇਸ ਮੌਕੇ ਉੱਥੇ ਮੌਜੂਦ ਕਲਾਸੀਕਲ ਮੌਸੀਕੀ ਦੇ ਉਸਤਾਦ ਛੋਟੇ ਗ਼ੁਲਾਮ ਅਲੀ ਖ਼ਾਂ, ਉਸਤਾਦ ਨਜ਼ਾਕਤ ਅਲੀ ਖ਼ਾਂ, ਉਸਤਾਦ ਸਲਾਮਤ ਅਲੀ ਖ਼ਾਂ, ਉਸਤਾਦ ਅਮਾਨਤ ਅਲੀ ਖ਼ਾਂ, ਉਸਤਾਦ ਉਮੀਦ ਅਲੀ ਖ਼ਾਂ, ਉਸਤਾਦ ਗ਼ੁਲਾਮ ਹਸਨ, ਫ਼ਰੀਦਾ ਖ਼ਾਨਮ, ਮਹਿਦੀ ਹਸਨ ਅਤੇ ਰੌਸ਼ਨਆਰਾ ਬੇਗ਼ਮ ਬਾਲਕ ਨੁਸਰਤ ਦੀ ਗਾਇਕੀ ਸੁਣ ਕੇ ਦੰਗ ਰਹਿ ਗਏ। 23 ਮਾਰਚ 1964 ਨੂੰ ਮਹਿਜ਼ 15 ਸਾਲ ਦੀ ਉਮਰ ਵਿੱਚ ਜਦੋਂ ਉਨ੍ਹਾਂ ਨੇ ਰੇਡੀਓ ਪਾਕਿਸਤਾਨ (ਲਾਹੌਰ) ਦੇ 'ਜਸ਼ਨ-ਏ-ਬਹਾਰਾਂ' ਪ੍ਰੋਗਰਾਮ ਵਿੱਚ ਹਜ਼ਰਤ ਅਮੀਰ ਖ਼ੁਸਰੋ ਦਾ ਫ਼ਾਰਸੀ ਕਲਾਮ ਗਾਇਆ, ਤਾਂ ਚਾਰੇ ਪਾਸੇ ਉਨ੍ਹਾਂ ਦੀ ਚਰਚਾ ਹੋਈ। ਇਸੇ ਪ੍ਰੋਗਰਾਮ ਵਿੱਚ ਸੰਨ 1975 ਦੌਰਾਨ ਗਾਈ ਕੱਵਾਲੀ 'ਹੱਕ ਅਲੀ ਅਲੀ' ਨੇ ਉਨ੍ਹਾਂ ਨੂੰ ਸਟਾਰ ਕਲਾਕਾਰ ਬਣਾ ਦਿੱਤਾ।

ਸੰਨ 1971 ਵਿੱਚ ਚਾਚਾ ਉਸਤਾਦ ਮੁਬਾਰਕ ਅਲੀ ਖ਼ਾਂ ਦੇ ਬਿਮਾਰ ਹੋ ਜਾਣ ਕਾਰਨ ਪਰਿਵਾਰਕ ਕੱਵਾਲ ਪਾਰਟੀ ਦੀ ਅਗਵਾਈ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਮੋਢਿਆਂ 'ਤੇ ਆ ਪਈ। ਇਸੇ ਸਾਲ ਪਿਤਾ ਦੀ ਬਰਸੀ ਮੌਕੇ ਕਲਾਸੀਕਲ ਗਾਇਕੀ ਦੀ ਅਜਿਹੀ ਪੇਸ਼ਕਾਰੀ ਦਿੱਤੀ ਕਿ ਉਨ੍ਹਾਂ ਨੂੰ 'ਉਸਤਾਦ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ। ਸੰਨ 1979 ਵਿੱਚ ਖ਼ਾਂ ਸਾਹਿਬ ਦਾ ਵਿਆਹ ਨਾਹਿਦ ਨੁਸਰਤ (ਤਾਏ ਦੀ ਧੀ) ਨਾਲ ਹੋਇਆ, ਜਿਨ੍ਹਾਂ ਦੇ ਘਰ ਇੱਕ ਬੇਟੀ ਨਿਦਾ ਨੇ ਜਨਮ ਲਿਆ।

ਮੌਸੀਕੀ ਤੋਂ ਇਲਾਵਾ ਹਾਕੀ ਤੇ ਕ੍ਰਿਕਟ ਦੇਖਣ ਦੇ ਸ਼ੌਕੀਨ, ਖਾਣੇ ਵਿੱਚ ਕਰੇਲੇ ਤੇ ਗੋਸ਼ਤ, ਪੀਣ ਲਈ ਕੌਫ਼ੀ ਅਤੇ ਲਿਬਾਸ ਵਿੱਚ ਚਿੱਟੇ ਰੰਗ ਨੂੰ ਪਸੰਦ ਕਰਨ ਵਾਲੇ ਖ਼ਾਂ ਸਾਹਿਬ ਨੇ ਉਰਦੂ, ਪੰਜਾਬੀ, ਫ਼ਾਰਸੀ, ਸਰਾਇਕੀ, ਅਰਬੀ, ਹਿੰਦੀ ਤੇ ਪੂਰਬੀ ਭਾਸ਼ਾਵਾਂ ਵਿੱਚ ਸੂਫ਼ੀਆਨਾ ਕਲਾਮ, ਕੱਵਾਲੀਆਂ, ਸ਼ਬਦ ਅਤੇ ਭਜਨ ਗਾਏ। ਉਨ੍ਹਾਂ ਦੀਆਂ ਬੇਸ਼ੁਮਾਰ ਪੇਸ਼ਕਾਰੀਆਂ ਆਲਮਗੀਰ ਮਕਬੂਲ ਹੋਈਆਂ; ਜਿਨ੍ਹਾਂ ਵਿੱਚ 'ਕਿੰਨਾ ਸੋਹਣਾ ਤੈਨੂੰ ਰੱਬ ਨੇ ਬਣਾਇਆ', 'ਅੱਖੀਆਂ ਉਡੀਕਦੀਆਂ', 'ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ', 'ਮੈਂ ਤਾਂ ਅਲੀ ਦਾ ਮਲੰਗ', ਇੱਕ ਘਰ ਰੱਬ ਦਾ ਦੂਜਾ ਘਰ ਯਾਰ ਦਾ, 'ਦਮਾ ਦਮ ਮਸਤ ਕਲੰਦਰ (ਝੂਲੇ ਲਾਲ)', 'ਮੇਰਾ ਪੀਆ ਘਰ ਆਇਆ', 'ਤੇਰੇ ਬਿਨ ਨਹੀਂ ਲੱਗਦਾ ਜੀਅ ਮੇਰਾ ਢੋਲਣਾ', 'ਨੀ ਮੈਂ ਜਾਣਾ ਜੋਗੀ ਦੇ ਨਾਲ', 'ਤੇਰੇ ਵਿੱਚੋਂ ਰੱਬ ਦਿਸਦਾ', 'ਯਾਦਾਂ ਵਿਛੜੇ ਸੱਜਣ ਦੀਆਂ ਆਈਆਂ', 'ਸਾਂਸੋਂ ਕੀ ਮਾਲਾ ਪੇ', 'ਗਿਣ ਗਿਣ ਤਾਰੇ ਲੰਘਦੀਆਂ ਰਾਤਾਂ', 'ਨਿੱਤ ਖ਼ੈਰ ਮੰਗਾਂ ਸੋਹਣਿਆਂ ਮੈਂ ਤੇਰੀ', 'ਮੇਰੇ ਰਸ਼ਕੇ ਕਮਰ', 'ਸਾਨੂੰ ਇਕ ਪਲ ਚੈਨ ਨਾ ਆਵੇ', 'ਅੱਲ੍ਹਾ ਹੂ ਅੱਲ੍ਹਾ ਹੂ', 'ਆਫ਼ਰੀਨ ਆਫ਼ਰੀਨ' ਅਤੇ 'ਦੂਲਹੇ ਕਾ ਸਿਹਰਾ ਸੁਹਾਨਾ ਲਗਤਾ ਹੈ' ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।

ਖ਼ਾਂ ਸਾਹਿਬ ਦੀ ਆਵਾਜ਼ ਨੇ ਸਿਨੇਮਾ ਜਗਤ ਵਿੱਚ ਵੀ ਆਪਣੀ ਧਾਂਕ ਜਮਾਈ। ਹਾਲੀਵੁੱਡ ਦੀਆਂ ਫ਼ਿਲਮਾਂ ਦ ਲਾਸਟ ਟੈਂਪਟੇਸ਼ਨ ਆਫ਼ ਕ੍ਰਾਈਸਟ (ਸੰਗੀਤ: ਪੀਟਰ ਗੈਬ੍ਰੀਅਲ, 1988), ਡੈੱਡ ਮੈਨ ਵਾਕਿੰਗ (ਸਾਥੀ ਗਾਇਕ: ਐਡੀ ਵੈਡਰ, 1995) ਅਤੇ ਦ ਸੇਂਟ (ਸੰਗੀਤ: ਗ੍ਰੇਮ ਰੇਵੇਲ, 1997) ਦੇ ਸਾਊਂਡ-ਟਰੈਕਾਂ ਵਿੱਚ ਉਨ੍ਹਾਂ ਨੇ ਗਾਇਆ। ਬਾਲੀਵੁੱਡ ਵਿੱਚ ਉਨ੍ਹਾਂ ਨੇ ਬੈਂਡਿਟ ਕੁਈਨ (1994), ਔਰ ਪਿਆਰ ਹੋ ਗਿਆ (1997), ਕੱਚੇ ਧਾਗੇ (1999), ਕਾਰਤੂਸ (1999) ਅਤੇ ਧੜਕਨ (2000) ਵਰਗੀਆਂ ਫ਼ਿਲਮਾਂ ਲਈ ਸੰਗੀਤਕਾਰ ਤੇ ਗਾਇਕ ਵਜੋਂ ਕੰਮ ਕੀਤਾ। ਸੰਨ 1997 ਵਿੱਚ ਏ.ਆਰ. ਰਹਿਮਾਨ ਨਾਲ ਮਿਲ ਕੇ 'ਵੰਦੇ ਮਾਤਰਮ' ਐਲਬਮ ਵਿੱਚ 'ਗੁਰੂਜ਼ ਆਫ਼ ਪੀਸ' ਗੀਤ ਰਾਹੀਂ ਅਮਨ ਤੇ ਭਾਈਚਾਰੇ ਦਾ ਸੁਨੇਹਾ ਦਿੱਤਾ। ਬ੍ਰਿਟਿਸ਼ ਸੰਗੀਤਕਾਰ ਪੀਟਰ ਗੈਬ੍ਰੀਅਲ, ਕੈਨੇਡੀਅਨ ਸੰਗੀਤਕਾਰ ਮਾਈਕਲ ਬਰੂਕ, ਬੁਆਏ ਜਾਰਜ ਵਰਗੇ ਕੌਮਾਂਤਰੀ ਕਲਾਕਾਰ ਉਨ੍ਹਾਂ ਦੀ ਗਾਇਕੀ ਦੇ ਮੁਰੀਦ ਸਨ। ਲੰਡਨ ਦੇ ਇੱਕ ਸ਼ੋਅ ਦੌਰਾਨ ਪ੍ਰਸਿੱਧ ਰੌਕ ਸਟਾਰ ਮਿਕ ਜੈਗਰ ਨੇ ਲਗਾਤਾਰ ਤਿੰਨ ਘੰਟੇ ਬੈਠ ਕੇ ਉਨ੍ਹਾਂ ਨੂੰ ਸੁਣਿਆ। ਉਨ੍ਹਾਂ ਨੇ ਜਾਵੇਦ ਅਖ਼ਤਰ ਨਾਲ ਮਿਲ ਕੇ ਮਸ਼ਹੂਰ ਐਲਬਮ 'ਸੰਗਮ' ਵੀ ਤਿਆਰ ਕੀਤੀ। ਦਿਨ-ਰਾਤ ਸੰਗੀਤ ਦੀ ਸਾਧਨਾ ਕਰਦਿਆਂ ਖ਼ਾਂ ਸਾਹਿਬ ਆਪਣੀ ਸਿਹਤ ਵੱਲ ਧਿਆਨ ਨਾ ਦੇ ਸਕੇ। ਲਗਾਤਾਰ ਵਜ਼ਨ ਵਧਣ ਕਾਰਨ ਉਨ੍ਹਾਂ ਦੇ ਗੁਰਦੇ ਪ੍ਰਭਾਵਿਤ ਹੋ ਗਏ। ਸੰਨ 1995 ਵਿੱਚ ਡਾਕਟਰਾਂ ਨੇ ਗੁਰਦਾ ਬਦਲਾਉਣ ਦੀ ਸਲਾਹ ਦਿੱਤੀ, ਪਰ ਸੰਗੀਤਕ ਰੁਝੇਵਿਆਂ ਕਾਰਨ ਉਹ ਇਲਾਜ ਲਈ ਸਮਾਂ ਨਾ ਕੱਢ ਸਕੇ। ਲੰਡਨ ਫ਼ੇਰੀ ਦੌਰਾਨ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਨੂੰ ਕਰੌਮਵੈੱਲ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ 16 ਅਗਸਤ 1997 ਨੂੰ ਇਸ ਮਹਾਨ ਫ਼ਨਕਾਰ ਨੇ ਆਖ਼ਰੀ ਸਾਹ ਲਿਆ। ਉਸਤਾਦ ਨੁਸਰਤ ਫ਼ਤਹਿ ਅਲੀ ਖ਼ਾਂ ਭਾਵੇਂ ਸਰੀਰਕ ਤੌਰ 'ਤੇ ਰੁਖ਼ਸਤ ਹੋ ਗਏ ਹਨ, ਪਰ ਤਿੰਨਾਂ ਸਪਤਕਾਂ ਵਿੱਚ ਗੂੰਜਦੀ ਉਨ੍ਹਾਂ ਦੀ ਬੁਲੰਦ ਆਵਾਜ਼ ਰਹਿੰਦੀ ਦੁਨੀਆ ਤੱਕ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਦੀ ਰਹੇਗੀ।



## ਵੀਜ਼ਾ ਪ੍ਰਣਾਲੀ 'ਚ ਬਦਲਾਓ

ਵੀਜ਼ਾ ਸੀਮਾ ਤੈਅ ਕਰੇਗਾ।

ਨਵੀਂ ਪ੍ਰਣਾਲੀ ਲਈ ਆਰੰਭਿਕ ਸਾਲਾਨਾ ਸੀਮਾ 85,000 ਰੱਖੀ ਜਾਵੇਗੀ, ਜਿਸ ਨੂੰ ਬਾਅਦ ਵਿੱਚ ਆਰਥਿਕ ਸਥਿਤੀਆਂ ਅਨੁਸਾਰ ਬਦਲਿਆ ਜਾ ਸਕੇਗਾ।

ਰੋਜ਼ਗਾਰ-ਆਧਾਰਿਤ ਪੱਕੀ ਇਮੀਗ੍ਰੇਸ਼ਨ ਲਈ ਇੱਕ ਪੁਆਇੰਟ ਸਿਸਟਮ ਲਾਗੂ ਕੀਤਾ ਜਾਵੇਗਾ। ਇਸ ਵਿੱਚ ਬਿਨੈਕਾਰਾਂ ਦੀ ਉਮਰ, ਵਿਦਿਅਕ ਯੋਗਤਾ, ਅੰਗਰੇਜ਼ੀ ਭਾਸ਼ਾ ਦੀ ਮਾਹਰਤਾ, ਤਨਖਾਹ ਅਤੇ ਵਿਸ਼ੇਸ਼ ਉਪਲਬਧੀਆਂ ਦੇ ਅੰਕ ਦਿੱਤੇ ਜਾਣਗੇ। 26 ਤੋਂ 30 ਸਾਲ ਦੀ ਉਮਰ ਵਾਲੇ ਉਮੀਦਵਾਰਾਂ ਅਤੇ ਆਪਣੇ ਰਾਜ ਦੀ ਔਸਤ ਆਮਦਨ ਨਾਲੋਂ ਵੱਧ ਤਨਖਾਹ ਵਾਲੀਆਂ ਨੌਕਰੀਆਂ ਵਾਲਿਆਂ ਨੂੰ ਵਾਧੂ ਅੰਕ ਮਿਲਣਗੇ।

ਬਿੱਲ ਵਿੱਚ ਰੋਜ਼ਗਾਰ-ਆਧਾਰਿਤ ਇਮੀਗ੍ਰੇਸ਼ਨ 'ਤੇ ਲੱਗੀਆਂ ਦੇਸ਼-ਵਿਸ਼ੇਸ਼ ਦੀਆਂ ਸੀਮਾਵਾਂ ਨੂੰ ਹਟਾਉਣ ਦੀ ਤਜਵੀਜ਼ ਹੈ, ਜੋ ਲੰਬੇ ਸਮੇਂ ਤੋਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਭਾਰਤੀ ਨਾਗਰਿਕਾਂ ਲਈ ਮਹੱਤਵਪੂਰਨ ਹੋ ਸਕਦੀ ਹੈ। ਹਾਲਾਂਕਿ, ਉਡੀਕ ਸਮੇਂ 'ਤੇ ਅਸਲ ਪ੍ਰਭਾਵ ਕੁੱਲ ਵੀਜ਼ਾ ਸੀਮਾ 'ਤੇ ਨਿਰਭਰ ਕਰੇਗਾ। ਬਿੱਲ ਵਿੱਚ ਪਰਿਵਾਰਕ-ਸਪਾਂਸਰਡ ਇਮੀਗ੍ਰੇਸ਼ਨ ਨੂੰ ਸਿਰਫ਼ ਪਤੀ/ਪਤਨੀ ਅਤੇ ਨਾਬਾਲਗ ਬੱਚਿਆਂ ਤੱਕ ਸੀਮਤ ਕਰਨ ਅਤੇ 'ਡਾਇਵਰਸਿਟੀ ਵੀਜ਼ਾ ਲੋਟਰੀ ਪ੍ਰੋਗਰਾਮ' ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਪ੍ਰਸਤਾਵ ਹੈ। ਬਿੱਲ ਵਿੱਚ ਵੱਡੀ ਵਿੱਤੀ ਰਕਮ ਦੇ ਕੇ ਵੀਜ਼ਾ ਹਾਸਲ ਕਰਨ ਲਈ 'ਗੋਲਡ-ਕਾਰਡ' ਪ੍ਰੋਗਰਾਮ ਅਤੇ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਅਮਰੀਕਾ ਵਿੱਚ ਰਹਿ ਰਹੇ ਲੋਕਾਂ ਦੀ ਪਛਾਣ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

ਜੁਆਇੰਟ ਇਕਨਾਮਿਕ ਕਮੇਟੀ ਦੇ ਰਿਪੋਰਟ ਅਨੁਮਾਨਾਂ ਅਨੁਸਾਰ, ਇਸ ਪ੍ਰਸਤਾਵ ਨਾਲ 10 ਸਾਲਾਂ ਵਿੱਚ ਅਮਰੀਕਾ ਦੇ ਸੰਘੀ ਖਰਚਿਆਂ ਵਿੱਚ ਲਗਭਗ 335 ਅਰਬ ਡਾਲਰ ਦੀ ਕਟੌਤੀ ਹੋ ਸਕਦੀ ਹੈ ਅਤੇ ਜੀ.ਡੀ.ਪੀ. ਵਿੱਚ ਘੱਟੋ-ਘੱਟ 549 ਅਰਬ ਡਾਲਰ ਦਾ ਵਾਧਾ ਹੋ ਸਕਦਾ ਹੈ। ਸੰਸਦ ਮੈਂਬਰ ਡੇਵਿਡ ਸ਼ਵੇਕਰਟ ਅਨੁਸਾਰ ਅਮਰੀਕਾ ਨੂੰ ਆਪਣੀ ਆਰਥਿਕਤਾ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਰੱਖਣ ਲਈ ਉੱਚ-ਹੁਨਰਮੰਦ ਕਾਮਿਆਂ ਨੂੰ ਪਹਿਲ ਦੇਣੀ ਪਵੇਗੀ। ਐੱਚ-1ਬੀ ਪ੍ਰੋਗਰਾਮ ਲੰਬੇ ਸਮੇਂ ਤੋਂ ਅਮਰੀਕਾ ਵਿੱਚ ਕੰਮ ਕਰਦੇ ਭਾਰਤੀ ਆਈ.ਟੀ. ਪੇਸ਼ੇਵਰਾਂ ਲਈ ਇੱਕ ਮੁੱਖ ਰਸਤਾ ਰਿਹਾ ਹੈ।

***

## ਕੀ ਬ੍ਰਿਟੇਨ 'ਚ ਸੱਜੇ-ਪੱਖੀ ਹਿੰਸਾ ਲਈ

ਗਰਮਾਉਣ ਅਤੇ ਚੁਫੇਰਿਓਂ ਘਿਰਨ ਮਗਰੋਂ ਇਹਨਾਂ ਵਿੱਚੋਂ ਕੁਝ ਆਗੂਆਂ ਨੂੰ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣਾ ਪਿਆ।

ਵੱਡੇ ਸਿਆਸੀ ਆਗੂਆਂ ਦੀ ਸੋਚ 'ਤੇ ਵੀ ਸਵਾਲ ਉੱਠ ਰਹੇ ਹਨ। ਜੈਨਰਿਕ ਵਿਵਾਦਤ ਕੱਟੜਪੰਥੀ ਆਗੂ ਟੌਮੀ ਰੌਬਿਨਸਨ ਦੇ ਹਮਾਇਤੀਆਂ ਦੇ ਯੂਟਿਊਬ ਚੈਨਲਾਂ 'ਤੇ ਨਜ਼ਰ ਆਏ ਹਨ। ਇਸ ਤੋਂ ਇਲਾਵਾ ਪਰਵਾਸੀ ਹੋਟਲਾਂ ਅੱਗੇ ਹੋਏ ਹਿੰਸਕ ਪ੍ਰਦਰਸ਼ਨਾਂ ਨੂੰ ਵੀ ਕੁਝ ਆਗੂਆਂ ਨੇ 'ਦੇਸ਼ ਭਗਤੀ' ਦਾ ਨਾਂ ਦਿੱਤਾ ਸੀ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜਦੋਂ ਵੱਡੇ ਨੇਤਾ ਅਜਿਹੀ ਜ਼ਹਿਰੀਲੀ ਬਿਆਨਬਾਜ਼ੀ ਕਰਦੇ ਹਨ, ਤਾਂ ਆਮ ਲੋਕ ਇਸ ਤੋਂ ਗ਼ਲਤ ਪ੍ਰਭਾਵ ਲੈਂਦੇ ਹਨ। ਸੱਜੇ-ਪੱਖੀ ਹਿੰਸਾ ਨੂੰ ਰੋਕਣ ਲਈ ਸਿਆਸੀ ਆਗੂਆਂ ਨੂੰ ਨਫ਼ਰਤ ਭਰੀ ਰਾਜਨੀਤੀ ਤੁਰੰਤ ਬੰਦ ਕਰਨੀ ਚਾਹੀਦੀ ਹੈ।

***

## ਕੈਨੇਡਾ ਤੋਂ ਵੱਖਰਾ ਨਹੀਂ ਹੋਵੇਗਾ

ਹੱਕ ਵਿੱਚ ਫੈਸਲਾਕੁੰਨ ਵੋਟ ਪਾਉਣ ਦੀ ਅਪੀਲ ਕੀਤੀ ਸੀ। ਸੂਬੇ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਆਪਣੀ ਸੱਤਾਧਾਰੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਅੰਦਰੋਂ ਉੱਠ ਰਹੇ ਵੱਖਵਾਦੀਆਂ ਦੇ ਦਬਾਅ ਹੇਠ ਇਹ ਰਾਇਸ਼ੁਮਾਰੀ ਕਰਵਾਈ ਸੀ, ਹਾਲਾਂਕਿ ਉਹ ਖੁਦ ਆਜ਼ਾਦੀ ਦੇ ਪੱਖ ਵਿੱਚ ਨਹੀਂ ਹਨ। ਵੱਖ ਹੋਣ ਦਾ ਸਮਰਥਨ ਕਰਨ ਵਾਲਿਆਂ ਨੇ ਕਿਹਾ ਹੈ ਕਿ ਮਤਾ ਰੱਦ ਹੋਣ ਦੇ ਬਾਵਜੂਦ ਉਨ੍ਹਾਂ ਦਾ ਅੰਦੋਲਨ ਖਤਮ ਨਹੀਂ ਹੋਵੇਗਾ।

***

## ਅਗਲੇ 10 ਸਾਲਾਂ 'ਚ ਦੁਨੀਆ

ਵਿੱਚ ਚੱਲ ਰਹੀਆਂ ਜੰਗਾਂ ਅਤੇ ਤਣਾਅ ਵਿਸ਼ਵ ਵਿਕਾਸ ਨੂੰ ਪ੍ਰਭਾਵਿਤ ਕਰ ਰਹੇ ਹਨ। ਸਰਕਾਰਾਂ ਨੂੰ ਵਿਕਾਸ ਪ੍ਰੋਜੈਕਟਾਂ ਅਤੇ ਨੌਕਰੀਆਂ ਦੀ ਸਿਰਜਣਾ ਲਈ ਬਜਟ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੰਗਾ ਨੇ ਵਿਸ਼ਵ ਨੇਤਾਵਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀਆਂ ਆਰਥਿਕ ਨੀਤੀਆਂ ਵਿੱਚ ਤੁਰੰਤ ਸੁਧਾਰ ਕਰਨ ਦੀ ਅਪੀਲ ਕੀਤੀ।

### ਭਾਰਤੀ ਉਪ ਮਹਾਂਦੀਪ ਦੇ ਨੌਜਵਾਨਾਂ 'ਤੇ ਦੋਹਰਾ ਪ੍ਰਭਾਵ

ਭਾਰਤੀ ਉਪ ਮਹਾਂਦੀਪ (ਭਾਰਤ, ਬੰਗਲਾਦੇਸ਼, ਪਾਕਿਸਤਾਨ ਅਤੇ ਨੇਪਾਲ) ਦੁਨੀਆ ਦੇ ਸਭ ਤੋਂ ਨੌਜਵਾਨ ਖੇਤਰਾਂ ਵਿੱਚੋਂ ਇੱਕ ਹੈ, ਹਰ ਸਾਲ ਇਕੱਲੇ ਭਾਰਤ ਵਿੱਚ ਲਗਭਗ 1.2 ਕਰੋੜ ਨੌਜਵਾਨ ਕਿਰਤ ਬਾਜ਼ਾਰ ਵਿੱਚ ਦਾਖਲ ਹੁੰਦੇ ਹਨ। ਨੀਤੀ ਲਾਗੂ ਕਰਨ 'ਤੇ ਨਿਰਭਰ ਕਰਦਿਆਂ, ਇਸਦਾ ਨੌਜਵਾਨਾਂ 'ਤੇ ਦੋਹਰਾ ਪ੍ਰਭਾਵ ਪੈ ਸਕਦਾ ਹੈ। ਜੇਕਰ ਨਿੱਜੀ ਖੇਤਰ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਵਧਦਾ ਹੈ, ਜਿਵੇਂ ਕਿ ਵਿਸ਼ਵ ਬੈਂਕ ਦੇ ਮਾਡਲ ਵਿੱਚ ਦੱਸਿਆ ਗਿਆ ਹੈ, ਤਾਂ ਇਹ ਵੱਡੀ ਗਿਣਤੀ ਵਿੱਚ ਗੁਣਵੱਤਾ ਵਾਲੀਆਂ ਨੌਕਰੀਆਂ ਪੈਦਾ ਕਰੇਗਾ। ਇਹ ਨੌਜਵਾਨਾਂ ਨੂੰ ਵਿੱਤੀ ਸੁਤੰਤਰਤਾ ਅਤੇ ਬਿਹਤਰ ਜੀਵਨ ਪੱਧਰ ਪ੍ਰਦਾਨ ਕਰੇਗਾ।

ਜਦੋਂ ਕਿ ਵਿਕਸਤ ਦੇਸ਼ਾਂ ਦੀ ਆਬਾਦੀ ਬੁੱਢੀ ਹੋ ਰਹੀ ਹੈ, ਜੇਕਰ ਭਾਰਤੀ ਉਪ ਮਹਾਂਦੀਪ ਦੇ ਨੌਜਵਾਨ ਆਪਣੇ ਹੁਨਰ ਨੂੰ ਅਪਗ੍ਰੇਡ ਕਰਦੇ ਹਨ, ਤਾਂ ਉਹ ਵਿਸ਼ਵ ਨੌਕਰੀ ਬਾਜ਼ਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਯੋਗ ਹੋਣਗੇ। ਵਿਸ਼ਵ ਬੈਂਕ ਦੇ ਪ੍ਰੋਗਰਾਮ (ਜਿਵੇਂ ਕਿ ਭਾਰਤ ਵਿੱਚ ਆਈ.ਟੀ.ਆਈ. ਦਾ ਆਧੁਨਿਕੀਕਰਨ) ਘੱਟੋ-ਘੱਟ 25% ਤੋਂ 30% ਮਹਿਲਾ ਭਾਗੀਦਾਰੀ ਨੂੰ ਯਕੀਨੀ ਬਣਾ ਰਹੇ ਹਨ, ਜੋ ਨੌਜਵਾਨ ਔਰਤਾਂ ਨੂੰ ਉੱਚ-ਤਨਖਾਹ ਵਾਲੀਆਂ ਨੌਕਰੀਆਂ ਵਿੱਚ ਦਾਖਲ ਹੋਣ ਦੇ ਮੌਕੇ ਪ੍ਰਦਾਨ ਕਰੇਗਾ।

### ਜਨਤਕ ਵਿੱਤ, ਨਿੱਜੀ ਨਿਵੇਸ਼ ਮਾਡਲ ਨੂੰ ਪਹਿਲ

ਇਸ ਸੰਕਟ ਨੂੰ ਹੱਲ ਕਰਨ ਲਈ, ਵਿਸ਼ਵ ਬੈਂਕ ਦੇ ਪ੍ਰਧਾਨ ਨੇ ਇੱਕ ਨਵਾਂ ਵਿਕਾਸ ਮਾਡਲ ਪ੍ਰਸਤਾਵਿਤ ਕੀਤਾ ਹੈ ਜੋ ਜਨਤਕ ਵਿੱਤ, ਨਿੱਜੀ ਨਿਵੇਸ਼, ਤਕਨਾਲੋਜੀ ਅਤੇ ਪਰਉਪਕਾਰ ਨੂੰ ਏਕੀਕ੍ਰਿਤ ਕਰਦਾ ਹੈ। ਵਿਸ਼ਵ ਬੈਂਕ ਅਨੁਸਾਰ, 90% ਨੌਕਰੀਆਂ ਨਿੱਜੀ ਖੇਤਰ ਤੋਂ ਆਉਂਦੀਆਂਹਨ। ਇਸ ਲਈ, ਸਰਕਾਰਾਂ ਨੂੰ ਕਾਰੋਬਾਰ-ਅਨੁਕੂਲ ਰੈਗੂਲੇਟਰੀ ਸੁਧਾਰਾਂ ਨੂੰ ਲਾਗੂ ਕਰਨਾ ਚਾਹੀਦਾ ਹੈ ਅਤੇ ਸੂਖਮ, ਛੋਟੇ ਅਤੇ ਦਰਮਿਆਨੇ ਆਕਾਰ ਦੇ ਉੱਦਮਾਂ ਨੂੰ ਕਰਜ਼ੇ ਤੱਕ ਆਸਾਨ ਪਹੁੰਚ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਉਹ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰ ਸਕਣ।

ਵਿਸ਼ਵ ਬੈਂਕ ਨੇ ਪੰਜ ਮੁੱਖ ਖੇਤਰਾਂ ਦੀ ਪਛਾਣ ਕੀਤੀ ਹੈ ਜੋ ਸਭ ਤੋਂ ਵੱਧ ਨੌਕਰੀਆਂ ਪੈਦਾ ਕਰ ਸਕਦੇ ਹਨ: ਬੁਨਿਆਦੀ ਢਾਂਚਾ, ਮੁੱਲ-ਵਰਧਿਤ ਨਿਰਮਾਣ, ਤਕਨਾਲੋਜੀ-ਅਧਾਰਿਤ ਖੇਤੀਬਾੜੀ, ਸਿਹਤ ਸੰਭਾਲ ਅਤੇ ਸੈਰ-ਸਪਾਟਾ। ਵਿਸ਼ਵ ਬੈਂਕ ਨੇ ਨੌਜਵਾਨਾਂ ਨੂੰ ਰਵਾਇਤੀ ਸਿੱਖਿਆ ਦੀ ਬਜਾਏ ਡਿਜੀਟਲ ਤਕਨਾਲੋਜੀ, ਏ.ਆਈ. ਅਤੇ ਉਦਯੋਗਾਂ ਦੀਆਂ ਬਦਲਦੀਆਂ ਮੰਗਾਂ ਵਿੱਚ ਸਿਖਲਾਈ ਦੇਣ 'ਤੇ ਜ਼ੋਰ ਦਿੱਤਾ ਹੈ। ਇਸ ਤੋਂ ਇਲਾਵਾ, ਦੱਖਣੀ ਏਸ਼ੀਆ ਦੇ ਕਾਰਜਬਲ ਨੂੰ ਵਾਤਾਵਰਣ ਅਨੁਕੂਲ ਜਾਂ 'ਗ੍ਰੀਨ ਨੌਕਰੀਆਂ' ਲਈ ਮੌਜੂਦਾ ਹੁਨਰਾਂ ਨੂੰ ਥੋੜ੍ਹਾ ਅਪਗ੍ਰੇਡ ਕਰਨ ਜਾਂ ਅਨੁਕੂਲ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ ਹੈ।

### ਰੁਜ਼ਗਾਰ ਪਾੜੇ ਨੂੰ ਪੂਰਾ ਕਰਨਾ ਜ਼ਰੂਰੀ

ਰੁਜ਼ਗਾਰ ਦੀ ਘਾਟ ਕਾਰਨ ਦੱਖਣੀ ਏਸ਼ੀਆ ਵਿੱਚ ਪਹਿਲਾਂ ਹੀ ਨੌਜਵਾਨਾਂ ਵਿੱਚ ਅਸੰਤੁਸ਼ਟੀ ਦੇਖੀ ਜਾ ਚੁੱਕੀ ਹੈ। 80 ਕਰੋੜ ਲੋਕਾਂ ਦੇ ਇਸ ਵਿਸ਼ਵਵਿਆਪੀ ਰੁਜ਼ਗਾਰ ਪਾੜੇ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਨਾਲ ਉਪ-ਮਹਾਂਦੀਪ ਵਿੱਚ ਸਮਾਜਿਕ ਅਸਥਿਰਤਾ ਅਤੇ ਵਿਰੋਧ ਪ੍ਰਦਰਸ਼ਨ ਵਧ ਸਕਦੇ ਹਨ। ਸਥਾਨਕ ਤੌਰ 'ਤੇ ਸਨਮਾਨਜਨਕ ਨੌਕਰੀਆਂ ਦੀ ਘਾਟ ਨੌਜਵਾਨਾਂ 'ਤੇ ਵਿਦੇਸ਼ਾਂ ਵਿੱਚ ਪ੍ਰਵਾਸ ਕਰਨ ਲਈ ਦਬਾਅ ਨੂੰ ਕਾਫ਼ੀ ਵਧਾ ਦੇਵੇਗੀ (ਗ਼ੈਰ-ਕਾਨੂੰਨੀ ਪ੍ਰਵਾਸ ਸਮੇਤ)। ਇਸ ਤੋਂ ਇਲਾਵਾ, ਡਿਗਰੀਆਂ ਹੋਣ ਦੇ ਬਾਵਜੂਦ, ਸਹੀ ਹੁਨਰਾਂ ਦੀ ਘਾਟ ਨੌਜਵਾਨਾਂ ਨੂੰ ਬੇਰੁਜ਼ਗਾਰ ਜਾਂ ਘੱਟ ਰੁਜ਼ਗਾਰ (ਆਪਣੀ ਯੋਗਤਾ ਤੋਂ ਹੇਠਾਂ ਕੰਮ ਕਰਨ) ਲਈ ਮਜਬੂਰ ਕਰ ਦੇਵੇਗੀ, ਜਿਸ ਨਾਲ ਗਰੀਬੀ ਦਾ ਇੱਕ ਦੁਸ਼ਟ ਚੱਕਰ ਚੱਲੇਗਾ।

***

ਦਰਜੇ ਵਾਲੇ ਵਿਅਕਤੀਆਂ ਨੂੰ ਪੱਕੀ ਰਿਹਾਇਸ਼ ਦੇਣ ਦੀ ਪ੍ਰਕਿਰਿਆ ਅੱਗੇ ਵਧਾਉਣ ਦਾ ਟੀਚਾ ਹੈ। ਹਾਲਾਂਕਿ, ਇਹ ਪਹਿਲਾਂ ਤੋਂ ਕੈਨੇਡਾ ਵਿੱਚ ਮੌਜੂਦ ਹਰ ਕਾਮੇ ਲਈ ਖੁੱਲ੍ਹੀ ਯੋਜਨਾ ਨਹੀਂ ਹੈ; ਯੋਗਤਾ ਅਤੇ ਚੋਣ ਦੇ ਮਾਪਦੰਡ ਲਾਗੂ ਹੋਣਗੇ। ਸ਼ਰਨਾਰਥੀਆਂ ਅਤੇ ਸੁਰੱਖਿਅਤ ਵਿਅਕਤੀਆਂ ਲਈ ਸਾਲਾਨਾ 49,300 ਦਾਖ਼ਲਿਆਂ ਦੀ ਯੋਜਨਾ ਹੈ। ਨਵੀਂ ਨੀਤੀ ਦਾ ਇੱਕ ਮਹੱਤਵਪੂਰਨ ਪੱਖ ਉਨ੍ਹਾਂ ਅਸਥਾਈ ਕਾਮਿਆਂ ਨੂੰ ਪੱਕੀ ਰਿਹਾਇਸ਼ ਦੇਣ 'ਤੇ ਧਿਆਨ ਕੇਂਦਰਿਤ ਕਰਨਾ ਹੈ, ਜੋ ਪਹਿਲਾਂ ਹੀ ਕੈਨੇਡਾ ਵਿੱਚ ਰਹਿ ਰਹੇ ਹਨ ਅਤੇ ਇੱਥੋਂ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਰਹੇ ਹਨ।

### ਫਰੈਂਚ ਭਾਸ਼ਾ ਜਾਣਨ ਵਾਲਿਆਂ ਲਈ ਲਾਭ

ਕਿਊਬਿਕ ਤੋਂ ਬਾਹਰ ਫਰੈਂਚ ਬੋਲਣ ਵਾਲੇ ਸਥਾਈ ਨਿਵਾਸੀਆਂ ਦਾ ਟੀਚਾ 2026 ਵਿੱਚ 9 ਫ਼ੀਸਦੀ, 2027 ਵਿੱਚ 9.5 ਫ਼ੀਸਦੀ ਅਤੇ 2028 ਵਿੱਚ 10.5 ਫ਼ੀਸਦੀ ਰੱਖਿਆ ਗਿਆ ਹੈ। ਇਸ ਦਾ ਉਦੇਸ਼ ਫਰੈਂਚ-ਭਾਸ਼ੀ ਭਾਈਚਾਰਿਆਂ ਨੂੰ ਮਜ਼ਬੂਤ ਕਰਨਾ ਹੈ। ਕੈਨੇਡਾ ਇਮੀਗ੍ਰੇਸ਼ਨ ਬੰਦ ਨਹੀਂ ਕਰ ਰਿਹਾ, ਸਗੋਂ ਇਸ ਦੀ ਰਫ਼ਤਾਰ ਅਤੇ ਤਰਜੀਹਾਂ ਬਦਲ ਰਿਹਾ ਹੈ। ਨਵੀਂ ਨੀਤੀ ਕੁਝ ਯੋਗ ਕਾਮਿਆਂ ਲਈ ਮੌਕੇ ਪੈਦਾ ਕਰ ਸਕਦੀ ਹੈ, ਪਰ ਕੌਮਾਂਤਰੀ ਵਿਦਿਆਰਥੀਆਂ ਅਤੇ ਨਵੇਂ ਬਿਨੈਕਾਰਾਂ ਲਈ ਮੁਕਾਬਲਾ ਵਧ ਸਕਦਾ ਹੈ। ਪੀ.ਆਰ. ਦਾ ਟੀਚਾ ਕਿਸੇ ਵਿਅਕਤੀ ਦੀ ਅਰਜ਼ੀ ਮਨਜ਼ੂਰ ਹੋਣ ਦੀ ਗਾਰੰਟੀ ਨਹੀਂ ਹੈ। ਅੰਤਿਮ ਨਤੀਜਾ ਸਬੰਧਿਤ ਪ੍ਰੋਗਰਾਮ ਦੀ ਯੋਗਤਾ ਅਤੇ ਸਰਕਾਰੀ ਨਿਯਮਾਂ 'ਤੇ ਨਿਰਭਰ ਕਰੇਗਾ।



## ਕਿਵੇਂ ਹੱਲ ਹੋਣਗੇ ਪੰਜਾਬ

ਇਸ ਦੇ ਨਾਲ ਬਰਗਾੜੀ ਬੇਅਦਬੀ ਦਾ ਮੁੱਦਾ ਵੀ ਜੋੜਿਆ ਜਾ ਸਕਦਾ ਹੈ ਕਿਉਂਕਿ ਇਹ ਲਗਾਤਾਰ ਸਿਆਸੀ ਚਰਚਾ ਦਾ ਹਿੱਸਾ ਬਣਿਆ ਹੋਇਆ ਹੈ। 2027 ਦੀਆਂ ਚੋਣਾਂ ਦੇ ਏਜੰਡੇ ਵਜੋਂ ਇਹੀ ਮੁੱਦੇ ਮੁੜ ਉਠਾਏ ਜਾ ਰਹੇ ਹਨ। ਸੱਤਾ ਵਿੱਚ ਰਹਿੰਦਿਆਂ ਇਹ ਸਾਰੀਆਂ ਪਾਰਟੀਆਂ ਪੰਜਾਬ ਦੇ ਲੋਕਾਂ ਦੇ ਭਰੋਸੇ ’ਤੇ ਖ਼ਰੀਆਂ ਨਹੀਂ ਉੱਤਰੀਆਂ। ਸਵਾਲ ਇਹ ਹੈ ਕਿ ਇਸ ਵਾਰ ਲੋਕ ਕਿਸ ’ਤੇ ਭਰੋਸਾ ਕਰਨ ? ਕੀ ਹਾਕਮ ਜਮਾਤ ਨੂੰ ਜਵਾਬਦੇਹ ਬਣਾਇਆ ਜਾ ਸਕਦਾ ਹੈ ? ਪਰ ਹਾਕਮ ਜਮਾਤ ਵਿੱਚ ਅਫ਼ਸਰਸ਼ਾਹੀ ਵੀ ਸ਼ਾਮਿਲ ਹੈ ਤੇ ਅਫ਼ਸਰਸ਼ਾਹੀ ਦੀ ਬੇਰੁਖ਼ੀ ਕਿਸੇ ਤੋਂ ਲੁਕੀ ਨਹੀਂ। ਪੰਜਾਬ ਇੱਕ ਕੁਚੱਕਰ ਵਿੱਚ ਫਸਿਆ ਹੋਇਆ ਹੈ। ਕਦੇ ਦੇਸ਼ ਦਾ ਸਭ ਤੋਂ ਵੱਧ ਖ਼ੁਸ਼ਹਾਲ ਸੂਬਾ ਰਹੇ ਪੰਜਾਬ ਨੂੰ ਮੁੜ ਲੀਹ ’ਤੇ ਲਿਆਉਣ ਲਈ ਦੂਰਅੰਦੇਸ਼ੀ ਅਤੇ ਲੰਮੇ ਸਮੇਂ ਦੀ ਰਣਨੀਤੀ ਦੀ ਲੋੜ ਹੈ, ਪਰ ਜ਼ੋਰ ਹਮੇਸ਼ਾ ਚੋਣ ਹਮਾਇਤ ਹਾਸਲ ਕਰਨ ਵਾਲੇ ਸ਼ਾਰਟਕੱਟ ’ਤੇ ਹੀ ਰਿਹਾ ਹੈ। ਉੱਪਰ ਦੱਸੇ ਮੁੱਦਿਆਂ ਲਈ ਕੇਂਦਰ ਸਰਕਾਰ ਦੀ ਸ਼ਮੂਲੀਅਤ ਦੇ ਨਾਲ-ਨਾਲ ਸੂਬੇ ਦੇ ਹਾਕਮ ਵਰਗ ਦੀ ਵਚਨਬੱਧਤਾ ਲੋੜੀਂਦੀ ਹੈ। 1997 ਤੋਂ ਬਾਅਦ ਹਰ ਪਾਰਟੀ ਦੀ ਸਰਕਾਰ ’ਤੇ ਕਰਜ਼ੇ ਦਾ ਬੋਝ ਵਧਾਉਣ ਲਈ ਹਮਲੇ ਹੁੰਦੇ ਰਹੇ ਹਨ ਅਤੇ ਵਿਰੋਧੀ ਪਾਰਟੀ ਹਮੇਸ਼ਾ ਪੰਜਾਬ ਨੂੰ ਇਸ ਸੰਕਟ ਵਿੱਚੋਂ ਕੱਢਣ ਦਾ ਵਾਅਦਾ ਕਰਦੀ ਹੈ, ਪਰ ਜਦੋਂ ਉਸ ਪਾਰਟੀ ਦਾ ਕਾਰਜਕਾਲ ਮੁੱਕਦਾ ਹੈ ਤਾਂ ਕਰਜ਼ਾ ਕਈ ਗੁਣਾ ਵਧ ਚੁੱਕਾ ਹੁੰਦਾ ਹੈ। ਮੁੱਦਾ ਸਿਰਫ਼ ਕਰਜ਼ੇ ਦਾ ਨਹੀਂ ਸਗੋਂ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਦੀ ਰਣਨੀਤੀ ਦਾ ਹੈ, ਜਿਸ ਲਈ ਕੋਈ ਖਾਕਾ ਮੌਜੂਦ ਨਹੀਂ। ਜਦੋਂ ਦੇਸ਼ ਕੰਪਿਊਟਰ ਯੁੱਗ ਵਿੱਚ ਦਾਖ਼ਲ ਹੋ ਰਿਹਾ ਸੀ, ਪੰਜਾਬ ਨੇ ਮੌਕਾ ਗੁਆ ਦਿੱਤਾ ਕਿਉਂਕਿ ਇੱਥੇ ਤਰਜੀਹਾਂ ਕੁਝ ਹੋਰ ਸਨ। ਕਰਜ਼ੇ ਦੀ ਸਮੱਸਿਆ ਦਾ ਹੱਲ ਤਾਂ ਹੀ ਹੋ ਸਕਦਾ ਹੈ ਜੇ ਅਰਥਵਿਵਸਥਾ ਹੋਰ ਵਸੀਲੇ ਪੈਦਾ ਕਰੇ। ਪੰਜਾਬ ਉਨ੍ਹਾਂ ਸੂਬਿਆਂ ਵਿੱਚੋਂ ਇੱਕ ਹੈ, ਜਿੱਥੇ ਪੂੰਜੀ ਨਿਵੇਸ਼ ਸਭ ਤੋਂ ਘੱਟ ਹੈ। ਪੂੰਜੀ ਨਿਵੇਸ਼ ਤਾਂ ਹੀ ਸੰਭਵ ਹੈ ਜੇ ਸਰੋਤ ਜੁਟਾਏ ਜਾਣ। ਇੱਕੋ-ਇੱਕ ਤਰੀਕਾ ਇਹ ਹੈ ਕਿ ਪੰਜਾਬ ਨੂੰ ਸਸ਼ਕਤ ਕਰਨ ਦੀ ਸ਼ੁਰੂਆਤ ਲੋਕਾਂ ਅਤੇ ਸੂਬੇ ਪ੍ਰਤੀ ਪੂਰੀ ਵਚਨਬੱਧਤਾ ਨਾਲ ਹੋਵੇ, ਆਪਣੇ ਸਵਾਰਥ ਨਾਲ ਨਹੀਂ। ਚੋਣਾਂ ਵਿੱਚ ਹੁਣ ਕੁਝ ਹੀ ਮਹੀਨੇ ਬਾਕੀ ਹਨ ਪਰ ਕੋਈ ਵੀ ਪਾਰਟੀ ਅਜਿਹਾ ਭਰੋਸੇਯੋਗ ਖ਼ਾਕਾ ਪੇਸ਼ ਨਹੀਂ ਕਰ ਸਕੀ, ਜੋ ਇਸ ਸੰਕਟਗ੍ਰਸਤ ਸੂਬੇ ਨੂੰ ਮੁੜ ਉਭਾਰ ਸਕੇ। ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਪੰਜਾਬ ਹੁਣ ਪਹਿਲਾਂ ਵਰਗੀ ਖੇਤੀ-ਆਧਾਰਿਤ ਅਰਥਵਿਵਸਥਾ ਨਹੀਂ ਰਿਹਾ, ਭਾਵੇਂ ਕੇਂਦਰੀ ਅਨਾਜ ਭੰਡਾਰ ਵਿੱਚ ਇਸ ਦਾ ਯੋਗਦਾਨ ਅਜੇ ਵੀ ਸਭ ਤੋਂ ਵੱਧ ਹੈ। ਜੇ ਪੰਜਾਬ ਨੂੰ ਸਿਆਸੀ ਜਮਾਤ ਨੇ ਨਿਰਾਸ਼ ਕੀਤਾ ਹੈ ਤਾਂ 1997 ਤੋਂ ਬਾਅਦ ਅਫ਼ਸਰਸ਼ਾਹੀ ਵੱਲੋਂ ਕਿਸੇ ਠੋਸ ਪਹਿਲ ਜਾਂ ਯੋਜਨਾ ਦਾ ਸੁਝਾਅ ਦਿੱਤੇ ਜਾਣ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲਦੀ। ਪੰਜਾਬ ਹੋਰਨਾਂ ਸੂਬਿਆਂ ਵਰਗਾ ਨਹੀਂ ਹੈ। ਇਸ ਦੀਆਂ ਸਮੱਸਿਆਵਾਂ ਦੀਆਂ ਜੜ੍ਹਾਂ ਇਸ ਦੇ ਸਮਾਜਿਕ-ਸਿਆਸੀ ਇਤਿਹਾਸ ਵਿੱਚ ਡੂੰਘੀਆਂ ਹਨ। ਫਿਰ ਵੀ ਸਿਆਸੀ ਪਾਰਟੀਆਂ ਸਿਰਫ਼ ਸੱਤਾ ਹਾਸਲ ਕਰਨ ਲਈ ਇੱਕ-ਦੂਜੇ ਨਾਲ ਮੁਕਾਬਲਾ ਕਰਦੀਆਂ ਹਨ। ਸੱਤਾ ਦਾ ਮਕਸਦ ਸੂਬੇ ਅਤੇ ਇਸ ਦੇ ਲੋਕਾਂ ਨੂੰ ਸਸ਼ਕਤ ਕਰਨਾ ਹੋਣਾ ਚਾਹੀਦਾ ਹੈ, ਨਾ ਕਿ ਹਾਕਮਾਂ ਨੂੰ ਅਮੀਰ ਬਣਾਉਣਾ।

***

## ਮੋਦੀ ਸਰਕਾਰ ਦਾ ਤੀਜਾ ਦੌਰ

ਜੇਕਰ ਇਸ ਦੇ ਨਾਲ ਖ਼ਰਾਬ ਮੌਸਮ ਜਾਂ ਕਮਜ਼ੋਰ ਮਾਨਸੂਨ ਕਾਰਨ ਖੇਤੀ ਸੰਕਟ ਜੁੜਦਾ ਹੈ, ਤਾਂ ਪੇਂਡੂ ਆਰਥਿਕਤਾ ਦਾ ਅਸੰਤੋਸ਼ ਸ਼ਹਿਰੀ ਨਿਰਾਸ਼ਾ ਨਾਲ ਮਿਲ ਕੇ ਵੱਡਾ ਸੰਕਟ ਧਾਰਨ ਕਰ ਸਕਦਾ ਹੈ।

ਸੱਤਾ ਵਿੱਚ ਢਾਈ ਦਹਾਕੇ ਬਿਤਾਉਣ ਤੋਂ ਬਾਅਦ ਆਤਮ-ਮੁਲਾਂਕਣ ਦੀ ਲੋੜ ਸਭ ਤੋਂ ਵੱਧ ਹੁੰਦੀ ਹੈ। ਇਹ ਸਾਰੇ ਸੰਕੇਤ ਮੋਦੀ ਸਰਕਾਰ ਲਈ ਚੇਤਾਵਨੀ ਹਨ। ਜੇਕਰ ਲੋਕਤੰਤਰੀ ਸੰਸਥਾਵਾਂ ਦੀ ਆਜ਼ਾਦੀ ਬਹਾਲ ਕਰਨ, ਨੌਜਵਾਨਾਂ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਅਤੇ ਆਰਥਿਕਤਾ ਨੂੰ ਜ਼ਮੀਨੀ ਪੱਧਰ ’ਤੇ ਮਜ਼ਬੂਤ ਕਰਨ ਲਈ ਠੋਸ ਕਦਮ ਨਾ ਚੁੱਕੇ ਗਏ, ਤਾਂ ਆਉਣ ਵਾਲੇ ਸਮੇਂ ਵਿੱਚ ਇਹ ਚੁਣੌਤੀਆਂ ਕਿਸੇ ਵੱਡੇ ਸਿਆਸੀ ਤੂਫ਼ਾਨ ਦਾ ਰੂਪ ਲੈ ਸਕਦੀਆਂ ਹਨ। ਲੋਕਤੰਤਰ ਵਿੱਚ ਜਨਤਾ ਦਾ ਵਿਸ਼ਵਾਸ ਹੀ ਸਭ ਤੋਂ ਵੱਡੀ ਤਾਕਤ ਹੈ, ਅਤੇ ਉਸ ਵਿਸ਼ਵਾਸ ਨੂੰ ਕਾਇਮ ਰੱਖਣਾ ਹੀ ਕਿਸੇ ਵੀ ਲੰਬੀ ਹਕੂਮਤ ਦੀ ਅਸਲ ਸਫ਼ਲਤਾ ਹੁੰਦੀ ਹੈ।

***

## ਕਰੋੜਾਂ ਰੁਪਏ ਲੁਟਾਉਣ ਮਗਰੋਂ ਵੀ ਅਫ਼ਰੀਕਾ

ਦੇ ਬਾਵਜੂਦ ਇਹ ਨੈੱਟਵਰਕ ਰੁਕਣ ਦਾ ਨਾਮ ਨਹੀਂ ਲੈ ਰਿਹਾ।

ਇਹ ਕੋਈ ਆਮ ਅਪਰਾਧ ਨਹੀਂ ਹੈ, ਸਗੋਂ ਕਈ ਦੇਸ਼ਾਂ ਵਿੱਚ ਫੈਲਿਆ ਮਨੁੱਖੀ ਤਸਕਰੀ ਦਾ ਸਿੰਡੀਕੇਟ ਹੈ। ਪੰਜਾਬ ਜਾਂ ਦਿੱਲੀ ਦਾ ਏਜੰਟ ਸਿਰਫ਼ ਮੁਸਾਫ਼ਰ ਇਕੱਠੇ ਕਰਦਾ ਹੈ। ਅੱਗੇ ਦੁਬਈ, ਲਾਤੀਨੀ ਅਮਰੀਕਾ ਅਤੇ ਅਫ਼ਰੀਕਾ ਵਿੱਚ ਬੈਠੇ ਹਥਿਆਰਬੰਦ ਗੈਂਗ ਇਨ੍ਹਾਂ ਨੂੰ ਸੰਭਾਲਦੇ ਹਨ। ਸਥਾਨਕ ਪੁਲਿਸ ਸਰਹੱਦ ਪਾਰਲੇ ਇਨ੍ਹਾਂ ਗਿਰੋਹਾਂ ’ਤੇ ਸਿੱਧੀ ਕਾਰਵਾਈ ਨਹੀਂ ਕਰ ਸਕਦੀ।

ਪੰਜਾਬ ਅਤੇ ਹਰਿਆਣਾ ਦੇ ਹਰ ਪਿੰਡ-ਸ਼ਹਿਰ ਵਿੱਚ ਬਿਨਾਂ ਲਾਇਸੰਸ ਤੋਂ ਫ਼ਰਜ਼ੀ ਏਜੰਟ ਦਫ਼ਤਰ ਖੋਲ੍ਹ ਕੇ ਬੈਠੇ ਹਨ। ਜਦੋਂ ਕੋਈ ਧੋਖਾ ਹੁੰਦਾ ਹੈ, ਤਾਂ ਪੁਲਿਸ ਸਿਰਫ਼ ਛੋਟੇ ਸਬ-ਏਜੰਟ ਨੂੰ ਫੜਦੀ ਹੈ। ਵੱਡੇ ਸਰਗਨੇ ਆਸਾਨੀ ਨਾਲ ਜ਼ਮਾਨਤ ਲੈ ਲੈਂਦੇ ਹਨ ਜਾਂ ਵਿਦੇਸ਼ ਭੱਜ ਜਾਂਦੇ ਹਨ। ਸਜ਼ਾ ਦੀ ਦਰ ਬਹੁਤ ਘੱਟ ਹੋਣ ਕਾਰਨ ਠੱਗਾਂ ਦੇ ਹੌਸਲੇ ਬੁਲੰਦ ਹਨ।

ਨੌਜਵਾਨਾਂ ਵਿੱਚ ਚੰਗੇ ਭਵਿੱਖ ਦੀ ਭਾਲ ਅਤੇ ਬੇਰੁਜ਼ਗਾਰੀ ਦਾ ਡਰ ਇੰਨਾ ਜ਼ਿਆਦਾ ਹੈ ਕਿ ਉਹ ਕੋਈ ਵੀ ਖ਼ਤਰਾ ਮੁੱਲ ਲੈਣ ਲਈ ਤਿਆਰ ਹੋ ਜਾਂਦੇ ਹਨ। ਜਦੋਂ ਕਾਨੂੰਨੀ ਵੀਜ਼ਾ ਰੱਦ ਹੋ ਜਾਂਦਾ ਹੈ, ਤਾਂ ਪਰਿਵਾਰ ਖ਼ੁਦ ਏਜੰਟਾਂ ਨੂੰ ਗ਼ੈਰ-ਕਾਨੂੰਨੀ ਢੰਗ ਲੱਭਣ ਲਈ ਕਹਿੰਦੇ ਹਨ। ਜ਼ਮੀਨਾਂ ਅਤੇ ਗਹਿਣੇ ਵੇਚ ਕੇ ਪੈਸੇ ਇਕੱਠੇ ਕੀਤੇ ਜਾਂਦੇ ਹਨ, ਜਿਸ ਨਾਲ ਮਾਫ਼ੀਆ ਨੂੰ ਲਗਾਤਾਰ ਗਾਹਕ ਮਿਲਦੇ ਰਹਿੰਦੇ ਹਨ।

ਇਸ ਧੰਦੇ ਵਿੱਚ ਕਰੋੜਾਂ ਰੁਪਏ ਬੈਂਕਾਂ ਰਾਹੀਂ ਨਹੀਂ, ਸਗੋਂ ਹਵਾਲਾ ਜਾਂ ਨਕਦੀ ਰਾਹੀਂ ਘੁੰਮਦੇ ਹਨ। ਅਗਵਾਕਾਰ ਫਿਰੌਤੀ ਵੀ ਆਨਲਾਈਨ ਗੁਪਤ ਖਾਤਿਆਂ ਜਾਂ ਹਵਾਲੇ ਰਾਹੀਂ ਲੈਂਦੇ ਹਨ। ਇਸ ਕਾਰਨ ਵਿੱਤੀ ਜਾਂਚ ਏਜੰਸੀਆਂ ਲਈ ਪੈਸੇ ਦੇ ਮੂਲ ਸਰੋਤ ਤੱਕ ਪਹੁੰਚਣਾ ਮੁਸ਼ਕਲ ਹੋ ਜਾਂਦਾ ਹੈ।

ਪ੍ਰਸਿੱਧ ਚਿੰਤਕ ਡਾਕਟਰ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਦਾ ਮਤਲਬ ਆਪਣੀ ਜ਼ਿੰਦਗੀ ਨੂੰ ਅਪਰਾਧੀਆਂ ਦੇ ਹਵਾਲੇ ਕਰਨਾ ਹੈ। ਜਦੋਂ ਤੱਕ ਸਰਕਾਰਾਂ ਜਾਅਲੀ ਟਰੈਵਲ ਏਜੰਟਾਂ ਖ਼ਿਲਾਫ਼ ਗ਼ੈਰ-ਜ਼ਮਾਨਤੀ ਸਖ਼ਤ ਕਾਨੂੰਨ ਲਾਗੂ ਨਹੀਂ ਕਰਦੀਆਂ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਇੰਟਰਪੋਲ ਰਾਹੀਂ ਸਾਂਝੀ ਮੁਹਿੰਮ ਨਹੀਂ ਚਲਾਉਂਦੀਆਂ, ਉਦੋਂ ਤੱਕ ਇਹ ਲੁੱਟ ਨਹੀਂ ਰੁਕੇਗੀ। ਸਭ ਤੋਂ ਜ਼ਿਆਦਾ ਜ਼ਰੂਰੀ ਹੈ ਕਿ ਨੌਜਵਾਨ ਅਤੇ ਪਰਿਵਾਰ ਸਮਝਣ ਕਿ ਗ਼ੈਰ-ਕਾਨੂੰਨੀ ਰਸਤਾ ਖ਼ੁਸ਼ਹਾਲੀ ਦਾ ਨਹੀਂ, ਬਲਕਿ ਕੰਗਾਲੀ ਅਤੇ ਮੌਤ ਦਾ ਰਸਤਾ ਹੈ।

ਸਿਆਸੀ ਚਿੰਤਕ ਗੰਗਵੀਰ ਸਿੰਘ ਰਠੌਰ ਦਾ ਕਹਿਣਾ ਹੈ ਕਿ ਧੋਖਾਧੜੀ ਕਰਨ ਵਾਲੇ ਏਜੰਟਾਂ ’ਤੇ ਮਹਿਜ਼ ਆਮ ਠੱਗੀ (420) ਦੀ ਥਾਂ ਮਨੁੱਖੀ ਤਸਕਰੀ ਅਤੇ ਗ਼ੈਰ-ਕਾਨੂੰਨੀ ਹਿਰਾਸਤ ਦੀਆਂ ਗ਼ੈਰ-ਜ਼ਮਾਨਤੀ ਧਾਰਾਵਾਂ ਲੱਗਣ। ਜਿਵੇਂ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਨੌਜਵਾਨਾਂ ਦੀ ਜ਼ਿੰਦਗੀ ਨਾਲ ਖੇਡਣ ਵਾਲੇ ਏਜੰਟਾਂ ਦੀ ਚੱਲ-ਅਚੱਲ ਜਾਇਦਾਦ ਜ਼ਬਤ ਕਰਕੇ ਪੀੜਤ ਪਰਿਵਾਰਾਂ ਦਾ ਨੁਕਸਾਨ ਪੂਰਾ ਕੀਤਾ ਜਾਵੇ।

ਰਠੌਰ ਦਾ ਕਹਿਣਾ ਹੈ ਕਿ ਬਿਨਾਂ ਸਰਕਾਰੀ ਲਾਇਸੰਸ ਤੋਂ ਚੱਲ ਰਹੇ ਦਫ਼ਤਰਾਂ ਨੂੰ ਤੁਰੰਤ ਸੀਲ ਕੀਤਾ ਜਾਵੇ ਅਤੇ ਸੋਸ਼ਲ ਮੀਡੀਆ ’ਤੇ ਗੁਮਰਾਹਕੁੰਨ ਇਸ਼ਤਿਹਾਰਬਾਜ਼ੀ ’ਤੇ ਪੂਰਨ ਪਾਬੰਦੀ ਲੱਗੇ। ਵਿਸ਼ੇਸ਼ ਟਾਸਕ ਫ਼ੋਰਸ ਤੇ ਫਾਸਟ-ਟਰੈਕ ਅਦਾਲਤਾਂ ਹਰ ਜ਼ਿਲ੍ਹੇ ਵਿੱਚ ਇੱਕ ਸਮਰਪਿਤ ਐਂਟੀ-ਹਿਊਮਨ ਟ੍ਰੈਫਿਕਿੰਗ ਯੂਨਿਟ ਬਣੇ, ਜੋ ਸਿਰਫ਼ ਟਰੈਵਲ ਏਜੰਟਾਂ ਦੇ ਫ਼ਰਜ਼ੀਵਾੜੇ ਦੀ ਜਾਂਚ ਕਰੇ।

ਇਨ੍ਹਾਂ ਮਾਮਲਿਆਂ ਦੇ ਨਿਪਟਾਰੇ ਲਈ ਫਾਸਟ-ਟਰੈਕ ਅਦਾਲਤਾਂ ਬਣਾਈਆਂ ਜਾਣ ਤਾਂ ਜੋ ਦੋਸ਼ੀਆਂ ਨੂੰ 3 ਤੋਂ 6 ਮਹੀਨਿਆਂ ਦੇ ਅੰਦਰ ਮਿਸਾਲੀ ਸਜ਼ਾ ਮਿਲ ਸਕੇ। ਈ.ਡੀ. ਅਤੇ ਵਿੱਤੀ ਖ਼ੁਫ਼ੀਆ ਏਜੰਸੀਆਂ ਨੂੰ ਇਸ ਸਿੰਡੀਕੇਟ ਦੇ ਪੈਸੇ ਦੇ ਲੈਣ-ਦੇਣ ’ਤੇ ਸਿੱਧੀ ਨਜ਼ਰ ਰੱਖਣੀ ਚਾਹੀਦੀ ਹੈ ਤਾਂ ਜੋ ਪੈਸੇ ਦਾ ਰੂਟ ਬੰਦ ਕਰਕੇ ਮਾਫ਼ੀਆ ਦੀ ਰੀੜ੍ਹ ਦੀ ਹੱਡੀ ਤੋੜੀ ਜਾ ਸਕੇ। ਸਰਕਾਰ ਖ਼ੁਦ ਇੱਕ ਪੋਰਟਲ ਜਾਰੀ ਕਰੇ ਜਿੱਥੇ ਆਮ ਲੋਕ ਸਿਰਫ਼ ਇੱਕ ਕਲਿੱਕ ਨਾਲ ਕਿਸੇ ਵੀ ਏਜੰਟ ਦਾ ਲਾਇਸੰਸ ਨੰਬਰ ਅਤੇ ਪਿਛੋਕੜ ਜਾਂਚ ਸਕਣ। ਸਰਕਾਰ ਸਥਾਨਕ ਪੱਧਰ ’ਤੇ ਉਦਯੋਗਾਂ ਨੂੰ ਉਤਸ਼ਾਹਿਤ ਕਰੇ, ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਦੇ ਸਸਤੇ ਅਤੇ ਸਹੀ ਸਰਕਾਰੀ ਰਾਹ (ਸਰਕਾਰੀ ਵਿਦੇਸ਼ ਰੁਜ਼ਗਾਰ ਨਿਗਮ) ਖੋਲ੍ਹੇ ਤਾਂ ਜੋ ਗ਼ਰੀਬ ਪਰਿਵਾਰਾਂ ਨੂੰ ਪ੍ਰਾਈਵੇਟ ਠੱਗਾਂ ਕੋਲ ਨਾ ਜਾਣਾ ਪਵੇ।

***

## ਪੰਜਾਬ ਵਿੱਚ ਨਸ਼ੇ ਦੇ ਸੰਕਟ ਅਤੇ ਪਰਮਿੰਦਰ ਸਿੰਘ ਝੋਟਾ

ਮਨੁੱਖੀ ਅਧਿਕਾਰ ਅਤੇ ਸਿਵਲ ਸੁਸਾਇਟੀ ਕਾਰਕੁੰਨਾਂ ਦੀ ਸੁਰੱਖਿਆ:ਕੌਮਾਂਤਰੀ ਪੱਧਰ ’ਤੇ ਜਦੋਂ ਵੀ ਕਿਸੇ ਸਮਾਜ ਸੇਵਕ ਜਾਂ ਵਿਸਲ-ਬਲੋਅਰ (ਸੱਚ ਸਾਹਮਣੇ ਲਿਆਉਣ ਵਾਲੇ) ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਵਿਦੇਸ਼ੀ ਲੀਡਰਸ਼ਿਪ ਇਸ ਨੂੰ ਮਨੁੱਖੀ ਅਧਿਕਾਰਾਂ ਅਤੇ ‘ਸੁਰੱਖਿਅਤ ਸਮਾਜ’ ਦੇ ਦਾਇਰੇ ਵਿੱਚ ਰੱਖ ਕੇ ਦੇਖਦੀ ਹੈ। ਕਾਂਗਰਸਮੈਨ ਨੇ ਵੀ ਇਹੋ ਦਰਸਾਇਆ ਹੈ ਕਿ ਸਮਾਜ ਵਿਰੋਧੀ ਅਨਸਰਾਂ ਅੱਗੇ ਸਮਾਜ ਸੇਵਕ ਬੇਵੱਸ ਨਾ ਹੋਣ।

ਇਸ ਪੱਤਰ ਰਾਹੀਂ ਅਮਰੀਕੀ ਲੀਡਰਸ਼ਿਪ ਇਹ ਸੰਕੇਤ ਵੀ ਦੇਣਾ ਚਾਹੁੰਦੀ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਪਰਵਾਸੀ ਭਾਰਤੀ ਆਪਣੇ ਮੂਲ ਸੂਬੇ ਦੀਆਂ ਘਟਨਾਵਾਂ ’ਤੇ ਤਿੱਖੀ ਨਜ਼ਰ ਰੱਖਦੇ ਹਨ। ਅਜਿਹੇ ਮੁੱਦਿਆਂ ’ਤੇ ਸਵਾਲ ਚੁੱਕਣ ਨਾਲ ਪ੍ਰਸ਼ਾਸਨ ’ਤੇ ਕਾਰਵਾਈ ਤੇਜ਼ ਕਰਨ ਦਾ ਕੂਟਨੀਤਕ ਦਬਾਅ ਬਣਦਾ ਹੈ।

**ਮਾਮਲੇ ਦਾ ਪਿਛੋਕੜ:** ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਇੱਕ ਕੈਮਿਸਟ ਦੀ ਦੁਕਾਨ ’ਤੇ ਨਸ਼ੇ ਵਜੋਂ ਵਰਤੀਆਂ ਜਾਂਦੀਆਂ ਦਵਾਈਆਂ ਦੀ ਕਥਿਤ ਵਿਕਰੀ ਦਾ ਵਿਰੋਧ ਕਰ ਰਹੇ ਸਨ ਅਤੇ ਉਸ ਵੇਲੇ ਫੇਸਬੁੱਕ ਲਾਈਵ ਚੱਲ ਰਿਹਾ ਸੀ। ਤਕਰਾਰ ਦੌਰਾਨ ਕੈਮਿਸਟ ਵੱਲੋਂ ਗੋਲੀ ਚਲਾ ਦਿੱਤੀ ਗਈ, ਜਿਸ ਵਿੱਚ ਝੋਟਾ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਪੰਜਾਬ ਭਰ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ ਅਤੇ ਸੂਬਾ ਪੱਧਰੀ ਬੰਦ ਨੂੰ ਵੀ ਵਿਆਪਕ ਹੁੰਗਾਰਾ ਮਿਲਿਆ। ਡਾ. ਸਵੈਮਾਨ ਸਿੰਘ ਸਮੇਤ ਕਈ ਹੋਰ ਸ਼ਖ਼ਸੀਅਤਾਂ ਨੇ ਵੀ ਇਸ ਘਟਨਾ ਮਗਰੋਂ ਹਿਮਾਚਲ ਪ੍ਰਦੇਸ਼ (ਬੱਦੀ) ਵਰਗੇ ਇਲਾਕਿਆਂ ਤੋਂ ਪੰਜਾਬ ਅੰਦਰ ਗੈਰ-ਕਾਨੂੰਨੀ ਢੰਗ ਨਾਲ ਆ ਰਹੀਆਂ ਮੈਡੀਕਲ ਨਸ਼ੇ ਦੀਆਂ ਦਵਾਈਆਂ (ਜਿਵੇਂ ਟਰਾਮਾਡੋਲ, ਅਲਪਰਾਜ਼ੋਲਮ ਆਦਿ) ਦੀ ਵਿਕਰੀ ’ਤੇ ਸਖ਼ਤ ਕਾਨੂੰਨੀ ਸ਼ਿਕੰਜਾ ਕੱਸਣ ਦੀ ਮੰਗ ਚੁੱਕੀ ਹੈ।

***

## ਅਮਰੀਕਾ ਦਾ ਹਰ ਬੱਚਾ ਬਣੇਗਾ

ਸਪੇਸਐਕਸ ਸਪੇਸ ਅਤੇ ਸੈਟੇਲਾਈਟ ਤਕਨਾਲੋਜੀ ਦੇ ਖੇਤਰ ਵਿੱਚ ਕੰਮ ਕਰਨ ਵਾਲੀਆਂ ਪ੍ਰਮੁੱਖ ਨਿੱਜੀ ਕੰਪਨੀਆਂ ਵਿੱਚੋਂ ਇੱਕ ਹੈ। ਕੰਪਨੀ ਰਾਕੇਟ ਲਾਂਚ ਕਰਦੀ ਹੈ, ਸਟਾਰਲਿੰਕ ਦੁਆਰਾ ਸੈਟੇਲਾਈਟ ਇੰਟਰਨੈਟ ਪ੍ਰਦਾਨ ਕਰਦੀ ਹੈ ਅਤੇ ਪੁਲਾੜ ਮਿਸ਼ਨਾਂ ਲਈ ਤਕਨਾਲੋਜੀ ਵਿਕਸਤ ਕਰਦੀ ਹੈ।

ਐਲੋਨ ਮਸਕ ਨੇ ਅਜੇ ਤੱਕ ਇਹ ਖੁਲਾਸਾ ਨਹੀਂ ਕੀਤਾ ਹੈ ਕਿ ਇਹ ਯੋਜਨਾ ਕਿਵੇਂ ਲਾਗੂ ਕੀਤੀ ਜਾਵੇਗੀ। ਕਈ ਮੁੱਖ ਸਵਾਲਾਂ ਦੇ ਜਵਾਬ ਨਹੀਂ ਮਿਲੇ: ਇਸ ਯੋਜਨਾ ਤੋਂ ਕਿਹੜੇ ਬੱਚੇ ਲਾਭ ਪ੍ਰਾਪਤ ਕਰਨਗੇ ਅਤੇ ਯੋਗਤਾ ਦੇ ਮਾਪਦੰਡ ਕੀ ਹੋਣਗੇ ? ਕੀ ਸ਼ੇਅਰ ਸਿੱਧੇ ਬੱਚਿਆਂ ਦੇ ਨਾਮ ’ਤੇ ਦਿੱਤੇ ਜਾਣਗੇ ਜਾਂ ਕਿਸੇ ਟਰੱਸਟ ਰਾਹੀਂ ਰੱਖੇ ਜਾਣਗੇ ? ਸ਼ੇਅਰਾਂ ਦੀ ਵੰਡ ਲਈ ਕਿਹੜੀਆਂ ਕਾਨੂੰਨੀ ਅਤੇ ਰੈਗੂਲੇਟਰੀ ਪ੍ਰਵਾਨਗੀਆਂ ਦੀ ਲੋੜ ਹੋਵੇਗੀ ? ਬੱਚਿਆਂ ਨੂੰ ਇਹਨਾਂ ਸ਼ੇਅਰਾਂ ਨੂੰ ਵੇਚਣ ਜਾਂ ਇਹਨਾਂ ਤੋਂ ਭਵਿੱਖ ਵਿੱਚ ਹੋਣ ਵਾਲੇ ਮੁਨਾਫ਼ੇ ਦੀ ਵਰਤੋਂ ਕਰਨ ਦਾ ਅਧਿਕਾਰ ਕਦੋਂ ਹੋਵੇਗਾ ? ਯੋਜਨਾ ਦੀ ਅਸਲ ਪ੍ਰਕਿਰਿਆ ਉਦੋਂ ਹੀ ਸਪੱਸ਼ਟ ਹੋਵੇਗੀ ਜਦੋਂ ਕੰਪਨੀ ਇਹਨਾਂ ਸਵਾਲਾਂ ’ਤੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰੇਗੀ।

ਜੇਕਰ ਐਲੋਨ ਮਸਕ ਦੀ ਘੋਸ਼ਣਾ ਪੂਰੀ ਤਰ੍ਹਾਂ ਲਾਗੂ ਹੋ ਜਾਂਦੀ ਹੈ, ਤਾਂ ਇਹ ਵੱਡੇ ਪੱਧਰ ’ਤੇ ਸ਼ੇਅਰਾਂ ਨੂੰ ਵੰਡਣ ਲਈ ਇੱਕ ਅਸਾਧਾਰਨ ਪਹਿਲ ਹੋਵੇਗੀ। ਹਾਲਾਂਕਿ, ਹੁਣ ਲਈ, ਇਸਨੂੰ ਸਿਰਫ ਇੱਕ ਐਲਾਨੀ ਯੋਜਨਾ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਸ਼ੇਅਰਾਂ ਦੇ ਅਸਲ ਤਬਾਦਲੇ, ਯੋਗਤਾ ਅਤੇ ਸਮਾਂ-ਸੀਮਾਵਾਂ ਬਾਰੇ ਅਧਿਕਾਰਤ ਵੇਰਵੇ ਅਜੇ ਸਾਹਮਣੇ ਨਹੀਂ ਆਏ ਹਨ। ਇਸ ਲਈ 1.02 ਲੱਖ ਕਰੋੜ ਦੇ ਅੰਕੜੇ ਨੂੰ ਸੰਭਾਵੀ ਸ਼ੇਅਰ ਕੀਮਤਾਂ ਦੇ ਆਧਾਰ ’ਤੇ ਇੱਕ ਅਨੁਮਾਨ ਮੰਨਿਆ ਜਾਣਾ ਚਾਹੀਦਾ ਹੈ, ਨਾ ਕਿ ਇੱਕ ਪੂਰਾ ਦਾਨ।

***

## ਕਾਰਪੋਰੇਟ ਮੁਨਾਫ਼ਾਖ਼ੋਰੀ ਵਿਰੁੱਧ ਯੂਰੋਪ

ਆਮਦਨ ਦੀ ਖੜੋਤ ਲੋਕਾਂ ਅੰਦਰ ਚੁੱਪ-ਚਪੀਤੇ ਇੱਕ ਵੱਡਾ ਗੁੱਸਾ ਪੈਦਾ ਕਰ ਰਹੀ ਹੈ। ਭਾਰਤ ਵਿੱਚ ਅਜਿਹਾ ਜਨਤਕ ਰੋਸ ਸੜਕਾਂ ’ਤੇ ਹਿੰਸਾ ਦੀ ਥਾਂ ਕਿਸਾਨੀ ਮੋਰਚਿਆਂ, ਮਜ਼ਦੂਰ ਹੜਤਾਲਾਂ ਅਤੇ ਵੋਟ ਦੀ ਤਾਕਤ ਰਾਹੀਂ ਪ੍ਰਗਟ ਹੁੰਦਾ ਹੈ, ਜੋ ਆਉਣ ਵਾਲੇ ਸਮੇਂ ਵਿਚ ਸ਼ਾਸਕ ਧਿਰਾਂ ਲਈ ਗੰਭੀਰ ਚੋਣ ਚੁਣੌਤੀਆਂ ਖੜ੍ਹੀਆਂ ਕਰ ਸਕਦਾ ਹੈ।

ਆਰਥਿਕ ਮਾਹਿਰਾਂ ਅਨੁਸਾਰ ਇਸ ਡੂੰਘੇ ਸੰਕਟ ਵਿੱਚੋਂ ਨਿਕਲਣ ਲਈ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਨਵ-ਉਦਾਰਵਾਦੀ ਨੀਤੀਆਂ ਦੀ ਅੰਨ੍ਹੀ ਦੌੜ ਛੱਡ ਕੇ ਨਵੇਂ ਸਿਰਿਓਂ ਲੋਕ-ਪੱਖੀ ਰਾਹ ਚੁਣਨਾ ਪਵੇਗਾ। ਸਭ ਤੋਂ ਪਹਿਲਾ ਅਤੇ ਜ਼ਰੂਰੀ ਕਦਮ ਕੌਮਾਂਤਰੀ ਜੰਗਾਂ ਨੂੰ ਰੋਕਣਾ ਹੈ, ਤਾਂ ਜੋ ਅਰਬਾਂ ਡਾਲਰ ਦੇ ਜੰਗੀ ਖ਼ਰਚਿਆਂ ਦੀ ਥਾਂ ਉਹ ਪੂੰਜੀ ਆਮ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਅਤੇ ਲੋਕ ਭਲਾਈ ਲਈ ਵਰਤੀ ਜਾ ਸਕੇ। ਦੂਜਾ, ਸੰਕਟ ਦੇ ਸਮੇਂ ਬੇਲੋੜਾ ਮੁਨਾਫ਼ਾ ਕਮਾ ਰਹੇ ਤੇਲ, ਖੁਰਾਕ ਅਤੇ ਰੀਅਲ ਅਸਟੇਟ ਕਾਰਪੋਰੇਟ ਘਰਾਣਿਆਂ ’ਤੇ ਭਾਰੀ ਟੈਕਸ ਲਗਾਇਆ ਜਾਵੇ। ਤੀਜਾ, ਮਕਾਨਾਂ ਦੇ ਕਿਰਾਏ ਅਤੇ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਵਸਤਾਂ ’ਤੇ ਸਖ਼ਤ ਸਰਕਾਰੀ ਨਿਯੰਤਰਣ ਕਾਇਮ ਕਰਕੇ ਲੋਕਾਂ ਦੀ ਖ਼ਰੀਦ ਸ਼ਕਤੀ ਦੇ ਮੁਤਾਬਕ ਘੱਟੋ-ਘੱਟ ਮਜ਼ਦੂਰੀ ਵਿਚ ਵਾਧਾ ਕੀਤਾ ਜਾਵੇ। ਜੇਕਰ ਲੋਕ-ਪੱਖੀ ਆਰਥਿਕ ਸੁਧਾਰ ਨਾ ਕੀਤੇ ਗਏ, ਤਾਂ ਸੰਸਾਰ ਭਰ ਵਿੱਚ ਲੋਕਤੰਤਰੀ ਢਾਂਚਾ ਅਸਥਿਰਤਾ ਅਤੇ ਵੱਡੇ ਸੰਕਟ ਵੱਲ ਧੱਕਿਆ ਜਾਵੇਗਾ।

***

## ਹਿੰਸਾ ਨੂੰ ਰੋਕਣ ਲਈ ਫਰਾਂਸ ਦੇ ਕਈ

ਕਾਰਵਾਈ ਨੂੰ ‘ਢਿੱਲਾ’ ਦੱਸਦਿਆਂ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਅਜਿਹਾ ਲੱਗ ਰਿਹਾ ਸੀ ਜਿਵੇਂ ਦੇਸ਼ ਵਿੱਚ ਪੁਲਿਸ ਮੌਜੂਦ ਹੀ ਨਾ ਹੋਵੇ। ਫਰਾਂਸੀਸੀ ਅਖਬਾਰ ‘ਲੇ ਮੋਂਡੇ’ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਇਨ੍ਹਾਂ ਹਿੰਸਕ ਪ੍ਰਦਰਸ਼ਨਾਂ ਲਈ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

### ਗ੍ਰਹਿ ਮੰਤਰੀ ਨੇ ਸੁਰੱਖਿਆ ਪ੍ਰਬੰਧਾਂ ’ਚ ਕਮੀਆਂ ਨੂੰ ਕੀਤਾ ਸਵੀਕਾਰ

‘ਐਸੋਸੀਏਟਿਡ ਪ੍ਰੈੱਸ’ ਅਨੁਸਾਰ, ਹਿੰਸਾ ਨੂੰ ਰੋਕਣ ਵਿੱਚ ਅਸਫਲ ਰਹਿਣ ਤੋਂ ਬਾਅਦ ਗ੍ਰਹਿ ਮੰਤਰੀ ਲੌਰੈਂਟ ਨੂਨੇਜ਼ ਨੇ ਆਪਣਾ ਅਸਤੀਫਾ ਪੇਸ਼ ਕੀਤਾ ਸੀ, ਪਰ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਨੂਨੇਜ਼ ਨੇ ਮੰਨਿਆ ਕਿ ਕੁਝ ਵੱਡੇ ਸ਼ਹਿਰਾਂ ਵਿੱਚ ਪੁਲਿਸ ਸਥਿਤੀ ’ਤੇ ਆਪਣਾ ਕਾਬੂ ਗੁਆ ਚੁੱਕੀ ਸੀ। ਸਰਕਾਰ ਨੇ ਖੁਫੀਆ ਜਾਣਕਾਰੀ ਇਕੱਠੀ ਕਰਨ ਅਤੇ ਹਿੰਸਾ ਦੇ ਅੰਦਾਜ਼ੇ ਲਗਾਉਣ ਵਿੱਚ ਰਹੀਆਂ ਕਮੀਆਂ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ।

ਪ੍ਰਦਰਸ਼ਨਾਂ ਨੂੰ ਤੇਜ਼ ਕਰਨ ਦੀਆਂ ਤਿਆਰੀਆਂ ਸਰਕਾਰ ਨੇ ਹਿੰਸਾ ਲਈ ਕੱਟੜ ਖੱਬੇ ਪੱਖੀ ਸਮੂਹਾਂ ਅਤੇ ਲੁੱਟ-ਮਾਰ ਕਰਨ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਹਾਲਾਂਕਿ, ਸ਼ਾਂਤਮਈ ਪ੍ਰਦਰਸ਼ਨਕਾਰੀਆਂ ਦੀਆਂ ਮੰਗਾਂ ਮੁੱਖ ਤੌਰ ’ਤੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਅਤੇ ਮਹਿੰਗਾਈ ਤੋਂ ਰਾਹਤ ’ਤੇ ਕੇਂਦਰਿਤ ਹਨ। ਵਿਰੋਧੀ ਧਿਰ ਨੇ ਸੁਰੱਖਿਆ ਪ੍ਰਬੰਧਾਂ ’ਤੇ ਸਵਾਲ ਚੁੱਕੇ ਹਨ। ਇਸ ਦੌਰਾਨ ਵਿਦਿਆਰਥੀ ਜਥੇਬੰਦੀਆਂ ਅਤੇ ਮਜ਼ਦੂਰ ਯੂਨੀਅਨਾਂ ਨੇ ਕਿਹਾ ਹੈ ਕਿ ਉਹ ਇਸ ਅੰਦੋਲਨ ਨੂੰ ਜਾਰੀ ਰੱਖਣਗੇ। ਵਧ ਰਹੇ ਬਜਟ ਘਾਟੇ ਅਤੇ ਸੰਸਦ ਵਿੱਚ ਬਣੇ ਸਿਆਸੀ ਖੜੋਤ ਦੇ ਵਿਚਕਾਰ ਇਹ ਸੰਕਟ ਮੈਕਰੋਨ ਪ੍ਰਸ਼ਾਸਨ ਲਈ ਇੱਕ ਨਵੀਂ ਚੁਣੌਤੀ ਵਜੋਂ ਉਭਰਿਆ ਹੈ।

***

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**